@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Saturday, 20 December 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ਨੀਵਾਰ 20 ਦਸੰਬਰ 2025, 6 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 46, qpatrika@gmail.com ਫੋਨ : 9971359517 www.qaumipatrika.org

## 350 ਸਾਲਾ ਸ਼ਹੀਦੀ ਦਿਹਾੜੇ ’ਤੇ ਸਮਾਗਮਾਂ ਲਈ ਮੁੱਖ ਮੰਤਰੀ ਰੇਖਾ ਗੁਪਤਾ ਤੇ ਮਨਜਿੰਦਰ ਸਿਰਸਾ ਨੂੰ ਕੀਤਾ ਸਨਮਾਨਿਤ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਅੰਮ੍ਰਿਤਸਰ 19 ਦਸੰਬਰ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ’ਤੇ ਲਾਲ ਕਿਲੇ ’ਤੇ ਵਿਸ਼ਾਲ ਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਉਣ ਲਈ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਤੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮਾਤਾ ਸੁੰਦਰੀ ਕਾਲਜ ਫਾਰ ਵੂਮੈਨ (ਦਿੱਲੀ ਯੂਨੀਵਰਸਿਟੀ) ਦੇ ਮਾਤਾ ਸਾਹਿਬ ਕੌਰ ਆਡੀਟੋਰੀਅਮ ਵਿਚ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਸਾਨੂੰ ਇਸ ਗੱਲ ’ਤੇ ਮਾਣ ਹੈ ਕਿ ਦਿੱਲੀ ਸਰਕਾਰ ਨੇ ਰੇਖਾ ਗੁਪਤਾ ਦੀ ਅਗਵਾਈ ਹੇਠ ਇਸ ਇਤਿਹਾਸਕ ਦਿਹਾੜੇ ’ਤੇ ਲਾਲ ਕਿਲੇ ’ਤੇ ਵਿਸ਼ਾਲ ਤੇ ਪ੍ਰਭਾਵਸ਼ਾਲੀ ਸਮਾਗਮ ਆਯੋਜਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਇਹ ਸਮਾਗਮ ਆਯੋਜਿਤ ਕਰ ਕੇ ਇਤਿਹਾਸ ਸਿਰਜ ਦਿੱਤਾ ਹੈ। ਸਮਾਗਮ ਵਿਚ ਕਿਸੇ ਵੀ ਤਰੀਕੇ ਦੀ ਕੋਈ ਵੀ ਘਾਟ ਨਹੀਂ ਰਹੀ। ਇਸ ਸਮਾਗਮ ਦੀ ਬਦੌਲਤ ਗੁਰੂ ਤੇਗ ਬਹਾਦਰ ਸਾਹਿਬ ਦਾ ਸੰਦੇਸ਼ ਦਿੱਲੀ ਅਤੇ ਦੇਸ਼ ਵਿਦੇਸ਼ ਵਿਚ ਘਰ-ਘਰ ਪਹੁੰਚਿਆ ਗਿਆ ਹੈ। ਉਨ੍ਹਾਂ ਸਿੱਖ ਕੌਮ ਦੀਆਂ



ਸਮੁੱਚੀਆਂ ਜਥੇਬੰਦੀਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਸਮਾਗਮ ਲਈ ਸਹਿਯੋਗ ਦਿੱਤਾ ਤੇ ਰੇਖਾ ਗੁਪਤਾ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਦਾ ਵੀ ਧੰਨਵਾਦ ਕੀਤਾ ਹੈ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਰੇਖਾ ਗੁਪਤਾ ਨੇ ਸਰਕਾਰ ਦੇ ਸਨਮਾਨ ਲਈ ਦਿੱਲੀ ਗੁਰਦੁਆਰਾ ਕਮੇਟੀ ਦਾ ਧੰਨਵਾਦ ਕੀਤਾ ਪਰ ਨਾਲ ਹੀ ਕਿਹਾ ਕਿ ਇਹ ਦਿਹਾੜਾ ਮਨਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਸੀ। ਉਨ੍ਹਾਂ ਕਿਹਾ ਕਿ ਉਹ ਅਤੇ ਉਨ੍ਹਾਂ ਦੀ ਸਰਕਾਰ ਹਮੇਸ਼ਾ ਹੀ ਸਿੱਖਾਂ ਨੂੰ ਦਰਪੇਸ਼ ਮਸਲਿਆਂ ਵਾਸਤੇ ਉਪੱਲਬਧ ਹਨ। ਸਮਾਗਮ ਨੂੰ ਸੰਬੋਧਨ ਕਰਦਿਆਂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਉਹ ਸਿੱਖ ਕੌਮ ਦੇ ਸਾਰੇ ਮੈਂਬਰਾਂ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਮੁੱਖ ਮੰਤਰੀ ਰੇਖਾ ਗੁਪਤਾ ਦੀ ਅਗਵਾਈ ਹੇਠਲੀ ਦਿੱਲੀ ਸਰਕਾਰ ਵੱਲੋਂ ਸਿੱਖਾਂ ਦੇ ਦਿਹਾੜੇ ਮਨਾਉਣ ਵਿਚ ਭਰਪੂਰ ਸਹਿਯੋਗ ਦਿੱਤਾ। ਇਸ ਮੌਕੇ ਦਿੱਲੀ ਗੁਰਦੁਆਰਾ ਕਮੇਟੀ ਦੇ ਸੀਨੀਅਰ ਉਪ ਪ੍ਰਧਾਨ ਹਰਵਿੰਦਰ ਸਿੰਘ ਕੇ. ਪੀ., ਉਪ ਪ੍ਰਧਾਨ ਆਤਮਾ ਸਿੰਘ ਲੁਭਾਣਾ, ਐੱਮ. ਪੀ. ਐੱਸ. ਚੱਢਾ ਅਤੇ ਤਰਵਿੰਦਰ ਸਿੰਘ ਮਾਰਵਾਹ ਵੀ ਹਾਜ਼ਰ ਸਨ। ਮੰਚ ਸੰਚਾਲਨ ਧਰਮ ਪ੍ਰਚਾਰ ਕਮੇਟੀ ਦੇ ਜਸਪ੍ਰੀਤ ਸਿੰਘ ਕਰਮਸਰ ਨੇ ਕੀਤਾ।

## ‘ਜੀ ਰਾਮ ਜੀ’ ਬਿੱਲ ਨਾਲ ਖ਼ਤਮ ਹੋ ਜਾਵੇਗਾ ਮਨਰੇਗਾ : ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ 19 ਦਸੰਬਰ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਲੋਕ ਸਭਾ ਵਲੋਂ ’ਵਿਕਸਿਤ ਭਾਰਤ- ਜੀ ਰਾਮ ਜੀ ਬਿੱਲ, 2025’ ਪਾਸ ਹੋਣ ਤੋਂ ਬਾਅਦ ਦੋਸ਼ ਲਗਾਇਆ ਕਿ ਇਸ ਨਾਲ ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਖ਼ਤਮ ਹੋ ਜਾਵੇਗਾ ਅਤੇ ਇਹ ਮਜ਼ਦੂਰਾਂ ਖ਼?ਲਾਫ਼ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਵਿਰੋਧੀ ਧਿਰ ਸਰਕਾਰ ਦੇ ਇਸ ਕਦਮ ਦਾ ਵਿਰੋਧ ਕਰਨਗੇ। ਲੋਕ ਸਭਾ ’ਚ ਵੀਰਵਾਰ ਨੂੰ ਵਿਰੋਧੀ ਧਿਰ ਦੇ ਵਿਰੋਧ ਵਿਚਾਲੇ ’ਵਿਕਸਿਤ ਭਾਰਤ-ਜੀ ਰਾਮ ਜੀ ਬਿੱਲ, 2025’ ਨੂੰ ਪਾਸ ਕਰ ਦਿੱਤਾ। ਪ੍ਰਿਯੰਕਾ ਗਾਂਧੀ ਨੇ ਸੰਸਦ ਕੰਪਲੈਕਸ ’ਚ ਕਿਹਾ,’’ਇਸ ਬਿੱਲ ਨਾਲ



ਮਨਰੇਗਾ ਖ਼ਤਮ ਹੋਣ ਜਾ ਰਿਹਾ ਹੈ। ਅਸੀਂ ਇਸ ਬਿੱਲ ਦਾ ਪੂਰੀ ਤਰ੍ਹਾਂ ਨਾਲ ਵਿਰੋਧ ਕਰਾਂਗੇ। ਇਸ ’ਤੇ ਸਾਰੀਆਂ ਵਿਰੋਧੀ ਪਾਰਟੀਆਂ ਸਹਿਮਤ ਹਾਂ।’’ ਉਨ੍ਹਾਂ ਦਾਅਵਾ ਕੀਤਾ ਕਿ 100 ਦਿਨ ਤੋਂ 125 ਦਿਨ ਦੀ ਮਜ਼ਦੂਰੀ ਵਾਲੀ ਗੱਲ ਸਿਰਫ਼ ਇਕ ਚਾਲਾਕੀ ਹੈ, ਕਿਉਂਕਿ ਬਿੱਲ ਪੜ੍ਹਨ ’ਤੇ ਕਿਸੇ ਨੂੰ ਵੀ ਇਸ ਸਮਝ ਆ ਜਾਵੇਗਾ ਕਿ ਮਨਰੇਗਾ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਪ੍ਰਿਯੰਕਾ ਗਾਂਧੀ ਨੇ ਕਿਹਾ,’’ਜਿਵੇਂ ਹੀ ਬਜਟ ਦਾ ਬੋਝ ਸੂਬਾ ਸਰਕਾਰ ’ਤੇ ਪਵੇਗਾ, ਵੈਸੇ ਹੀ ਹੌਲੀ-ਹੌਲੀ ਮਨਰੇਗਾ ਬੰਦ ਹੋ ਜਾਵੇਗਾ, ਕਿਉਂਕਿ ਸੂਬਿਆਂ ਕੋਲ ਪੈਸੇ ਨਹੀਂ ਹਨ।’’ ਉਨ੍ਹਾਂ ਦਾ ਕਹਿਣਾ ਸੀ ਕਿ ਮਨਰੇਗਾ ਯੋਜਨਾ ਦੇਸ਼ ਦੇ ਗਰੀਬ ਤੋਂ ਗਰੀਬ ਲੋਕਾਂ ਲਈ ਰੁਜ਼ਗਾਰ ਦਾ ਸਹਾਰਾ ਸੀ, ਜੋ ਕੋਰੋਨਾ ਵਰਗੀਆਂ ਮੁਸ਼ਕਲ ਸਥਿਤੀਆਂ ’ਚ ਵੀ ਉਨ੍ਹਾਂ ਨਾਲ ਸੀ। ਉਨ੍ਹਾਂ ਕਿਹਾ,’’ਬਿੱਲ ਗਰੀਬਾਂ, ਮਜ਼ਦੂਰਾਂ ਦੇ ਖ਼?ਲਾਫ਼ ਹੈ, ਅਸੀਂ ਇਸ ਦਾ ਸਖ਼ਤ ਵਿਰੋਧ ਕਰਾਂਗੇ।’’

## ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ

ਚੰਡੀਗੜ੍ਹ 19 ਦਸੰਬਰ। 8 ਸਾਲ ਪੁਰਾਣੇ ਮਾਨਹਾਨੀ ਮਾਮਲੇ ’ਚ ਚੰਡੀਗੜ੍ਹ ਜ਼ਿਲ੍ਹਾ ਅਦਾਲਤ ਨੇ ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ



ਸਾਬਕਾ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਜ਼ਮਾਨਤ ਅਰਜ਼ੀ ਰੱਦ ਕਰਦਿਆਂ ਉਨ੍ਹਾਂ ਖ਼?ਲਾਫ਼ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ। ਉਨ੍ਹਾਂ ਦੇ ਅਦਾਲਤ ’ਚ ਪੇਸ਼ ਨਾ ਹੋਣ ’ਤੇ ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟ?ਰੇਟ ਰਾਹੁਲ ਗਰਗ ਦੀ ਅਦਾਲਤ ਨੇ ਇਹ ਕਾਰਵਾਈ ਕੀਤੀ। ਇਹ ਮਾਮਲਾ 2017 ’ਚ ਅਖੰਡ ਕੀਰਤਨੀ ਜਥੇ ਦੇ ਬੁਲਾਰੇ ਤੇ ਮੋਹਾਲੀ ਵਾਸੀ ਰਾਜਿੰਦਰ ਪਾਲ ਸਿੰਘ ਵੱਲੋਂ ਦਾਇਰ ਸ਼ਿਕਾਇਤ ਨਾਲ ਜੁੜਿਆ ਹੈ। ਕੇਸ ਆਈ. ਪੀ. ਸੀ. ਦੀ ਧਾਰਾ 499 (ਮਾਨਹਾਨੀ) ਤਹਿਤ ਦਰਜ ਕੀਤਾ ਗਿਆ ਹੈ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਦੀ ਤਰੀਕ 9 ਜਨਵਰੀ 2026 ਤੈਅ ਕੀਤੀ ਹੈ।

## ਹਰਿਆਣਾ ਵਿਧਾਨ ਸਭਾ ’ਚ ਮੁੱਖ ਮੰਤਰੀ ਸੈਣੀ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਕੀਤਾ ਨਮਨ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 19 ਦਸੰਬਰ। ਹਰਿਆਣਾ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਮਨਾਉਣ ਸਬੰਧੀ ਲਿਆਂਦੇ ਗਏ ਸਰਕਾਰੀ ਮਤੇ ’ਤੇ ਸਦਨ ਨੂੰ ਸੰਬੋਧਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਉਨ੍ਹਾਂ ਦਾ ਬਲੀਦਾਨ ਭਾਰਤੀ ਸੱਭਿਅਤਾ ਦੀ ਆਤਮਾ ਦਾ ਪ੍ਰਤੀਕ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗੁਰੂ ਜੀ ਨੇ ਧਰਮ ਅਤੇ ਮਨੁੱਖਤਾ ਦੀ ਰੱਖਿਆ ਲਈ ਅੱਤਿਆਚਾਰ ਦੇ ਵਿਰੁੱਧ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ ਪਰ ਉਹ ਕਦੇ ਵੀ ਅਨਿਆਂ ਅਤੇ ਅਧਰਮ ਅੱਗੇ ਨਹੀਂ ਝੁਕੇ। ਮੁੱਖ ਮੰਤਰੀ ਸੈਣੀ ਨੇ ਸਦਨ ਨੂੰ ਦੱਸਿਆ ਕਿ ਅਗਸਤ 2025 ਵਿੱਚ ਇਸ ਮਹਾਨ ਸਦਨ ’ਚ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲਿਦਾਨ ਦਿਵਸ ਨੂੰ ਮਨਾਉਣ ਦਾ ਸਰਬਸੰਮਤੀ ਨਾਲ ਸੰਕਲਪ ਲਿਆ ਗਿਆ ਸੀ। ਇਸ ਸੰਕਲਪ ਦੇ ਅਨੁਸਾਰ ਸੂਬਾ ਸਰਕਾਰ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮਿਲ ਕੇ ਪੂਰੇ ਸੂਬੇ ’ਚ ਕਈ ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਕੀਤੇ। ਪ੍ਰਧਾਨ ਮੰਤਰੀ ਦੀ ਸ਼ਮੂਲੀਅਤ ਅਤੇ ਸਨਮਾਨ 3 ਨਵੰਬਰ ਨੂੰ ਚੰਡੀਗੜ੍ਹ ਵਿੱਚ ਸਰਬ-ਦਲੀ ਬੈਠਕ ਬੁਲਾਈ ਗਈ ਸੀ ਤਾਂ ਜੋ ਇਸ ਸਮਾਰੋਹ ਲਈ ਆਮ ਸਹਿਮਤੀ ਬਣਾਈ ਜਾ ਸਕੇ। ਇਸ ਤੋਂ ਬਾਅਦ 25 ਨਵੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਵਿਸ਼ਾਲ ਸਮਾਗਮ ਵਿੱਚ ਪਹੁੰਚ ਕੇ ਗੁਰੂ ਜੀ ਨੂੰ ਨਮਨ ਕੀਤਾ। ਇਸੇ ਦਿਨ ਪ੍ਰਧਾਨ ਮੰਤਰੀ ਨੇ ਅੰਤਰਰਾਸ਼ਟਰੀ ਗੀਤਾ ਮਹੋਤਸਵ ਵਿੱਚ



ਮਹਾਭਾਰਤ ਦੀ ਥੀਮ ’ਤੇ ਅਧਾਰਿਤ ਅਨੁਭਵ ਕੇਂਦਰ ਤੇ ਭਗਵਾਨ ਕ੍ਰਿਸ਼ਨ ਦੇ ਪਵਿੱਤਰ ਸ਼ੰਖ ਦੇ ਨਾਮ ’ਤੇ ਪੰਚਜਨਯ ਸਮਾਰਕ ਦਾ ਵੀ ਉਦਘਾਟਨ ਕੀਤਾ। ਪ੍ਰਧਾਨ ਮੰਤਰੀ ਨੇ 30 ਨਵੰਬਰ ਨੂੰ ਆਪਣੇ ’ਮਨ ਕੀ ਬਾਤ’ ਪ੍ਰੋਗਰਾਮ ਵਿੱਚ ਅਨੁਭਵ ਕੇਂਦਰ ਦੀ ਵੀ ਪ੍ਰਸ਼ੰਸਾ ਕੀਤੀ। ਮੁੱਖ ਮੰਤਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਮੋਦੀ ਦੁਆਰਾ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਸਮਾਰਕ ਸਿੱਕਾ, ਡਾਕ ਟਿਕਟ ਅਤੇ ਕੌਫੀ ਟੇਬਲ ਬੁੱਕ ਵੀ ਜਾਰੀ ਕੀਤੀ ਗਈ। ਮੁੱਖ ਪ੍ਰਾਪਤੀਆਂ ਅਤੇ ਐਲਾਨ ਮੁੱਖ ਮੰਤਰੀ ਸੈਣੀ ਨੇ ਦੱਸਿਆ ਕਿ ਇਸ ਮੌਕੇ ਸੂਬੇ ਭਰ ਵਿੱਚ 350 ਖੂਨਦਾਨ ਕੈਂਪ ਲਗਾਏ ਗਏ, ਜਿਨ੍ਹਾਂ ਵਿੱਚੋਂ 23 ਹਜ਼ਾਰ ਤੋਂ ਵੱਧ ਯੂਨਿਟ ਖੂਨ ਇਕੱਤਰ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲਾਂ ਵਿੱਚ ਲੇਖ ਤੇ ਕਹਾਣੀ ਲੇਖਣ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਸਾਢੇ ਤਿੰਨ ਲੱਖ ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਕਰਨਾਲ ਵਿੱਚ ਆਯੋਜਿਤ ’ਹਿੰਦ ਦੀ ਚਾਦਰ’ ਮੈਰਾਥਨ ਵਿੱਚ ਵੀ ਲਗਭਗ 80 ਹਜ਼ਾਰ ਦੌੜਾਕਾਂ ਨੇ ਹਿੱਸਾ ਲਿਆ। ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦਰਸ਼ਨ ਅਤੇ ਕਾਰਜਾਂ ’ਤੇ ਚੇਅਰ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਹੈ। ਗਵਰਨਮੈਂਟ ਪੌਲੀਟੈਕਨਿਕ ਅੰਬਾਲਾ ਦਾ ਨਾਮ ਗੁਰੂ ਤੇਗ ਬਹਾਦਰ ਜੀ ਦੇ ਨਾਮ ’ਤੇ ਰੱਖਿਆ ਗਿਆ ਹੈ। ਬਲੀਦਾਨੀਆਂ ਨੂੰ ਸ਼ਰਧਾਂਜਲੀ ਮੁੱਖ ਮੰਤਰੀ ਨੇ ਬੜਖਾਲਸਾ ’ਚ ਦਾਦਾ ਕੁਸ਼ਾਲ ਸਿੰਘ ਦਹਿਆ ਦੇ ਬਲੀਦਾਨ ਸਥਲ ’ਤੇ ਹੋਏ ਰਾਜ ਪੱਧਰੀ ਸਮਾਰੋਹ ਦਾ ਜ਼ਿਕਰ ਕੀਤਾ, ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਸੀਸ ਨੂੰ ਆਨੰਦਪੁਰ ਸਾਹਿਬ ਪਹੁੰਚਾਉਣ ਲਈ ਆਪਣੇ ਸੀਸ ਦੀ ਕੁਰਬਾਨੀ ਦਿੱਤੀ ਸੀ।

## ਦਿੱਲੀ ਬੰਬ ਧਮਾਕੇ ਮਾਮਲੇ ’ਚ ਐਨਆਈਏ ਨੂੰ ਵੱਡੀ ਸਫਲਤਾ

ਨੈਸ਼ਨ ਡੈਸਕ 19 ਦਸੰਬਰ। ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਵੀਰਵਾਰ ਨੂੰ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਪਿਛਲੇ ਮਹੀਨੇ ਹੋਏ ਕਾਰ ਬੰਬ ਧਮਾਕੇ ਦੇ ਸਬੰਧ ਵਿੱਚ ਜੰਮੂ-ਕਸ਼ਮੀਰ ਤੋਂ ਇੱਕ ਹੋਰ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਵਿੱਚ 11 ਲੋਕ ਮਾਰੇ ਗਏ ਸਨ ਤੇ ਕਈ ਹੋਰ ਜ਼ਖਮੀ ਹੋ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤਾ ਗਿਆ ਵਿਅਕਤੀ ਇਸ ਮਾਮਲੇ ਵਿੱਚ ਹੁਣ ਤੱਕ ਗ੍ਰਿਫ਼ਤਾਰ ਕੀਤਾ ਗਿਆ ਨੌਵਾਂ ਮੁਲਜ਼ਮ ਹੈ। ਮੁਲਜ਼ਮ ਦੀ ਪਛਾਣ ਯਾਸਿਰ ਅਹਿਮਦ ਡਾਰ ਵਜੋਂ ਹੋਈ ਹੈ, ਜੋ ਕਿ ਜੰਮੂ-ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਉਸਨੂੰ ਨਵੀਂ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਸ ’ਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏ(ਪੀ) ਐਕਟ), 1967 ਅਤੇ ਭਾਰਤੀ ਦੰਡ ਸੰਹਿਤਾ (ਆਈਪੀਸੀ), 2023 ਦੀਆਂ ਸੰਬੰਧਿਤ ਧਾਰਾਵਾਂ ਤਹਿਤ ਆਰਸੀ-21/2025/ ਐਨਆਈਏ/ ਡੀਐਲਆਈ ਕੇਸ ਦਰਜ ਕੀਤਾ ਗਿਆ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਐਨਆਈਏ ਦੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਯਾਸਿਰ ਨੇ 10 ਨਵੰਬਰ ਨੂੰ ਰਾਸ਼ਟਰੀ ਰਾਜਧਾਨੀ ਵਿੱਚ ਹੋਏ ਕਾਰ ਬੰਬ ਧਮਾਕੇ ਪਿੱਛੇ ਸਾਜ਼ਿਸ਼ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ। ਬਿਆਨ ਵਿੱਚ ਅੱਗੇ ਕਿਹਾ ਗਿਆ ਹੈ ਕਿ ਯਾਸਿਰ, ਜਿਸਨੇ ਸਾਜ਼ਿਸ਼ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਸੀ, ਨੇ ਵਫ਼ਾਦਾਰੀ ਦੀ ਸਹੁੰ ਖਾਧੀ ਸੀ ਤੇ ਕਾਰਵਾਈ ਵਿੱਚ ਆਪਣੇ ਆਪ ਨੂੰ ਕੁਰਬਾਨ ਕਰਨ ਦੀ ਸਹੁੰ ਖਾਧੀ ਸੀ। ਬਿਆਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਯਾਸਿਰ ਬੰਬ ਧਮਾਕੇ ਦੇ ਦੋਸ਼ੀ ਉਮਰ ਉਨ ਨਬੀ ਅਤੇ ਮੁਫਤੀ ਇਰਫਾਨ ਸਮੇਤ ਹੋਰ ਦੋਸ਼ੀਆਂ ਨਾਲ ਨੇੜਲੇ ਸੰਪਰਕ ਵਿੱਚ ਸੀ। ਐਨਆਈਏ ਨੇ ਕਿਹਾ ਕਿ ਉਹ ਅੱਤਵਾਦੀ ਹਮਲੇ ਦੇ ਪਿੱਛੇ ਦੀ ਪੂਰੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਵੱਖ-ਵੱਖ ਕੇਂਦਰੀ ਅਤੇ ਰਾਜ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਏਜੰਸੀ ਨੇ ਜੰਮੂ-ਕਸ਼ਮੀਰ ਅਤੇ ਉੱਤਰ ਪ੍ਰਦੇਸ਼ ਵਿੱਚ ਕਈ ਦੋਸ਼ੀਆਂ ਅਤੇ ਸ਼ੱਕੀਆਂ ਦੇ ਅਹਾਤਿਆਂ ’ਤੇ ਵੱਡੇ ਪੱਧਰ ’ਤੇ ਤਲਾਸ਼ੀ ਲਈ, ਡਿਜੀਟਲ ਡਿਵਾਈਸਾਂ ਅਤੇ ਹੋਰ ਅਪਰਾਧਕ ਸਮੱਗਰੀ ਜ਼ਬਤ ਕੀਤੀ।

## ਪ੍ਰਦੂਸ਼ਣ ਨੂੰ ਲੈ ਕੇ ਚੀਨ ਨੇ ਭਾਰਤ ਨਾਲ ਸਾਂਝਾ ਕੀਤਾ ਅਨੁਭਵ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 19 ਦਸੰਬਰ। ਭਾਰਤ ’ਚ ਪ੍ਰਦੂਸ਼ਣ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰਦੀ ਨਜ਼ਰ ਆ ਰਹੀ ਹੈ। ਖਾਸ ਕਰਕੇ ਦਿੱਲੀ ਸ਼ਹਿਰ ’ਚ ਪ੍ਰਦੂਸ਼ਣ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਸਰਦੀਆਂ ਦੇ ਮੌਸਮ ’ਚ ਇਕ ਪਾਸੇ ਪ੍ਰਦੂਸ਼ਣ, ਦੂਜੇ ਪਾਸੇ ਧੁੰਦ ਅਤੇ ਕੋਹਰੇ ਕਾਰਨ ਜਨ-ਜੀਵਨ ਅਸਤ-ਵਿਅਸਤ ਹੋ ਜਾਂਦਾ ਹੈ। ਭਾਰਤ ’ਚ ਵੱਧਦੀ ਇਸ ਸਮੱਸਿਆ ਦੇ ਨਿਪਟਾਰੇ ਲਈ ਹਾਲ ਹੀ ’ਚ ਚੀਨੀ ਦੂਤਾਵਾਸ ਦੇ ਇਕ ਬੁਲਾਰੇ ਯੂ ਜਿੰਗ ਨੇ ਕਿਹਾ ਹੈ ਕਿ ਸੰਘਣੀ ਆਬਾਦੀ ਵਾਲੇ ਵਿਕਾਸਸ਼ੀਲ ਦੇਸ਼ਾਂ ਲਈ ਪ੍ਰਦੂਸ਼ਣ ਅਤੇ ਧੁੰਦ ਨਾਲ ਨਿਪਟਣਾ ਬੇਹੱਦ ਮੁਸ਼ਕਿਲ ਹੁੰਦਾ ਹੈ। ਦਰਅਸਲ ਕੁਝ ਸਮਾਂ ਪਹਿਲਾਂ ਚੀਨ ਦੀ ਰਾਜਧਾਨੀ ਦੁਨੀਆਂ ਦੀ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀਆਂ ਵਿਚੋਂ ਇਕ ਸੀ ਜਿਸਨੂੰ ’ਸਮੋਗ ਕੈਪੀਟਲ’ ਕਿਹਾ ਜਾਂਦਾ ਸੀ। ਰਾਜਧਾਨੀ ਵਿਚੋਂ ਇਸ ਸਮੱਸਿਆ ਨੂੰ ਖਤਮ ਕਰਨ ਲਈ ਕੁਝ ਸਖਤ ਕਦਮ ਉਠਾਏ ਸਨ ਤਾਂ ਜੋ ਰਾਜਧਾਨੀ ਵਿਚੋਂ ਪ੍ਰਦੂਸ਼ਣ ਖਤਮ ਕਰਕੇ ਹਵਾ ਸਾਫ ਕੀਤੀ ਜਾ ਸਕੇ। ਇਸ ਸੰਬੰਧ ’ਚ ਚੀਨ ਭਾਰਤ ਨਾਲ ਆਪਣੇ ਅਨੁਭਵ ਨੂੰ ਸਾਂਝਾ ਕਰਨ ਲਈ ਤਿਆਰ ਹੈ ਅਤੇ



ਭਾਰਤ ਨਾਲ ਮਿਲ ਕੇ ਚੀਨ ਪ੍ਰਦੂਸ਼ਣ ਵਰਗੀ ਸਮੱਸਿਆ ਨੂੰ ਖਤਮ ਕਰਨਾ ਚਾਹੁੰਦਾ ਹੈ। ਚੀਨ ਨੇ ਆਪਣਾ ਅਨੁਭਵ ਸਾਂਝਾ ਕਰਦੇ ਹੋਏ ਭਾਰਤ ਨੂੰ ’ਬੀਜਿੰਗ ਮਾਡਲ’ ਤੋਂ ਸਬਕ ਲੈਣ ਦੀ ਸਲਾਹ ਦਿੱਤੀ ਹੈ ਜਿਸ ’ਚ ਸਖਤ ਵਾਹਨ ਨਿਯਮ, ਉਦਯੋਗਾਂ ਦਾ ਸਥਾਨਾਂਤਰਨ ਅਤੇ ਜਨਤਕ ਆਵਾਜਾਈ ’ਤੇ ਜ਼ੋਰ ਦਿੱਤਾ ਹੈ। ਚੀਨ ਨੇ ਕਿਹਾ ਕਿ ਇਹ ਕੋਈ ’ਵਨ ਸਾਈਜ਼ ਫਿਟਸ ਆਲ’ ਹੱਲ ਨਹੀਂ ਹੈ। ਭਾਰਤ ਨੂੰ ਆਪਣੇ ਹਾਲਾਤਾਂ ਨੂੰ ਦੇਖ ਕੇ ਕੰਮ ਕਰਨਾ ਹੋਵੇਗਾ। ਭਾਰਤ ਅਤੇ ਹੋਰ ਗੁਆਂਢੀ ਰਾਜਾਂ ਵੱਲੋਂ ਪਰਾਲੀ ਜਲਾਉਣ ਕਰਕੇ ਦਿੱਲੀ ’ਚ ਪ੍ਰਦੂਸ਼ਣ ਵੱਧਦਾ ਜਾ ਰਿਹਾ ਹੈ। ਚੀਨ ਅਤੇ ਭਾਰਤ ’ਚ ਪ੍ਰਦੂਸ਼ਣ ਵਧਣ ਦੇ ਅਲੱਗ-ਅਲੱਗ ਕਾਰਨ ਹੋਣ ਕਰਕੇ ਚੀਨ ਨੇ ਭਾਰਤ ਨੂੰ ਇਸ ਸਮੱਸਿਆ ਦੇ ਹੱਲ ਲਈ ਪ੍ਰਦੂਸ਼ਣ ਵਧਾਉਣ ਵਾਲੇ ਪੁਰਾਣੇ ਵਾਹਨਾਂ ’ਤੇ ਪਾਬੰਦੀਆਂ ਲਗਾ ਕੇ ਇਲੈਕਟ੍ਰਿਕ ਵਾਹਨਾਂ ਨੂੰ ਵਧਾਉਣ ਲਈ ਆਪਣਾ ਅਨੁਭਵ ਸਾਂਝਾ ਕਰਦਿਆਂ ਭਾਰਤ ਨੂੰ ਸਖਤ ਕਦਮ ਉਠਾਉਣ ਲਈ ਵੀ ਆਖਿਆ।

## ਬੰਗਾਲ ’ਚ ਬਦਲਿਆ ਜੌਬ ਸਕੀਮ ਦਾ ਨਾਮ !

ਨੈਸ਼ਨਲ ਡੈਸਕ 19 ਦਸੰਬਰ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੂਬੇ ਦੀ ਗ੍ਰਾਮੀਣ ਜੌਬ ਗਾਰੰਟੀ ਸਕੀਮ ’ਕਰਮਸ਼੍ਰੀ’ ਦਾ ਨਾਂ ਬਦਲ ਕੇ ’ਮਹਾਤਮਾ ਗਾਂਧੀ’ ਦੇ ਨਾਂ ’ਤੇ ਰੱਖਣ ਦਾ ਵੱਡਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਇਹ ਫੈਸਲਾ ਉਸ ਸਮੇਂ ਕੀਤਾ ਹੈ, ਜਦੋਂ ਕੇਂਦਰ ਸਰਕਾਰ ਦੁਆਰਾ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਐਂਪਲਾਇਮੈਂਟ ਗਾਰੰਟੀ ਐਕਟ, 2005 ਨੂੰ ’ਵਿਕਸਿਤ ਭਾਰਤ-ਰੋਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ)’ ਬਿੱਲ ਨਾਲ ਬਦਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਮਤਾ ਬੈਨਰਜੀ ਨੇ ਇੱਕ ਬਿਜ਼ਨਸ ਅਤੇ ਇੰਡਸਟਰੀ ਕੌਨਕਲੇਵ ਵਿੱਚ ਬੋਲਦਿਆਂ ਕਿਹਾ ਕਿ ਜੇ ਕੁਝ ਸਿਆਸੀ ਪਾਰਟੀਆਂ ਸਾਡੇ ਰਾਸ਼ਟਰੀ ਆਈਕਾਨ ਦਾ ਸਨਮਾਨ ਨਹੀਂ ਕਰਦੀਆਂ, ਤਾਂ ਇਹ ਸ਼ਰਮ ਦੀ ਗੱਲ ਹੈ। ਉਨ੍ਹਾਂ ਨੇ ਭਾਜਪਾ ਦਾ ਸਿੱਧਾ ਨਾਂ ਲਏ ਬਿਨਾਂ ਨਿਸ਼ਾਨਾ ਸਾਧਿਆ ਅਤੇ ਦੁੱਖ ਪ੍ਰਗਟਾਇਆ ਕਿ NREGA ਪ੍ਰੋਗਰਾਮ ਤੋਂ ਮਹਾਤਮਾ ਗਾਂਧੀ ਦਾ ਨਾਂ ਹਟਾਉਣ ਦਾ ਫੈਸਲਾ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ, ਮੈਨੂੰ ਸ਼ਰਮ ਆ ਰਹੀ ਹੈ ਕਿ ਉਨ੍ਹਾਂ ਨੇ NREGA ਪ੍ਰੋਗਰਾਮ ਤੋਂ ਮਹਾਤਮਾ ਗਾਂਧੀ ਦਾ ਨਾਂ ਹਟਾਉਣ ਦਾ ਫੈਸਲਾ ਕੀਤਾ ਹੈ, ਕਿਉਂਕਿ ਮੈਂ ਵੀ ਇਸੇ ਦੇਸ਼ ਤੋਂ ਹਾਂ। ਅਸੀਂ ਹੁਣ ਰਾਸ਼ਟਰਪਿਤਾ ਨੂੰ ਵੀ ਭੁੱਲ ਰਹੇ ਹਾਂ। ’ਕਰਮਸ਼੍ਰੀ’ ਸਕੀਮ ਤਹਿਤ ਪੱਛਮੀ ਬੰਗਾਲ ਸਰਕਾਰ ਲਾਭਪਾਤਰੀਆਂ ਨੂੰ 75 ਦਿਨਾਂ ਤੱਕ ਕੰਮ ਦੇਣ ਦਾ ਦਾਅਵਾ ਕਰਦੀ ਹੈ। ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ $7NREGS ਤਹਿਤ ਸੂਬੇ ਦੇ ਫੰਡ ਰੋਕ ਰਹੀ ਹੈ।



ਬੈਨਰਜੀ ਨੇ ਕਿਹਾ ਕਿ ਰਾਜ ਦਾ ਟੀਚਾ ਭਵਿੱਖ ਵਿੱਚ ’ਕਰਮਸ਼੍ਰੀ’ ਤਹਿਤ ਕੰਮ ਦੇ ਦਿਨਾਂ ਦੀ ਸੰਖਿਆ ਵਧਾ ਕੇ 100 ਕਰਨਾ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ, “ਜੇਕਰ ਕੇਂਦਰ ਦਾ ਫੰਡ ਰੋਕ ਵੀ ਦਿੱਤਾ ਜਾਂਦਾ ਹੈ, ਤਾਂ ਵੀ ਅਸੀਂ ਇਹ ਪੱਕਾ ਕਰਾਂਗੇ ਕਿ ਲੋਕਾਂ ਨੂੰ ਕੰਮ ਮਿਲੇ। ਲੋਕ ਸਭਾ ਦੁਆਰਾ ਪਾਸ ਕੀਤੇ ਗਏ ’ਵਿਕਸਿਤ ਭਾਰਤ-ਰੋਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ)’ ਬਿੱਲ ਵਿੱਚ ਕਈ ਤਬਦੀਲੀਆਂ ਕੀਤੀਆਂ ਗਈਆਂ ਹਨ। ਜਿੱਥੇ $7NREGA ਤਹਿਤ 100 ਦਿਨਾਂ ਦੇ ਕੰਮ ਦੀ ਗਾਰੰਟੀ ਮਿਲਦੀ ਸੀ, ਉੱਥੇ ਨਵਾਂ ਬਿੱਲ 125 ਦਿਨਾਂ ਦੇ ਕੰਮ ਦੀ ਗਾਰੰਟੀ ਦਿੰਦਾ ਹੈ। ਹਾਲਾਂਕਿ, ਨਵੇਂ ਬਿੱਲ ਵਿੱਚ ਗ੍ਰਾਂਟ ਨੂੰ ਲੈ ਕੇ ਇੱਕ ਵੱਡਾ ਬਦਲਾਅ ਕੀਤਾ ਗਿਆ ਹੈ। $7NREGA ਵਿੱਚ ਵਿੱਤੀ ਗ੍ਰਾਂਟ ਦੀ ਪੂਰੀ ਜ਼ਿੰਮੇਵਾਰੀ ਕੇਂਦਰ ਦੀ ਹੁੰਦੀ ਸੀ, ਪਰ ਨਵੇਂ ਬਿੱਲ ਵਿੱਚ ਕੇਂਦਰ ਸਰਕਾਰ ਜ਼ਿਆਦਾਤਰ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ 60:40 ਦੇ ਅਨੁਪਾਤ ਵਿੱਚ ਪੈਸੇ ਦੇਵੇਗੀ

## ਪਿਛਲੇ 4 ਮਹੀਨਿਆਂ ’ਚ 40 ਲੱਖ ਸਾਲਾਨਾ ਫਾਸਟੈਗ ਪਾਸ ਕੀਤੇ ਗਏ ਜਾਰੀ : ਗਡਕਰੀ

ਨਵੀਂ ਦਿੱਲੀ 19 ਦਸੰਬਰ। ਸੜਕ ਟਰਾਂਸਪੋਰਟ ਅਤੇ ਹਾਈਵੇਅ ਮੰਤਰੀ ਨਿਤਿਨ ਗਡਕਰੀ ਨੇ ਵੀਰਵਾਰ ਨੂੰ ਕਿਹਾ ਕਿ ਸਰਕਾਰ 2026 ਤੱਕ ਦੇਸ਼ ਭਰ ਦੇ ਸਾਰੇ 1,050 ਟੋਲ ਪਲਾਜ਼ਿਆਂ ’ਤੇ ਰੁਕਾਵਟ ਮੁਕਤ ਟੋਲ ਇਕੱਠਾ ਕਰਨ ਦੀ ਵਿਵਸਥਾ ਲਾਗੂ ਕਰੇਗੀ ਅਤੇ ਬੀਤੇ ਅਗਸਤ ਤੋਂ ਚਾਰ



ਮਹੀਨਿਆਂ ’ਚ ਲਗਭਗ 40 ਲੱਖ ਸਾਲਾਨਾ ਫਾਸਟੈਗ ਪਾਸ ਜਾਰੀ ਕੀਤੇ ਗਏ ਹਨ। ਲੋਕ ਸਭਾ ’ਚ ਪ੍ਰਸ਼ਨਕਾਲ ਦੌਰਾਨ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਗਡਕਰੀ ਨੇ ਕਿਹਾ ਕਿ ਸਾਲਾਨਾ ਫਾਸਟੈਗ ਪਾਸ ਨਾਲ ਨਿੱਜੀ ਕਾਰਾਂ ਨੂੰ ਹਰ ਸਾਲ 3,000 ਰੁਪਏ ਜਾਂ ਔਸਤਨ 15 ਰੁਪਏ ਪ੍ਰਤੀ ਟੋਲ ਨਾਲ 200 ਟੋਲ ਪਲਾਜ਼ਾ ਪਾਸ ਕਰਨ ਦੀ ਮਨਜ਼ੂਰੀ ਮਿਲੇਗੀ। ਉਨ੍ਹਾਂ ਅਨੁਸਾਰ 200 ਟੋਲ ਪਾਸ ਕਰਨ ਲਈ 15 ਹਜ਼ਾਰ ਰੁਪਏ ਦੀ ਮੌਜੂਦਾ ਲਾਗਤ ਦੀ ਤੁਲਨਾ ’ਚ ਇਹ ਪਾਸ ਕਾਫ਼ੀ ਸਸਤਾ ਹੈ। ਮੰਤਰੀ ਨੇ ਕਿਹਾ,’’2026 ਤੱਕ, ਅਸੀਂ ਸਾਰੇ 1,050 ਪਲਾਜ਼ਾ ’ਤੇ ਟੋਲ ਇਕੱਠਾ ਕਰਨ ਲਈ ਆਧੁਨਿਕ ਏਆਈ-ਆਧਾਰਤ ਪ੍ਰਣਾਲੀ ਸਥਾਪਤ ਕਰਨਗੇ, ਜਿਸ ’ਚ 350 ਨਿੱਜੀ ਟੋਲ ਬੂਥ ਅਤੇ 700 ਸਰਕਾਰੀ ਸ਼ਾਮਲ ਹਨ। ਕਾਰਾਂ ਟੋਲ ਪਲਾਜ਼ਿਆਂ ’ਤੇ ਰੁਕੇ ਬਿਨਾਂ ਰਾਜਮਾਰਗਾਂ ’ਤੇ 80 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲ ਸਕਦੀਆਂ ਹਨ।’’

## ਪ੍ਰਦੂਸ਼ਣ ’ਤੇ ਸੁਪਰੀਮ ਕੋਰਟ ਸਖਤ, ਦਿੱਲੀ ’ਚ ਹੁਣ ਬੀ. ਐੱਸ.-4 ਤੇ ਉਸ ਤੋਂ ਉੱਪਰ ਦੇ ਪੱਧਰ ਵਾਲੇ ਵਾਹਨ ਹੀ ਚੱਲਣਗੇ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 19 ਦਸੰਬਰ। ਪ੍ਰਦੂਸ਼ਣ ’ਤੇ ਸਖ਼ਤ ਰੁਖ਼ ਅਪਣਾਉਂਦਿਆਂ ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਦਿੱਲੀ ’ਚ ਹੁਣ ਬੀ. ਐੱਸ.-4 ਤੇ ਉਸ ਤੋਂ ਉੱਪਰ ਦੇ ਪੱਧਰ ਵਾਲੇ ਵਾਹਨ ਹੀ ਚੱਲ ਸਕਣਗੇ। ਅਦਾਲਤ ਦੇ ਇਸ ਨਵੇਂ ਨਿਰਦੇਸ਼ ਨਾਲ ਅਧਿਕਾਰੀ ਹੁਣ ਉਨ੍ਹਾਂ ਪੁਰਾਣੇ ਵਾਹਨਾਂ ਵਿਰੁੱਧ ਕਾਰਵਾਈ ਕਰ ਸਕਣਗੇ ਜੋ ਬੀ. ਐੱਸ.-4 ਦੇ ਮਿਆਰਾਂ ਨੂੰ ਪੂਰਾ ਨਹੀਂ ਕਰਦੇ। ਹਾਲਾਂਕਿ ਬੀ. ਐੱਸ.-4 ਜਾਂ ਨਵੇਂ ਵਾਹਨਾਂ ਨੂੰ ਉਨ੍ਹਾਂ ਦੀ ਮਿਆਦ ਪੁੱਗਣ ਦੀ ਮਿਤੀ ਦੇ ਬਾਵਜੂਦ ਚਲਾਉਣ ਦੀ ਇਜਾਜ਼ਤ ਹੈ। ਅਦਾਲਤ ਦਾ ਇਹ ਤਾਜ਼ਾ ਹੁਕਮ 12 ਅਗਸਤ ਦੇ ਉਸ ਦੇ ਪਿਛਲੇ ਹੁਕਮ ’ਚ ਸੋਧ ਕਰਦਾ ਹੈ, ਜਿਸ ਅਧੀਨ ਰਾਸ਼ਟਰੀ ਰਾਜਧਾਨੀ ਖੇਤਰ ’ਚ ਡੀਜ਼ਲ ਦੇ 10 ਸਾਲ ਤੋਂ ਵੱਧ ਪੁਰਾਣੇ ਤੇ ਪੈਟਰੋਲ ਦੇ 15 ਸਾਲ ਤੋਂ ਵੱਧ ਪੁਰਾਣੇ ਵਾਹਨਾਂ ਵਿਰੁੱਧ ਕਾਰਵਾਈ ’ਤੇ ਪਾਬੰਦੀ ਲਾਈ ਗਈ ਸੀ। ਚੀਫ਼ ਜਸਟਿਸ ਸੂਰਿਆਕਾਂਤ, ਜਸਟਿਸ ਜੋਇਮਲਿਆ ਬਾਗਚੀ ਤੇ ਜਸਟਿਸ ਵਿਪੁਲ ਪੰਚੋਲੀ ਦੀ ਬੈਂਚ ਨੇ ਇਹ ਸਪੱਸ਼ਟੀਕਰਨ ਰਾਜਧਾਨੀ ’ਚ ਹਵਾ ਦੀ ਵਿਗੜਦੀ ਗੁਣਵੱਤਾ ਨੂੰ ਧਿਆਨ ’ਚ ਰਖਦਿਆਂ ਪੁਰਾਣੇ ਵਾਹਨਾਂ ’ਤੇ ਕਾਰਵਾਈ ਕਰਨ ਦੀ ਇਜਾਜ਼ਤ ਮੰਗਣ ਵਾਲੀ ਦਿੱਲੀ ਸਰਕਾਰ ਦੀ ਪਟੀਸ਼ਨ ’ਤੇ ਜਾਰੀ ਕੀਤਾ ਹੈ। ਦਿੱਲੀ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਵਧੀਕ ਸਾਲਿਸਟਰ ਜਨਰਲ ਐਸ਼ਵਰਿਆ ਭਾਟੀ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਬੀ. ਐੱਸ.-3 ਤੱਕ ਦੇ ਨਿਕਾਸੀ ਪੱਧਰ ਵਾਲੇ ਵਾਹਨਾਂ ਵਿਰੁੱਧ ਕਾਰਵਾਈ ਦੀ ਆਗਿਆ ਦੇਣ ਵਾਲੇ ਆਪਣੇ 12 ਅਗਸਤ ਦੇ ਹੁਕਮਾਂ ’ਚ ਸੋਧ ਕਰੇ। ਸੁਪਰੀਮ ਕੋਰਟ ਨੇ ਦਿੱਲੀ-ਐੱਨ. ਸੀ. ਆਰ. ’ਚ ਹਵਾ ਦੇ ਪ੍ਰਦੂਸ਼ਣ ਦੇ ਗੰਭੀਰ ਪੱਧਰਾਂ ’ਤੇ ਚਿੰਤਾ ਪ੍ਰਗਟ ਕਰਦਿਆਂ ਐੱਨ. ਐੱਚ. ਏ. ਆਈ. ਤੇ ਭਾਰਤੀ ਨਗਰ ਨਿਗਮ ਨੂੰ ਸ਼ਹਿਰ ’ਚ ਆਵਾਜਾਈ ਦੀ ਭੀੜ ਨੂੰ ਘਟਾਉਣ ਲਈ ਰਾਸ਼ਟਰੀ ਰਾਜਧਾਨੀ ਦੀ ਹੱਦ ’ਤੇ ਸਥਿਤ 9 ਟੋਲ ਪਲਾਜ਼ਿਆਂ ਨੂੰ ਆਰਜ਼ੀ ਤੌਰ ’ਤੇ ਬੰਦ ਕਰਨ ਜਾਂ ਤਬਦੀਲ ਕਰਨ ’ਤੇ ਵਿਚਾਰ ਕਰਨ ਲਈ ਕਿਹਾ ਹੈ। ਬੈਂਚ ਨੇ ਭਾਰਤੀ ਨਗਰ ਨਿਗਮ ਨੂੰ ਵਿਸ਼ੇਸ਼ ਤੌਰ ’ਤੇ ਇਕ ਹਫ਼ਤੇ ਅੰਦਰ ਇਹ ਫੈਸਲਾ ਕਰਨ ਲਈ ਕਿਹਾ ਕਿ ਕੀ ਇਨ੍ਹਾਂ ਟੋਲ



ਪਲਾਜ਼ਿਆਂ ਨੂੰ ਸੁਚਾਰੂ ਆਵਾਜਾਈ ਪ੍ਰਵਾਹ ਨੂੰ ਸੌਖਾ ਬਣਾਉਣ ਤੇ ਵਾਹਨਾਂ ਦੀ ਨਿਕਾਸੀ ਨੂੰ ਘਟਾਉਣ ਲਈ ਆਰਜ਼ੀ ਤੌਰ ’ਤੇ ਬੰਦ ਕੀਤਾ ਜਾ ਸਕਦਾ ਹੈ? ਦਿੱਲੀ ਸਰਕਾਰ ਨੇ ਰਾਸ਼ਟਰੀ ਰਾਜਧਾਨੀ ’ਚ ਪ੍ਰਾਈਵੇਟ ਦਫਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕੰਮ ਵਾਲੀਆਂ ਥਾਵਾਂ ’ਤੇ ਕਰਮਚਾਰੀਆਂ ਦੀ ਗਿਣਤੀ ਨੂੰ ਵੱਧ ਤੋਂ ਵੱਧ 50 ਫੀਸਦੀ ਤੱਕ ਸੀਮਤ ਕਰਨ। ਬਾਕੀ ਮੁਲਾਜ਼ਮਾਂ ਲਈ ‘ਵਰਕ ਫਰਾਮ ਹੋਮ’ ਲਾਜ਼ਮੀ ਹੈ। ਇਹ ਨਿਰਦੇਸ਼ ਹਵਾ ਦੇ ਗੰਭੀਰ ਪ੍ਰਦੂਸ਼ਣ ਕਾਰਨ ਗ੍ਰੇਡੇਡ ਰਿਸਪਾਂਸ ਐਕਸ਼ਨ ਪਲਾਨ (ਗ੍ਰੈਪ) ਦੇ ਚੌਥੇ ਪੜਾਅ ਅਧੀਨ ਲਾਈਆਂ ਗਈਆਂ ਪਾਬੰਦੀਆਂ ਅਨੁਸਾਰ ਹੈ। ਜਨਤਕ ਅਤੇ ਨਿੱਜੀ ਸਿਹਤ ਸੰਭਾਲ ਸੰਸਥਾਵਾਂ, ਆਵਾਜਾਈ, ਸੈਨੀਟੇਸ਼ਨ ਤੇ ਐਮਰਜੈਂਸੀ ਸੇਵਾਵਾਂ ਸਮੇਤ ਕੁਝ ਖੇਤਰਾਂ ਨੂੰ ਛੋਟਾਂ ਦਿੱਤੀਆਂ ਗਈਆਂ ਹਨ। ਕਿਰਤ ਵਿਭਾਗ ਵੱਲੋਂ ਜਾਰੀ ਕੀਤੀ ਗਈ ਇਕ ਐਡਵਾਈਜ਼ਰੀ ਅਨੁਸਾਰ ਇਹ ਨਿਰਦੇਸ਼ ਨਵੰਬਰ ’ਚ ਹੋਈਆਂ ਸੁਣਵਾਈਆਂ ਤੇ ਸਲਾਹ-ਮਸ਼ਵਰੇ ਤੋਂ ਬਾਅਦ ‘ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ’ ਵੱਲੋਂ ਗ੍ਰੈਪ ’ਚ ਕੀਤੀਆਂ ਸੋਧਾਂ ਦੀ ਪਾਲਣਾ ਕਰਦਾ ਹੈ। ਐਡਵਾਈਜ਼ਰੀ ’ਚ ਚਿਤਾਵਨੀ ਦਿੱਤੀ ਗਈ ਹੈ ਕਿ ਪਾਲਣਾ ਨਾ ਕਰਨ ’ਤੇ ਵਾਤਾਵਰਣ (ਸੁਰੱਖਿਆ) ਐਕਟ, 1986 ਦੀਆਂ ਧਾਰਾਵਾਂ 15 ਤੇ 16 ਅਤੇ ਹੋਰ ਲਾਗੂ ਕਾਨੂੰਨਾਂ ਅਧੀਨ ਸਜ਼ਾਯੋਗ ਕਾਰਵਾਈ ਕੀਤੀ ਜਾਵੇਗੀ।

# 900 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਨਾਲ ਪੰਜਾਬ ਵਿੱਚ ਜਲ ਅਤੇ ਸੈਨੀਟੇਸ਼ਨ ਢਾਂਚੇ ਨੂੰ ਹੁਲਾਰਾ ਮਿਲਿਆ: ਹਰਦੀਪ ਸਿੰਘ ਮੁੰਡੀਆਂ

**ਕੌਮੀ ਪਤ੍ਰਿਕਾ**
**ਮਲਾਗਰ ਖਮਾਣੋਂ**

ਫ਼ਤਹਿਗੜ੍ਹ ਸਾਹਿਬ 19, ਦਸੰਬਰ: ਪੰਜਾਬ ਦੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਭਰ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਬੁਨਿਆਦੀ ਢਾਂਚੇ ਨੂੰ ਮਜ਼ਬੂਤੀ ਦੇਣ ਲਈ 2,900 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਵੱਡੇ ਨਿਵੇਸ਼ ਨਾਲ ਪ੍ਰਮੁੱਖ ਪ੍ਰਾਜੈਕਟਾਂ ਨੂੰ ਜਲਦ ਮੁਕੰਮਲ ਕਰਨ, ਨਵੀਨ ਤਕਨਾਲੋਜੀ ਦੇ ਵਿਸਥਾਰ ਅਤੇ ਪਾਣੀ ਦੀ ਗੁਣਵੱਤਾ ਅਤੇ ਸੈਨੀਟੇਸ਼ਨ ਪ੍ਰਣਾਲੀਆਂ ਨੂੰ ਮਜ਼ਬੂਤੀ ਦੇਣ ਵਿੱਚ ਵੱਡੀ ਮਦਦ ਮਿਲੀ ਹੈ, ਜਿਸ ਦੇ ਨਤੀਜੇ ਵਜੋਂ ਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ ਲੋਕਾਂ ਦੇ ਰੋਜ਼ਾਨਾ ਜੀਵਨ ਪੱਧਰ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਉਨ੍ਹਾਂ ਕਿਹਾ ਕਿ 100 ਫ਼ੀਸਦੀ ਕਵਰੇਜ ਨਾਲ ਇਸ ਸਮੇਂ ਸੂਬੇ ਵਿੱਚ 34 ਲੱਖ ਤੋਂ ਵੱਧ ਪਰਿਵਾਰਾਂ ਨੂੰ ਸੁਰੱਖਿਅਤ ਅਤੇ ਸਾਫ਼ ਪੀਣਯੋਗ ਪਾਣੀ ਮਿਲ ਰਿਹਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿੱਤੀ ਸਾਲ 2025-26 ਲਈ ਪੇਂਡੂ ਵਿਕਾਸ ਵਾਸਤੇ ਸੈਨੀਟੇਸ਼ਨ ਖੇਤਰ ਹਿੱਤ 2,190.80 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਪੇਂਡੂ ਇਲਾਕਿਆਂ ਵਿੱਚ ਹਰ ਘਰ ਨੂੰ ਟੂਟੀ ਰਾਹੀਂ ਸਾਫ਼ ਪਾਣੀ ਦੀ ਸਪਲਾਈ ਦੇਣ ਦੇ ਟੀਚੇ ਨੂੰ ਹਾਸਲ ਕਰ ਚੁੱਕਾ ਹੈ, ਜਿਸ ਨਾਲ ਪੰਜਾਬ ਸੂਬਾ ਇਹ ਮੀਲ ਪੱਥਰ ਹਾਸਲ ਕਰਨ ਵਾਲਾ ਦੇਸ਼ ਦਾ ਪੰਜਵਾਂ ਰਾਜ ਬਣ ਕੇ ਉਭਰਿਆ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਗੁਣਵੱਤਾ ਤੋਂ ਪ੍ਰਭਾਵਿਤ ਖੇਤਰਾਂ ਨੂੰ ਸਾਫ਼ ਪਾਣੀ ਦੀ ਸਪਲਾਈ ਦੇਣ ਲਈ 15 ਪ੍ਰਮੁੱਖ ਸਤਹੀ ਜਲ ਸਪਲਾਈ ਪ੍ਰਾਜੈਕਟਾਂ 'ਤੇ ਵਿਸ਼ੇਸ਼ ਧਿਆਨ ਦਿੰਦਿਆਂ ਇਸ ਅਧੀਨ 1706 ਪਿੰਡਾਂ ਨੂੰ ਕਵਰ



ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਚਾਰ ਪ੍ਰਾਜੈਕਟ ਪਹਿਲਾਂ ਹੀ ਚਾਲੂ ਹੋ ਚੁੱਕੇ ਹਨ, ਜਦੋਂ ਕਿ 11 ਮੁਕੰਮਲ ਹੋਣ ਨੇੜੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰਾਜੈਕਟ ਭਰੋਸੇਯੋਗ ਸਤਹੀ ਪਾਣੀ ਸਪਲਾਈ ਯਕੀਨੀ ਬਣਾ ਕੇ ਸਮੂਹਿਕ ਤੌਰ 'ਤੇ ਲਗਭਗ 25 ਲੱਖ ਪੇਂਡੂ ਪਰਿਵਾਰਾਂ ਨੂੰ ਲਾਭ ਪਹੁੰਚਾਉਣਗੇ। ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਨੇ ਕਿਹਾ ਕਿ ਮੌਜੂਦਾ ਵਿੱਤੀ ਸਾਲ ਦੌਰਾਨ 278.37 ਕਰੋੜ ਰੁਪਏ ਦੀ ਲਾਗਤ ਨਾਲ 205 ਪੇਂਡੂ ਜਲ ਸਪਲਾਈ ਸਕੀਮਾਂ ਪੂਰੀਆਂ ਕੀਤੀਆਂ ਗਈਆਂ ਹਨ, ਜਿਸ ਨਾਲ ਢੁਕਵੇਂ ਪ੍ਰੈਸ਼ਰ ਨਾਲ ਸਾਫ਼ ਪਾਣੀ ਦੀ ਸਪਲਾਈ ਤੱਕ ਪਹੁੰਚ ਰਾਹੀਂ ਲਗਭਗ 2.33 ਲੱਖ ਪੇਂਡੂ ਵਸਨੀਕਾਂ ਨੂੰ ਲਾਭ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ 176 ਪਿੰਡਾਂ ਨੂੰ ਕਵਰ ਕਰਦੀਆਂ 144 ਜਲ ਸਪਲਾਈ ਸਕੀਮਾਂ ਦੇ ਪ੍ਰਾਜੈਕਟ ਨੂੰ 160 ਕਰੋੜ ਰੁਪਏ ਦੀ ਲਾਗਤ ਨਾਲ ਮਨਜ਼ੂਰੀ ਦਿੱਤੀ ਗਈ ਹੈ, ਜੋ ਲਗਭਗ 2026-27 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਇਸ ਪ੍ਰਾਜੈਕਟ ਨਾਲ ਕਰੀਬ 3.04 ਲੱਖ ਪੇਂਡੂ ਵਸਨੀਕਾਂ ਨੂੰ ਲਾਭ ਹੋਵੇਗਾ। ਇਸ ਤੋਂ ਇਲਾਵਾ 19 ਜ਼ਿਲ੍ਹਿਆਂ ਦੇ 127 ਪਿੰਡਾਂ ਨੂੰ ਕਵਰ ਕਰਦੀਆਂ 98 ਸਕੀਮਾਂ ਦੀ ਅਪਗ੍ਰੇਡੇਸ਼ਨ ਦਾ ਪ੍ਰਸਤਾਵ, ਜਿਸ ਦੀ ਅਨੁਮਾਨਤ ਲਾਗਤ 105 ਕਰੋੜ ਰੁਪਏ ਹੈ, ਪ੍ਰਵਾਨਗੀ ਦੀ ਪ੍ਰਕਿਰਿਆ ਅਧੀਨ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਹਾਲ ਹੀ ਵਿੱਚ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੁਆਰਾ 140 ਕਰੋੜ ਰੁਪਏ ਦੇ ਨਿਵੇਸ਼ ਨਾਲ ਇਤਿਹਾਸਕ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਵਿੱਚ ਜਲ ਸਪਲਾਈ ਅਤੇ ਸੀਵਰੇਜ ਕੰਮਾਂ ਦੇ ਅਪਗ੍ਰੇਡੇਸ਼ਨ ਦਾ ਨੀਂਹ ਪੱਥਰ ਰੱਖਿਆ ਗਿਆ ਹੈ, ਜਿਸ ਨਾਲ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਤਾਲਮੇਲ ਆਧਾਰਤ ਬੁਨਿਆਦੀ ਢਾਂਚੇ ਦੀ ਯੋਜਨਾਬੰਦੀ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਦੱਸਿਆ ਕਿ ਮੌਜੂਦਾ ਸਾਲ ਦੌਰਾਨ ਤਕਨਾਲੋਜੀ-ਆਧਾਰਤ ਸ਼ਾਸਨ 'ਤੇ ਸਰਕਾਰ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਜਿਸ ਤਹਿਤ 897 ਪਿੰਡਾਂ ਨੂੰ ਕਵਰ ਕਰਦੀਆਂ 346 ਜਲ ਸਪਲਾਈ ਸਕੀਮਾਂ ਵਿੱਚ ਇੱਕ ਆਈ.ਓ.ਟੀ-ਆਧਾਰਤ ਆਟੋਮੇਸ਼ਨ ਅਤੇ ਨਿਗਰਾਨ ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਹ ਸਕੀਮਾਂ ਇੱਕ ਵੈੱਬ ਅਤੇ ਮੋਬਾਈਲ ਐਪ-ਆਧਾਰਤ ਡੈਸ਼ਬੋਰਡ ਨਾਲ ਜੁੜੀਆਂ ਹੋਈਆਂ ਹਨ, ਜੋ ਅਸਲ ਸਮੇਂ ਵਿੱਚ ਕਾਰਜਸ਼ੀਲ ਮਾਪਦੰਡਾਂ ਨੂੰ ਟਰੈਕ ਕਰਦੀਆਂ ਹਨ, ਜੋ ਤੇਜ਼ ਰਿਸਪਾਂਸ ਅਤੇ ਬਿਹਤਰ ਢੰਗ ਨਾਲ ਸੇਵਾਵਾਂ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਂਦਾ ਹੈ। ਕੈਬਨਿਟ ਮੰਤਰੀ ਨੇ ਕਿਹਾ ਪਾਣੀ ਦੀ ਗੁਣਵੱਤਾ ਦੀ ਨਿਗਰਾਨੀ ਲਈ ਲੈਬਾਰਟਰੀਆਂ ਦੇ ਤਿੰਨ-ਪੱਧਰੀ ਨੈੱਟਵਰਕ ਰਾਹੀਂ ਮਜ਼ਬੂਤ ਸੰਸਥਾਗਤ ਢਾਂਚਾ ਸਥਾਪਤ ਕੀਤਾ ਗਿਆ ਹੈ, ਜਿਸ ਵਿੱਚ ਇੱਕ ਰਾਜ-ਪੱਧਰੀ, ਸੱਤ ਖੇਤਰੀ-ਪੱਧਰੀ, 17 ਜ਼ਿਲ੍ਹਾ-ਪੱਧਰੀ ਅਤੇ ਸੱਤ ਬਲਾਕ-ਪੱਧਰੀ ਲੈਬਾਂ ਸ਼ਾਮਲ ਹਨ। ਸਾਰੀਆਂ ਲੈਬਾਂ ਰਸਾਇਣਕ ਜਾਂਚ ਲਈ ਐਨ.ਏ.ਬੀ.ਐਲ. ਮਾਨਤਾ ਪ੍ਰਾਪਤ ਹਨ, ਜਦੋਂ ਕਿ ਸੱਤ ਲੈਬਾਂ ਵਿਚ ਬੈਕਟੀਰੀਆਲੋਜੀਕਲ ਵਿਸ਼ਲੇਸ਼ਣ ਕਰਨ ਦੀ ਸਹੂਲਤ ਵੀ ਹੈ। ਵਿਭਾਗ ਇਨ੍ਹਾਂ ਲੈਬਾਂ ਵਿੱਚ ਬੈਕਟੀਰੀਆਲੋਜੀਕਲ ਸਹੂਲਤਾਂ ਨੂੰ ਮਜ਼ਬੂਤ ਕਰ ਰਿਹਾ ਹੈ ਅਤੇ ਲਗਭਗ 11.42 ਕਰੋੜ ਰੁਪਏ ਦੀ ਲਾਗਤ ਨਾਲ 17 ਜ਼ਿਲ੍ਹਾ-ਪੱਧਰੀ ਲੈਬਾਂ ਵਿੱਚ ਇਸੇ ਤਰ੍ਹਾਂ ਦੀ ਸਹੂਲਤ ਸਥਾਪਤ ਕਰ ਰਿਹਾ ਹੈ, ਜਿਸ ਨੂੰ ਵਿੱਤੀ ਸਾਲ 2025-26 ਤੱਕ ਪੂਰਾ ਕਰਨ ਦਾ ਟੀਚਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸੱਤ ਲੈਬਾਂ ਵਿੱਚ ਬੁਨਿਆਦੀ ਢਾਂਚਾ ਵਿਕਾਸ ਅਤੇ ਉਪਕਰਣਾਂ ਦੀ ਸਥਾਪਨਾ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ। ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਭੂਮੀਗਤ ਪਾਣੀ ਵਿੱਚ ਭਾਰੀ ਧਾਤਾਂ ਤੋਂ ਪ੍ਰਭਾਵਿਤ ਪਿੰਡਾਂ ਵਿੱਚ ਢੁਕਵੇਂ ਉਪਾਅ ਕੀਤੇ ਗਏ ਹਨ। ਸਲਫੇਟ, ਨਾਈਟ?ਰੇਟ ਅਤੇ ਸੇਲੇਨੀਅਮ ਤੋਂ ਪ੍ਰਭਾਵਿਤ 10 ਪਿੰਡਾਂ ਵਿੱਚ 54.33 ਲੱਖ ਰੁਪਏ ਦੀ ਲਾਗਤ ਨਾਲ ਰਿਵਰਸ ਓਸਮੋਸਿਸ (ਆਰ.ਓ.) ਪਲਾਂਟ ਲਗਾਏ ਗਏ ਹਨ। ਇਸੇ ਤਰ੍ਹਾਂ 23 ਯੂਰੇਨੀਅਮ ਪ੍ਰਭਾਵਿਤ ਪਿੰਡਾਂ ਵਿੱਚ 5.91 ਕਰੋੜ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਵਾਟਰ ਪਿਊਰੀਫਿਕੇਸ਼ਨ ਪਲਾਂਟ ਲਗਾਉਣ ਦਾ ਕੰਮ ਚੱਲ ਰਿਹਾ ਹੈ, ਜੋ ਫ਼ਰਵਰੀ 2026 ਤੱਕ ਪੂਰੇ ਹੋਣ ਦੀ ਉਮੀਦ ਹੈ।ਉਨ੍ਹਾਂ ਕਿਹਾ ਕਿ 32 ਆਰਸੈਨਿਕ ਪ੍ਰਭਾਵਿਤ ਪਿੰਡਾਂ ਵਿੱਚ 9.77 ਕਰੋੜ ਰੁਪਏ ਦੀ ਲਾਗਤ ਨਾਲ ਆਰਸੈਨਿਕ-ਕਮ-ਆਇਰਨ ਰਿਮੂਵਲ ਪਲਾਂਟਾਂ ਲਈ ਪ੍ਰਸ਼ਾਸਕੀ ਪ੍ਰਵਾਨਗੀ ਦੇ ਦਿੱਤੀ ਗਈ ਹੈ, ਜਿਸ ਲਈ ਟੈਂਡਰ ਪ੍ਰਕਿਰਿਆ ਜਾਰੀ ਹੈ। ਇਸ ਤੋਂ ਇਲਾਵਾ 38.69 ਲੱਖ ਰੁਪਏ ਦੀ ਲਾਗਤ ਨਾਲ ਚਾਰ ਫਲੋਰਾਈਡ ਪ੍ਰਭਾਵਿਤ ਪਿੰਡਾਂ ਵਿੱਚ ਕਮਿਊਨਿਟੀ ਵਾਟਰ ਪਿਊਰੀਫਿਕੇਸ਼ਨ ਪਲਾਂਟ ਵੀ ਲਗਾਏ ਗਏ ਹਨ, ਜਦੋਂ ਕਿ 18.60 ਲੱਖ ਰੁਪਏ ਦੀ ਲਾਗਤ ਨਾਲ ਦੋ ਆਰਸੈਨਿਕ-ਪ੍ਰਭਾਵਿਤ ਪਿੰਡਾਂ ਵਿੱਚ ਇਸੇ ਤਰ੍ਹਾਂ ਦੇ ਕਾਰਜ ਦਸੰਬਰ 2025 ਤੱਕ ਪੂਰੇ ਹੋਣ ਦਾ ਟੀਚਾ ਹੈ।ਸੀ.ਐਸ.ਆਰ. ਸਹਾਇਤਾ ਅਧੀਨ ਪਟਿਆਲਾ ਜ਼ਿਲ੍ਹੇ ਦੇ ਪਿੰਡ ਰਣਬੀਰਪੁਰਾ ਵਿਖੇ ਇੱਕ ਯੂਰੇਨੀਅਮ ਰਿਮੂਵਲ ਪਲਾਂਟ ਵੀ ਲਗਾਇਆ ਗਿਆ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਨੇ ਕਿਹਾ ਕਿ ਪੇਂਡੂ ਸੈਨੀਟੇਸ਼ਨ ਖੇਤਰ ਤਹਿਤ ਰਾਜ ਭਰ ਵਿੱਚ 1598 ਕਮਿਊਨਿਟੀ ਸੈਨੀਟੇਸ਼ਨ ਕੰਪਲੈਕਸ ਬਣਾਏ ਗਏ ਹਨ ਅਤੇ 580 ਹੋਰ ਕੰਪਲੈਕਸਾਂ 'ਤੇ ਕੰਮ ਜਾਰੀ ਹੈ। ਮੌਜੂਦਾ ਵਿੱਤੀ ਸਾਲ ਦੌਰਾਨ 6606 ਘਰਾਂ ਨੂੰ ਪਖ਼ਾਨੇ ਮੁਹੱਈਆ ਕਰਵਾਏ ਗਏ, ਜਦੋਂ ਕਿ 12,967 ਘਰੇਲੂ ਪਖ਼ਾਨਿਆਂ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਗਊਸ਼ਾਲਾਵਾਂ ਵਿੱਚ 20 ਬਾਇਓਗੈਸ ਪਲਾਂਟ ਸਥਾਪਤ ਕੀਤੇ ਗਏ ਹਨ ਅਤੇ 2025-26 ਤੱਕ ਮਾਲੇਰਕੋਟਲਾ, ਗੁਰਦਾਸਪੁਰ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਤਿੰਨ ਹੋਰ ਅਜਿਹੇ ਪਲਾਂਟ ਲਗਾਉਣ ਦੀ ਯੋਜਨਾ ਹੈ। ਠੋਸ ਰਹਿੰਦ-ਖੂੰਹਦ ਪ੍ਰਬੰਧਨ ਪਹਿਲਕਦਮੀਆਂ ਵਿਚ ਵੀ ਤੇਜ਼ੀ ਆਈ ਹੈ, 28 ਬਲਾਕ-ਪੱਧਰੀ ਪਲਾਸਟਿਕ ਰਹਿੰਦ-ਖੂੰਹਦ ਪ੍ਰਬੰਧਨ ਯੂਨਿਟਾਂ ਦਾ ਕੰਮ ਮੁਕੰਮਲ ਹੈ ਅਤੇ 22 ਹੋਰ ਯੂਨਿਟਾਂ ਪ੍ਰਗਤੀ ਅਧੀਨ ਹਨ। ਵਿੱਤੀ ਸਾਲ 2025-26 ਦੌਰਾਨ ਪੇਂਡੂ ਖੇਤਰਾਂ ਵਿੱਚ ਪੈਦਾ ਹੋਣ ਵਾਲੇ ਸੁੱਕੇ/ਪਲਾਸਟਿਕ ਕੂੜੇ ਦੇ ਪ੍ਰਬੰਧਨ ਲਈ ਪਿੰਡਾਂ ਵਿੱਚ 77 ਵਾਧੂ ਯੂਨਿਟ ਸਥਾਪਤ ਕਰਨ ਦੀ ਯੋਜਨਾ ਹੈ। ਸ. ਹਰਦੀਪ ਸਿੰਘ ਮੁੰਡੀਆਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਖੁੱਲ੍ਹੇ ਵਿੱਚ ਸ਼ੌਚ ਮੁਕਤ (ਓ.ਡੀ.ਐਫ.) ਦਾ ਦਰਜਾ ਪ੍ਰਾਪਤ ਕਰਨ ਤੋਂ ਬਾਅਦ ਹੁਣ ਪੰਜਾਬ ਰਾਜ 31 ਮਾਰਚ, 2026 ਤੱਕ ਸਾਰੇ ਪਿੰਡਾਂ ਲਈ ਓ.ਡੀ.ਐਫ. ਪਲੱਸ (ਮਾਡਲ) ਦਾ ਦਰਜਾ ਪ੍ਰਾਪਤ ਕਰਨ ਵੱਲ ਵਧ ਰਿਹਾ ਹੈ। ਹੁਣ ਤੱਕ 2250 ਪਿੰਡਾਂ ਨੇ ਗੰਦਾ ਪਾਣੀ ਪ੍ਰਬੰਧਨ ਦੇ ਵਿਗਿਆਨਕ ਮਾਡਲ ਅਪਣਾਏ ਹਨ, ਜਦੋਂ ਕਿ 1812 ਪਿੰਡਾਂ ਵਿੱਚ ਕੰਮ ਜਾਰੀ ਹੈ। ਇਸੇ ਤਰ੍ਹਾਂ 8747 ਪਿੰਡਾਂ ਵਿੱਚ ਸਕਰੀਨਿੰਗ-ਕਮ-ਡਿਸਿਲਟਿੰਗ ਚੈਂਬਰ ਬਣਾਏ ਗਏ ਹਨ ਅਤੇ 4,260 ਪਿੰਡਾਂ ਵਿੱਚ ਠੋਸ ਰਹਿੰਦ-ਖੂੰਹਦ ਪ੍ਰਬੰਧਨ ਲਈ ਕੰਪੋਸਟ-ਪਿੱਟ ਪੂਰੇ ਕੀਤੇ ਗਏ ਹਨ।

## ਵਾਟਰ ਸਪਲਾਈ ਤੇ ਸੀਵਰੇਜ ਕਾਮੇਂ 22 ਦਸੰਬਰ ਨੂੰ ਰੋਸ ਮਾਰਚ ਕਰਕੇ ਕਰਨਗੇ 23 ਦਸੰਬਰ ਤੋਂ ਪੰਜਾਬ ਪੱਧਰੀ ਤਿੰਨ ਦਿਨਾਂ ਹੜਤਾਲ*ਕਰਨਗੇ

**ਕੌਮੀ ਪਤ੍ਰਿਕਾ**
**ਮਲਾਗਰ ਖਮਾਣੋਂ**

ਫ਼ਤਹਿਗੜ੍ਹ ਸਾਹਿਬ,19, ਦਸੰਬਰ: ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਆਊਟਸੋਰਸ ਵਰਕਰਜ਼ ਯੂਨੀਅਨ ਰਜਿ: ਵੱਲੋਂ ਪਿਛਲੇ ਲੰਬੇ ਸਮੇਂ ਤੋਂ ਵਰਕਰਾਂ ਦੀਆਂ ਪੰਜਾਬ ਪੱਧਰੀ ਮੰਗਾਂ ਸਬੰਧੀ ਲਗਾਤਾਰ ਸੰਘਰਸ਼ ਕਰ ਰਹੇ ਸਨ ਇਸ ਮੌਕੇ ਪੰਜਾਬ ਪ?ਧਾਨ ਗੁਰਦੇਵ ਸਿੰਘ ਨਿਹੰਗ ਨੇ ਕਿਹਾ ਕਿ ਅਗਸਤ ਮਹੀਨੇ ਜਥੇਬੰਦੀ ਦੇ ਪੰਜਾਬ ਪੱਧਰੀ ਚਲਦੇ ਸੰਘਰਸ਼ ਦੌਰਾਨ ਅਫਸਰਸਾਹੀ ਸਰਕਾਰ ਵੱਲੋਂ ਮੌੜ ਮੰਡੀ ਦੇ ਪੰਦਰਾਂ ਵਰਕਰਾਂ ਤੇ ਝੂਠੇ ਪਰਚੇ ਪਾ ਕੇ ਜੇਲਾਂ ਵਿੱਚ ਭੇਜਿਆ ਗਿਆ ਅਤੇ ਨੌਕਰੀ ਤੋਂ ਵੀ ਫਾਰਗ ਕੀਤਾ ਗਿਆ ਉਸ ਮੌਕੇ ਪੰਜਾਬ ਪੱਧਰੀ ਹੜਤਾਲ ਮੁੱਖ ਕਾਰਜਕਾਰੀ ਅਫਸਰ ਵੱਲੋਂ ਇਹ ਕਹਿ ਕੇ ਚੁਕਵਾਈ ਗਈ ਕਿ ਮੌੜ ਮੰਡੀ ਵਰਕਰਾਂ ਤੇ ਪਾਏ ਪਰਚੇ ਰੱਦ ਕੀਤੇ ਜਾਣਗੇ ਅਤੇ ਵਰਕਰਾਂ ਨੂੰ ਕੰਮਾਂ ਤੇ



ਰੱਖਿਆ ਜਾਵੇਗਾ, ਪਰ ਉਸ ਤੋਂ ਬਾਅਦ ਨਾ ਹੀ ਵਰਕਰਾਂ ਨੂੰ ਕੰਮਾਂ ਤੇ ਰੱਖਿਆ ਗਿਆ ਤੇ ਨਾ ਹੀ ਪਰਚੇ ਰੱਦ ਕੀਤੇ ਗਏ ਸਗੋਂ ਸਰਕਾਰ ਵੱਲੋਂ ਵਾਰ ਵਾਰ ਜਥੇਬੰਦੀ ਨੂੰ ਮੀਟਿੰਗਾਂ ਦੇ ਕੇ ਪੋਸਟਪੋਨ ਕੀਤਾ ਜਾ ਰਿਹਾ ਹੈ। ਇਸ ਦੇ ਰੋਸ ਵਜੋ ਹੀ 22 ਦਸੰਬਰ ਨੂੰ ਮੁੱਖ ਮੰਤਰੀ ਦੇ ਸਹਿਰ ਧੂਰੀ ਵਿਖੇ ਜਬਰਦਸਤ ਰੋਸ ਮਾਰਚ ਅਤੇ ਤਿੰਨ ਦਿਨਾਂ ਪੰਜਾਬ ਪੱਧਰੀ 23,24,25 ਦਸੰਬਰ ਦੀ ਪੰਜਾਬ ਭਰ ਵਿਚ ਹੜਤਾਲ ਕੀਤੀ ਜਾਵੇਗੀ, ਜਿਸਦੀ ਪੂਰੀ ਜਿੰਮੇਵਾਰੀ ਪ?ਸਾਸਨ ਦੀ ਹੋਵੇਗੀ

## ਫੈਕਟਰੀ 'ਚ ਤਿਆਰ ਹੋ ਰਿਹਾ ਸੀ 'ਜਵਾਨੀ ਦਾ ਘਾਣ' ਕਰਨ ਵਾਲਾ ਸਾਮਾਨ !

ਨੈਸ਼ਨਲ ਡੈਸਕ 19 ਦਸੰਬਰ। ਮਹਾਰਾਸ਼ਟਰ ਪੁਲਸ ਦੇ ਨਾਰਕੋਟਿਕਸ ਸੈੱਲ ਨੇ ਰਾਜਸਥਾਨ ਦੇ ਝੁੰਝੁਨੂ ਵਿਚ ਇਕ 'ਮੈਫੇਡ?ਰੋਨ' ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ਼ ਕਰ ਕੇ ਲੱਗਭਗ 100 ਕਰੋੜ ਰੁਪਏ ਦੀ ਪਾਬੰਦੀਸ਼ੁਦਾ ਸਮੱਗਰੀ, ਰਸਾਇਣ ਅਤੇ ਉਪਕਰਣ ਜ਼ਬਤ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਨੂੰ ਮੀਰਾ ਭਯੰਦਰ-ਵਸਈ ਵਿਰਾਰ (ਐੱਮ.ਬੀ.ਵੀ.ਵੀ.) ਪੁਲਸ ਦੇ ਐਂਟੀ-ਨਾਰਕੋਟਿਕਸ ਸੈੱਲ (ਏ.ਐੱਨ.ਸੀ.) ਵੱਲੋਂ ਛਾਪੇਮਾਰੀ ਤੋਂ ਬਾਅਦ ਇਕ ਨਸ਼ੀਲੇ ਪਦਾਰਥਾਂ ਦੀ ਫੈਕਟਰੀ ਤੋਂ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਕਾਰਵਾਈ 4 ਅਕਤੂਬਰ ਨੂੰ ਏ.ਐੱਨ.ਸੀ. ਟੀਮ ਵੱਲੋਂ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਤਲਾਸ਼ੀ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ। ਠਾਣੇ ਜ਼ਿਲੇ ਵਿਚ ਸ਼ੁਰੂਆਤੀ ਕਾਰਵਾਈ ਦੌਰਾਨ 1 ਕਰੋੜ ਰੁਪਏ ਦੀ ਕੀਮਤ ਦਾ 501.6 ਗ੍ਰਾਮ ਨਸ਼ੀਲਾ ਪਦਾਰਥ (ਮੈਫੇਡ?ਰੋਨ), 8 ਮੋਬਾਈਲ ਫੋਨ ਅਤੇ 2 ਮੋਟਰਸਾਈਕਲ ਬਰਾਮਦ ਕੀਤੇ ਗਏ।

## ਹਾਈਵੇਅ ਪਾਰ ਕਰ ਰਹੇ ਨੌਜਵਾਨ ਨੂੰ ਟਰੱਕ ਨੇ ਦਰੜਿਆ

ਮਥੁਰਾ 19 ਦਸੰਬਰ। ਦਿੱਲੀ-ਆਗਰਾ ਰਾਸ਼ਟਰੀ ਰਾਜਮਾਰਗ 'ਤੇ ਛਟੀਕਰਾ ਖੇਤਰ ਦੇ ਨੇੜੇ ਸੋਮਵਾਰ ਸਵੇਰੇ ਇਕ ਤੇਜ਼ ਰਫ਼ਤਾਰ ਟਰੱਕ ਨੇ ਹਾਈਵੇਅ ਪਾਰ ਕਰ ਰਹੇ ਇਕ ਨੌਜਵਾਨ ਨੂੰ ਟੱਕਰ ਮਾਰ ਦਿੱਤੀ। ਟੱਕਰ ਤੋਂ ਬਾਅਦ ਨੌਜਵਾਨ ਟਰੱਕ 'ਚ ਫਸ ਗਿਆ ਅਤੇ ਡਰਾਈਵਰ ਉਸ ਨੂੰ ਲੱਗਭਗ 100 ਮੀਟਰ ਤੱਕ ਘੜੀਸਦਾ ਹੋਇਆ ਲੈ ਗਿਆ। ਚਸ਼ਮਦੀਦਾਂ ਅਨੁਸਾਰ ਹਾਦਸੇ ਤੋਂ ਬਾਅਦ ਡਰਾਈਵਰ ਵਾਹਨ ਨੂੰ ਸੜਕ 'ਤੇ ਛੱਡ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਇਸ ਘਟਨਾ ਤੋਂ ਬਾਅਦ ਮੌਕੇ 'ਤੇ ਹਫੜਾ-ਦਫ਼ੜੀ ਮਚ ਗਈ ਅਤੇ ਵੱਡੀ ਗਿਣਤੀ 'ਚ ਲੋਕ ਇਕੱਠੇ ਹੋ ਗਏ। ਰਾਹਗੀਰਾਂ ਨੇ ਟਰੱਕ 'ਚ ਫਸੇ ਜ਼ਖ਼ਮੀ ਨੌਜਵਾਨ ਨੂੰ ਬਾਹਰ ਕੱਢਿਆ। ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ।

## 8000 ਰੁਪਏ ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਵੱਲੋਂ ਰੰਗੇ ਹੱਥੀਂ ਕਾਬੂ

ਦਸੂਹਾ, 19 ਦਸੰਬਰ। ਤਹਿਸੀਲ ਦਸੂਹਾ ਵਿਖੇ ਅੱਜ ਬਾਅਦ ਦੁਪਹਿਰ ਇੱਕ ਪਟਵਾਰੀ ਰਾਮ ਸਿੰਘ ਨਿਵਾਸੀ ਵਰਿੰਗਲੀ ਬਡਲਾ ਨੂੰ ਵਿਜੀਲੈਂਸ ਵੱਲੋਂ ਰਿਸ਼ਵਤ ਲੈਂਦੇ ਰੰਗੇ ਹੱਥੀ ਫੜਿਆ ਗਿਆ ਹੈ। ਵਿਜੀਲੈਂਸ ਹੁਸ਼ਿਆਰਪੁਰ ਦੇ ਡੀਐੱਸਪੀ ਮਨਦੀਪ ਸਿੰਘ ਦੁਆਰਾ ਆਪਣੀ ਟੀਮ ਸਮੇਤ ਟਰੈਪ ਲਗਾ ਕੇ ਉਸ ਨੂੰ 8000 ਰਿਸ਼ਵਤ ਲੈਂਦਿਆਂ ਰੰਗੇ ਹੱਥੀ ਗਿਰਫਤਾਰ ਕਰ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਰੋਹਿਤ ਪੁੱਤਰ ਗੁਰਦਿਆਲ ਸਿੰਘ ਨਿਵਾਸੀ ਭਵਾਨੀ ਨਗਰ ਹੁਸ਼ਿਆਰਪੁਰ ਜਿਸ ਦੀ ਵਿਰਾਸਤੀ ਜ਼ਮੀਨ ਬਡਲਾ ਵਿਖੇ ਸੀ। ਉਸ ਦਾ ਵਿਰਾਸਤੀ ਇੰਤਕਾਲ ਕਰਨ ਲਈ ਇਸ ਪਟਵਾਰੀ ਨੇ ਉਸ ਤੋਂ ਰਿਸ਼ਵਤ ਮੰਗੀ ਸੀ। ਇਸ ਤੋਂ ਬਾਅਦ ਟਰੈਪ ਲਗਾ ਕੇ ਇਸ ਪਟਵਾਰੀ ਰਾਮ ਸਿੰਘ ਨੂੰ ਵਿਜਲੈਂਸ ਟੀਮ ਨੇ ਗ੍ਰਿਫਤਾਰ ਕਰ ਲਿਆ।

## ਸ਼ੱਕੀ ਹਾਲਾਤ 'ਚ ਵਿਅਕਤੀ ਦੀ ਲਾਸ਼ ਝਾੜੀਆਂ 'ਚੋਂ ਮਿਲੀ, ਕਤਲ ਦਾ ਖ਼ਦਸ਼ਾ

ਰੂਪਨਗਰ 19 ਦਸੰਬਰ। ਅੱਜ ਮਲਿਕਪੁਰ ਨੇੜੇ ਇਕ ਮੈਦਾਨ 'ਚ ਝਾੜੀਆਂ ਵਿੱਚ ਇਕ ਵਿਅਕਤੀ ਦੀ ਸ਼ੱਕੀ ਹਾਲਾਤ ਵਿਚ ਲਾਸ਼ ਬਰਾਮਦ ਕੀਤੀ ਗਈ। ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਜਸਵਿੰਦਰ ਦੀ ਮਾਤਾ ਮੁਖਤਿਆਰ ਪਤਨੀ ਗੁਰਮੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਆਪਣੇ ਸਹੁਰੇ ਘਰ ਰਹਿੰਦਾ ਸੀ ਅਤੇ ਕਬਾੜ ਵੇਚਣ ਦਾ ਕੰਮ ਕਰਦਾ ਸੀ। ਜਦੋਂ ਉਹ ਦੋ ਦਿਨਾਂ ਤੋਂ ਕਬਾੜੀਏ ਕੋਲ ਨਹੀਂ ਗਿਆ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਕ ਵਿਅਕਤੀ ਦੀ ਮੌਤ ਬਾਰੇ ਸੂਚਿਤ ਕੀਤਾ ਗਿਆ ਤਾਂ ਉਨ੍ਹਾਂ ਨੂੰ ਜਸਵਿੰਦਰ ਦੀ ਲਾਸ਼ ਝਾੜੀਆਂ ਵਿੱਚ ਪਈ ਮਿਲੀ। ਉਸ ਦਾ ਮੋਟਰਸਾਈਕਲ ਟੁੱਟਿਆ ਹੋਇਆ ਸੀ ਅਤੇ ਚਾਬੀਆਂ ਗਾਇਬ ਸਨ। ਉਸ ਦੇ ਸਿਰ ਦੇ ਪਿਛਲੇ ਪਾਸੇ ਸੱਟਾਂ ਦੇ ਨਿਸ਼ਾਨ ਸਨ, ਉਨ੍ਹਾਂ ਸ਼ੱਕ ਜਾਹਰ ਕੀਤਾ ਕਿ ਜਸਵਿੰਦਰ ਦਾ ਕਤਲ ਕਿਸੇ ਅਣਪਛਾਤੇ ਵਿਅਕਤੀ ਨੇ ਕੀਤਾ ਹੈ।

## ਨਿਰਭਯਾ ਵਰਗੀ ਘਟਨਾ: ਨਾਬਾਲਿਗ ਕੁੜੀ ਨਾਲ ਬਲਾਤਕਾਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 19 ਦਸੰਬਰ। ਗੁਜਰਾਤ ਦੇ ਰਾਜਕੋਟ ਜ਼ਿਲ੍ਹੇ ਦੇ ਅਟਕੋਟ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਇੱਕ ਪਿੰਡ ਵਿੱਚ ਇੱਕ ਸੱਤ ਸਾਲਾ ਬੱਚੀ ਨਾਲ ਕਥਿਤ ਤੌਰ 'ਤੇ ਬਲਾਤਕਾਰ ਕੀਤਾ ਗਿਆ ਅਤੇ ਉਸਦੇ ਗੁਪਤ ਅੰਗਾਂ ਵਿੱਚ ਲੋਹੇ ਦੀ ਰਾਡ ਪਾ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਪੁਲਸ ਨੇ ਦੋਸ਼ੀ, 35 ਸਾਲਾ ਰਾਮ ਸਿੰਘ, ਜੋ ਕਿ ਤਿੰਨ ਬੱਚਿਆਂ ਦਾ ਪਿਤਾ ਹੈ, ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਲੜਕੀ ਦਾ ਰਾਜਕੋਟ ਦੇ ਸਰਕਾਰੀ ਬੱਚਿਆਂ ਦੇ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ ਅਤੇ ਉਸਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪੁਲਸ ਦੇ ਅਨੁਸਾਰ, ਦੋਸ਼ੀ ਨੇ 4 ਦਸੰਬਰ ਨੂੰ ਲੜਕੀ ਨੂੰ ਉਸ ਸਮੇਂ ਅਗਵਾ ਕਰ ਲਿਆ ਜਦੋਂ ਉਸਦੇ ਮਾਪੇ ਖੇਤਾਂ ਵਿੱਚ ਕੰਮ ਕਰ ਰਹੇ ਸਨ। ਉਹ ਉਸਨੂੰ ਨੇੜਲੇ ਇਕਾਂਤ ਖੇਤਰ ਵਿੱਚ ਲੈ ਗਿਆ, ਉਸਦਾ ਗਲਾ ਘੁੱਟਿਆ ਅਤੇ ਉਸ 'ਤੇ ਹਮਲਾ ਕੀਤਾ। ਫਿਰ ਉਸਨੇ ਕਥਿਤ ਤੌਰ 'ਤੇ ਉਸਦੇ ਗੁਪਤ ਅੰਗਾਂ ਵਿੱਚ ਇੱਕ ਫੁੱਟ ਦੀ ਲੋਹੇ ਦੀ ਰਾਡ ਪਾ ਦਿੱਤੀ। ਉਸਦੇ ਮਾਪਿਆਂ, ਜੋ ਉਸਦੀ ਭਾਲ ਕਰ ਰਹੇ ਸਨ, ਨੇ ਦੇਖਿਆ ਕਿ ਉਸ ਦੇ ਬਹੁਤ ਜ਼ਿਆਦਾ ਖ਼ੂਨ ਵਹਿ ਰਿਹਾ ਸੀ ਅਤੇ ਉਸਨੂੰ ਨੇੜਲੇ ਹਸਪਤਾਲ ਲੈ ਗਏ, ਜਿੱਥੋਂ ਉਸਨੂੰ ਰਾਜਕੋਟ ਰੈਫਰ ਕਰ ਦਿੱਤਾ ਗਿਆ। ਹਸਪਤਾਲ ਵੱਲੋਂ ਪੁਲਸ ਨੂੰ ਸੂਚਿਤ ਕਰਨ ਤੋਂ ਬਾਅਦ, ਮਾਮਲੇ ਦੀ



ਗੰਭੀਰਤਾ ਨੂੰ ਦੇਖਦੇ ਹੋਏ 10 ਟੀਮਾਂ ਬਣਾਈਆਂ ਗਈਆਂ। ਨੇੜਲੇ ਪਿੰਡਾਂ ਅਤੇ ਥਾਵਾਂ ਤੋਂ ਸੀਸੀਟੀਵੀ ਫੁਟੇਜ ਇਕੱਠੀ ਕੀਤੀ ਗਈ ਅਤੇ ਵਿਸ਼ਲੇਸ਼ਣ ਕੀਤਾ ਗਿਆ। ਪੁਲਸ ਨੇ ਟੈਲੀਕਾਮ ਕੰਪਨੀਆਂ ਤੋਂ ਡੇਟਾ ਦੀ ਵੀ ਜਾਂਚ ਕੀਤੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਸ ਖੇਤਰ ਵਿੱਚ ਕਿੰਨੇ ਮੋਬਾਈਲ ਫੋਨ ਸਰਗਰਮ ਸਨ ਜਿੱਥੇ ਅਪਰਾਧ ਹੋਇਆ ਸੀ। 140 ਸ਼ੱਕੀਆਂ ਦੀ ਸੂਚੀ ਤਿਆਰ ਕੀਤੀ ਗਈ ਸੀ, ਅਤੇ ਉਨ੍ਹਾਂ ਸਾਰਿਆਂ ਨੂੰ ਅਪਰਾਧ ਦੇ ਸਮੇਂ ਉਨ੍ਹਾਂ ਦੇ ਬਿਆਨਾਂ ਦੀ ਪੁਸ਼ਟੀ ਕਰਨ ਲਈ ਪੁੱਛਗਿੱਛ ਲਈ ਬੁਲਾਇਆ ਗਿਆ ਸੀ। ਰਾਜਕੋਟ ਦਿਹਾਤੀ ਪੁਲਸ ਸੁਪਰਡੈਂਟ (ਐਸਪੀ) ਵਿਜੇ ਸਿੰਘ ਗੁਰਜਰ ਨੇ ਕਿਹਾ, ਅਸੀਂ 10 ਲੋਕਾਂ ਦੀ ਚੋਣ ਕੀਤੀ ਅਤੇ ਇੱਕ ਬਾਲ ਸਲਾਹਕਾਰ, ਮਹਿਲਾ ਪੁਲਸ ਅਧਿਕਾਰੀਆਂ ਅਤੇ ਡਾਕਟਰਾਂ ਦੀ ਮਦਦ ਨਾਲ ਪੀੜਤਾ ਨੂੰ ਉਨ੍ਹਾਂ ਦੀਆਂ ਤਸਵੀਰਾਂ ਦਿਖਾਈਆਂ। ਉਸਨੇ ਇੱਕ ਆਦਮੀ ਦੀ ਪਛਾਣ ਕੀਤੀ, ਜਿਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਪੁੱਛਗਿੱਛ ਕੀਤੀ ਗਈ। ਗੁਰਜਰ ਨੇ ਕਿਹਾ, ਪੁੱਛਗਿੱਛ ਦੌਰਾਨ, ਦੋਸ਼ੀ ਨੇ ਅਪਰਾਧ ਕਬੂਲ ਕਰ ਲਿਆ। ਉਸਨੇ 4 ਦਸੰਬਰ ਨੂੰ ਸਵੇਰੇ 11 ਵਜੇ ਦੇ ਕਰੀਬ ਖੇਤ ਦੇ ਨੇੜੇ ਇੱਕ ਪਾਣੀ ਦੀ ਟੈਂਕੀ ਦੇ ਨੇੜੇ ਲੜਕੀ 'ਤੇ ਜਿਨਸੀ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਅਸਫਲ ਰਿਹਾ, ਤਾਂ ਉਹ ਗੁੱਸੇ ਵਿੱਚ ਆ ਗਿਆ ਅਤੇ ਲੋਹੇ ਦੀ ਰਾਡ ਨਾਲ ਲੜਕੀ ਨੂੰ ਜ਼ਖਮੀ ਕਰ ਦਿੱਤਾ।

## ਕਿਰਾਇਆ ਮੰਗਣ ਆਈ ਮਾਲਕਣ ਦਾ ਕਤਲ, ਟੁਕੜੇ ਕਰ ਸੂਟਕੇਸ 'ਚ ਲੁਕਾਈ ਲਾਸ਼

ਗਾਜ਼ੀਆਬਾਦ 19 ਦਸੰਬਰ। ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਜ਼ਿਲ੍ਹੇ ਤੋਂ ਇਕ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਕਿਰਾਇਆ ਮੰਗਣ ਗਈ ਇਕ ਮਕਾਨ ਮਾਲਕਣ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਦੋਸ਼ ਹੈ ਕਿ ਪਿਛਲੇ 5-6 ਮਹੀਨਿਆਂ ਤੋਂ ਕਿਰਾਇਆ ਨਾ ਦੇ ਰਹੇ ਕਿਰਾਏਦਾਰ ਜੋੜੇ ਨੇ ਕਿਰਾਇਆ ਮੰਗਣ ਪਹੁੰਚੀ ਮਾਲਕਣ ਦਾ ਕਤਲ ਕਰ ਦਿੱਤਾ। ਸਿਰਫ਼ ਇੰਨਾ ਹੀ ਨਹੀਂ, ਕਤਲ ਤੋਂ ਬਾਅਦ ਦੋਸ਼ੀਆਂ ਨੇ ਲਾਸ਼ ਦੇ ਟੁਕੜੇ ਕਰਕੇ ਉਨ੍ਹਾਂ ਨੂੰ ਇਕ ਸੂਟਕੇਸ 'ਚ ਭਰ ਕੇ ਬੈੱਡ ਦੇ ਅੰਦਰ ਲੁਕਾ ਦਿੱਤਾ। ਇਹ ਘਟਨਾ ਰਾਜਨਗਰ ਐਕਸਟੈਂਸ਼ਨ ਸਥਿਤ Aura Chimera (ਓਰਾ ਸੂਮੇਰਾ) ਸੋਸਾਇਟੀ ਦੀ ਹੈ। ਮ੍ਰਿਤਕਾ ਦੀ ਪਛਾਣ ਦੀਪਸ਼ਿਖਾ ਸ਼ਰਮਾ, ਨਿਵਾਸੀ ਫਲੈਟ ਨੰਬਰ $-105, ਓਰਾ ਸੂਮੇਰਾ ਸੋਸਾਇਟੀ ਵਜੋਂ ਹੋਈ ਹੈ। 17 ਦਸੰਬਰ ਨੂੰ ਦੀਪਸ਼ਿਖਾ ਸ਼ਰਮਾ ਆਪਣੇ ਦੂਜੇ ਫਲੈਟ 'ਤੇ ਕਿਰਾਇਆ ਲੈਣ ਗਈ ਸੀ। ਪਰ ਜਦੋਂ ਉਹ ਦੇਰ ਰਾਤ ਤੱਕ ਘਰ ਵਾਪਸ ਨਾ ਆਈ ਤਾਂ ਪਰਿਵਾਰ ਅਤੇ ਸੋਸਾਇਟੀ ਵਾਸੀਆਂ ਵੱਲੋਂ ਉਸ ਦੀ ਤਲਾਸ਼ ਸ਼ੁਰੂ ਕੀਤੀ ਗਈ। CCTV ਫੁਟੇਜ 'ਚ ਦੀਪਸ਼ਿਖਾ ਸ਼ਰਮਾ ਸ਼ਾਮ ਦੇ ਸਮੇਂ ਕਿਰਾਏਦਾਰਾਂ ਦੇ ਫਲੈਟ ਵੱਲ ਜਾਂਦੀ ਹੋਈ ਨਜ਼ਰ ਆਈ, ਪਰ ਵਾਪਸੀ ਦੀ ਕੋਈ ਫੁਟੇਜ ਨਹੀਂ ਮਿਲੀ। ਇਸ ਨਾਲ ਸ਼ੱਕ ਹੋਰ ਵੀ ਡੂੰਘਾ ਹੋ ਗਿਆ। ਸੋਸਾਇਟੀ ਦੇ ਲੋਕ ਜਦੋਂ ਕਿਰਾਏਦਾਰਾਂ ਦੇ ਫਲੈਟ ਤੱਕ ਪਹੁੰਚੇ, ਤਾਂ ਦੋਸ਼ੀ ਭੱਜਣ ਦੀ ਕੋਸ਼ਿਸ਼ ਕਰਦੇ ਨਜ਼ਰ ਆਏ, ਪਰ ਅਸਫ਼ਲ ਰਹੇ। ਰੌਲਾ ਸੁਣ ਕੇ ਆਲੇ-ਦੁਆਲੇ ਦੇ ਫਲੈਟਾਂ ਦੇ ਲੋਕ ਵੀ ਇਕੱਠੇ ਹੋ ਗਏ ਅਤੇ ਤੁਰੰਤ ਪੁਲਸ ਨੂੰ ਸੂਚਨਾ ਦਿੱਤੀ ਗਈ। ਪੁਲਸ ਮੁਤਾਬਕ, ਕਿਰਾਏਦਾਰਾਂ ਦੇ ਨਾਮ ਅਜੈ ਗੁਪਤਾ ਅਤੇ ਆਕ੍ਰਿਤੀ ਗੁਪਤਾ ਹਨ। ਦੋਵਾਂ ਨੂੰ ਪੁਲਸ ਨੇ ਹਿਰਾਸਤ 'ਚ ਲੈ ਲਿਆ ਹੈ।

## ਫ਼ਸਲ ਵੇਚ ਕੇ ਘਰ ਆਉਂਦੇ ਕਿਸਾਨਾਂ ਨਾਲ ਵਾਪਰ ਗਈ ਅਣਹੋਣੀ ! 3 ਦੀ ਹੋਈ

**ਕੌਮੀ ਪਤ੍ਰਿਕਾ**

ਨਨੈਸ਼ਨਲ ਡੈਸਕ 19 ਦਸੰਬਰ। ਮੱਧ ਪ੍ਰਦੇਸ਼ ਤੋਂ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਭਿੰਡ ਜ਼ਿਲ੍ਹੇ ਦੇ ਲਹਿਰ ਸੈਕਸ਼ਨ ਵਿੱਚ ਨਾਨਪੁਰਾ ਪਿੰਡ ਨੇੜੇ ਇੱਕ ਟਰੈਕਟਰ-ਟਰਾਲੀ ਟੁੱਟੀ ਹੋਈ ਪੁਲੀ ਤੋਂ ਪਲਟ ਕੇ ਨਹਿਰ ਵਿੱਚ ਜਾ ਡਿੱਗੀ, ਜਿਸ ਕਾਰਨ 3 ਕਿਸਾਨਾਂ ਦੀ ਮੌਤ ਹੋ ਗਈ। ਬੀਤੀ ਦੇਰ ਰਾਤ ਵਾਪਰੇ ਇਸ ਹਾਦਸੇ ਦੀ ਸੂਚਨਾ ਅੱਜ ਸਵੇਰੇ ਉਦੋਂ ਮਿਲੀ ਜਦੋਂ ਤਿੰਨਾਂ ਦੀਆਂ ਲਾਸ਼ਾਂ ਟਰਾਲੀ ਦੇ ਹੇਠਾਂ ਦੱਬੀਆਂ ਹੋਈਆਂ ਮਿਲੀਆਂ। ਪਿੰਡ ਵਾਸੀਆਂ ਦੀ ਮਦਦ ਨਾਲ ਪੁਲਸ ਨੇ ਲਾਸ਼ਾਂ ਨੂੰ ਕੱਢ ਕੇ ਲਹਿਰ ਹਸਪਤਾਲ ਭੇਜ ਦਿੱਤਾ ਹੈ। ਮ੍ਰਿਤਕਾਂ ਦੀ ਪਛਾਣ ਝਿੰਜੂਰੀ ਸਿੰਘ ਰਾਜਪੂਤ (80), ਬਲਵੀਰ ਸਿੰਘ ਰਾਜਪੂਤ (70) ਅਤੇ ਸ਼ਵਿੰਦਰ ਸਿੰਘ ਰਾਜਪੂਤ (35) ਵਜੋਂ ਹੋਈ ਹੈ, ਜੋ ਕਿ ਰਾਵਤਪੁਰਾ ਸਾਨੀ ਪਿੰਡ ਦੇ ਵਸਨੀਕ ਹਨ। ਇਹ ਤਿੰਨੋਂ ਝੋਨਾ ਵੇਚਣ ਲਈ ਉੱਤਰ ਪ੍ਰਦੇਸ਼ ਗਏ ਸਨ ਅਤੇ ਬੀਤੀ ਦੇਰ ਰਾਤ ਵਾਪਸ ਆ ਰਹੇ ਸਨ। ਇਹ ਹਾਦਸਾ ਹਨੇਰੇ ਸਮੇਂ ਹੋਇਆ, ਇਸ ਲਈ ਕਿਸੇ ਨੇ ਤੁਰੰਤ ਇਸ ਦੀ ਸੂਚਨਾ




ਨਹੀਂ ਦਿੱਤੀ। ਅੱਜ ਸਵੇਰੇ ਨੇੜਲੇ ਖੇਤਾਂ ਨੂੰ ਪਾਣੀ ਮੋੜ ਰਹੇ ਕੁਝ ਕਿਸਾਨਾਂ ਨੇ ਨਹਿਰ ਵਿੱਚ ਪਲਟੀ ਹੋਈ ਟਰੈਕਟਰ-ਟਰਾਲੀ ਦੇਖਿਆ। ਨੇੜੇ ਜਾ ਕੇ ਦੇਖਣ 'ਤੇ ਉਨ੍ਹਾਂ ਨੂੰ ਤਿੰਨ ਕਿਸਾਨ ਟਰੈਕਟਰ ਦੇ ਹੇਠਾਂ ਦੱਬੇ ਹੋਏ ਮਿਲੇ। ਪਿੰਡ ਵਾਸੀਆਂ ਨੇ ਤੁਰੰਤ ਲਹਿਰ ਪੁਲਸ ਨੂੰ ਸੂਚਿਤ ਕੀਤਾ। ਖ਼ਬਰ ਮਿਲਦੇ ਹੀ ਟੀ.ਆਈ. ਸ਼ਿਵ ਸਿੰਘ ਯਾਦਵ ਪੁਲਸ ਟੀਮ ਨਾਲ ਮੌਕੇ 'ਤੇ ਪਹੁੰਚੇ। ਪੁਲਸ ਅਤੇ ਪਿੰਡ ਵਾਸੀਆਂ ਦੀ ਮਦਦ ਨਾਲ ਨਹਿਰ ਦੇ ਪਾਣੀ ਵਿੱਚ ਫਸੇ ਟਰੈਕਟਰ ਨੂੰ ਕੱਢਣ ਮਗਰੋਂ ਇਸ ਹੇਠ ਦੱਬੇ 3 ਕਿਸਾਨਾਂ ਦੀਆਂ ਲਾਸ਼ਾਂ ਕੱਢੀਆਂ ਗਈਆਂ। ਟਰੈਕਟਰ-ਟਰਾਲੀ ਹੇਠਾਂ ਦੱਬਣ ਅਤੇ ਪਾਣੀ ਵਿੱਚ ਡੁੱਬਣ ਕਾਰਨ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਸਥਾਨਕ ਲੋਕਾਂ ਨੇ ਦੱਸਿਆ ਕਿ ਨਾਨਪੁਰਾ ਨੇੜੇ ਇਹ ਪੁਲੀ ਲੰਬੇ ਸਮੇਂ ਤੋਂ ਟੁੱਟੀ ਹੋਈ ਹੈ, ਪਰ ਇਸ ਦੀ ਮੁਰੰਮਤ ਨਹੀਂ ਕੀਤੀ ਗਈ। ਇਸੇ ਕਰਕੇ ਪਿੰਡ ਵਾਸੀ ਹਰ ਰੋਜ਼ ਆਪਣੀ ਜਾਨ ਜੋਖਮ ਵਿੱਚ ਪਾ ਕੇ ਇੱਥੋਂ ਲੰਘਦੇ ਹਨ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੋਂ ਪੁਲੀ ਦੀ ਤੁਰੰਤ ਮੁਰੰਮਤ ਦੀ ਮੰਗ ਕੀਤੀ ਹੈ। ਟੀਆਈ ਸ਼ਿਵ ਸਿੰਘ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਵਿੱਚ ਹਾਦਸਾ ਖਰਾਬ ਪੁਲੀ ਅਤੇ ਹਨੇਰੇ ਕਾਰਨ ਹੋਇਆ ਹੈ। ਪੁਲਸ ਨੇ ਕੇਸ ਫਾਈਲ ਸਥਾਪਤ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਫੋਟੋ ਖਿਚਵਾਉਣ ਬਹਾਨੇ ਫ਼ਾਇਰਿੰਗ ! ਕਬੱਡੀ ਖਿਡਾਰੀ ਰਾਣਾ ਬਲਾਚੌਰੀਆ ਦੀ ਮੌਤ

ਮੋਹਾਲੀ 19 ਦਸੰਬਰ। ਮੋਹਾਲੀ ਦੇ ਸੋਹਣਾ ਇਲਾਕੇ 'ਚ ਵੱਡੀ ਵਾਰਦਾਤ ਸਾਹਮਣੇ ਆਈ ਹੈ, ਜਦੋਂ ਕਬੱਡੀ ਕੱਪ ਮੌਕੇ ਅਚਾਨਕ ਕੁਝ ਹਮਲਾਵਰਾਂ ਨੇ ਗੋਲੀਆਂ ਚਲਾ ਦਿੱਤੀਆਂ। ਇਹ ਘਟਨਾ ਸੈਕਟਰ-82 ਦੇ ਮੈਦਾਨ 'ਚ ਵਾਪਰੀ। ਮਿਲੀ ਜਾਣਕਾਰੀ ਮੁਤਾਬਕ ਫੋਰਟਿਸ ਹਸਪਤਾਲ ਗੰਭੀਰ ਹਾਲਤ ਵਿਚ ਦਾਖਲ ਕਰਵਾਏ ਰਾਣਾ ਬਲਾਚੌਰੀਆ ਦੀ ਮੌਤ ਹੋ ਗਈ ਹੈ। ਇਸ ਦੌਰਾਨ ਇਹ ਵੀ ਜਾਣਕਾਰੀ ਸਾਹਮਣੇ ਆਈ ਹੈ ਕਿ ਰਾਣਾ ਬਲਾਚੌਰੀਆ ਦਾ 10 ਦਿਨ ਪਹਿਲਾਂ ਹੀ ਵਿਆਹ ਹੋਇਆ ਸੀ ਐੱਸਐੱਸਪੀ ਮੁਹਾਲੀ ਹਰਮਨਦੀਪ ਸਿੰਘ ਹੰਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਸੁਹਾਣਾ ਵਿਚ ਕਬੱਡੀ ਕੱਪ ਚੱਲ ਰਿਹਾ ਸੀ। ਇਸ ਦੌਰਾਨ ਕਬੱਡੀ ਖਿਡਾਰੀ ਤੇ ਪ੍ਰਮੋਟਰ ਰਾਣਾ ਬਲਾਚੌਰ ਕੋਲ ਕੁਝ ਨੌਜਵਾਨ ਤਸਵੀਰਾਂ ਖਿਚਵਾਉਣ ਦੇ ਬਹਾਨੇ ਆਏ ਤੇ ਅਚਾਨਕ ਉਨ੍ਹਾਂ ਨੇ ਰਾਣਾ ਉੱਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਦੱਸਿਆ ਜਾ ਰਿਹਾ ਹੈ ਕਿ ਚਾਰ ਤੋਂ ਪੰਜ ਗੋਲੀਆਂ ਚੱਲੀਆਂ। ਨੌਜਵਾਨ ਨੂੰ ਵੀ ਗੋਲੀਆਂ ਲੱਗੀਆਂ ਹਨ, ਇਸ ਦੌਰਾਨ ਉਹ ਗੰਭੀਰ ਜ਼ਖਮੀ ਹੋ ਗਿਆ। ਇਸ ਦੌਰਾਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਇਕ ਬਲੈਰੋ ਤੇ ਬਾਈਕ ਉੱਤੇ ਫਰਾਰ ਹੋ ਗਏ। ਹਮਲਾਵਰ ਦੋ ਤੋਂ ਤਿੰਨ ਦੱਸੇ ਜਾ ਰਹੇ ਹਨ। ਪੁਲਸ ਮਾਮਲੇ ਦੀ ਰੰਜ਼ਿਸ਼ ਤੇ ਹੋਰ ਐਂਗਲਾਂ ਤੋਂ ਜਾਂਚ ਕਰ ਰਹੀ ਹੈ। ਇਸ ਦੌਰਾਨ ਸੀਸੀਟੀਵੀ ਵੀ ਖੰਗਾਲੇ ਜਾ ਰਹੇ ਹਨ। ਇਸ ਟੂਰਨਾਮੈਂਟ ਵਿੱਚ ਪ੍ਰਸਿੱਧ ਸਿੰਗਰ ਮਨਕੀਰਤ ਔਲਖ ਦੇ ਵੀ ਆਉਣ ਦਾ ਪ੍ਰੋਗਰਾਮ ਸੀ।

## ਹੜ੍ਹ ਦੇ ਚਾਰ ਮਹੀਨੇ ਬਾਅਦ ਵੀ ਰਾਵੀ ਦਰਿਆ ਦੇ ਪਾਰ ਪਿੰਡਾਂ ਦੇ ਲੋਕ ਹੜ੍ਹ ਦਾ ਸੰਤਾਪ ਝੱਲਣ ਲਈ ਮਜ਼ਬੂਰ !

**ਕੌਮੀ ਪਤ੍ਰਿਕਾ**

ਬਹਿਰਾਮਪੁਰ 19 ਦਸੰਬਰ। ਲਗਭਗ 4 ਮਹੀਨੇ ਪਹਿਲਾ ਜਿੱਥੇ ਹੜ੍ਹ ਕਾਰਨ ਗੁਰਦਾਸਪੁਰ ਜ਼ਿਲ੍ਹੇ ਦੇ ਕਈ ਇਲਾਕਿਆਂ ਵਿਚ ਪਾਣੀ ਦੀ ਮਾਰ ਪੈਣ ਕਾਰਨ ਲੋਕਾਂ ਨੂੰ ਘਰਾਂ ਤੋਂ ਬੇਘਰ ਹੋਣ ਲਈ ਮਜ਼ਬੂਰ ਹੋਣਾ ਪਿਆ ਸੀ, ਉਥੇ ਹੀ ਰਾਵੀ ਦਰਿਆ ਤੋਂ ਪਾਰਲੇ ਪਾਸੇ ਵੱਸੇ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਨੂੰ ਅੱਜ ਵੀ ਹੜ੍ਹ ਦਾ ਸੰਤਾਪ ਝੱਲਣਾ ਪੈ ਰਿਹਾ ਹੈ। ਜੇਕਰ ਗੱਲ ਕੀਤੀ ਜਾਵੇ ਤਾਂ ਹੜ੍ਹ ਦੇ ਸਮੇਂ ਕੇਂਦਰ ਅਤੇ ਪੰਜਾਬ ਦੇ ਕਈ ਮੰਤਰੀਆਂ, ਵਿਧਾਇਕ, ਡਿਪਟੀ ਕਮਿਸ਼ਨਰ ਸਮੇਤ ਹੋਰ ਨੇਤਾ ਜ਼ਿਲ੍ਹਾ ਗੁਰਦਾਸਪੁਰ ਤੇ ਪਠਾਨਕੋਟ ਦੇ ਰਾਵੀ ਦਰਿਆ ਦੇ ਪਾਰ ਵੱਸੇ ਲਗਭਗ ਅੱਧੀ ਦਰਜ਼ਨ ਪਿੰਡਾਂ ਦਾ ਦੌਰਾ ਕਰਨ ਤੋਂ ਬਾਅਦ ਉੱਥੇ ਟਾਪੂ ਵਰਗੇ ਇਲਾਕੇ ਦੇ ਲੋਕਾਂ ਦੇ ਜੀਵਨ ਨੂੰ ਬੇਹਤਰ ਕਰਨ ਦੇ ਸਮੇਂ-ਸਮੇਂ 'ਤੇ ਕਈ ਤਰ੍ਹਾਂ ਦੇ ਦਾਅਵੇ ਕਰਦੇ ਆ ਰਹੇ ਹਨ ਪਰ ਸੱਚਾਈ ਇਹ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਇਨ੍ਹਾਂ ਰਾਵੀ ਦਰਿਆ ਦੇ ਪਾਰ ਵਸੇ ਲੋਕਾਂ ਦੀ ਅੱਜ ਤੱਕ ਇਕ ਵੀ ਮੰਗ ਪੂਰੀ ਨਹੀਂ ਹੋਈ। ਇਹੀ ਕਾਰਨ ਹੈ ਕਿ ਇਸ ਇਲਾਕੇ ਦੇ ਲੋਕ ਅਜੇ ਵੀ ਆਜ਼ਾਦੀ ਦਾ ਨਿੱਘ ਨਹੀਂ ਮਾਣ ਰਹੇ। ਜਦੋਂ ਵੀ ਸਰਕਾਰ ਬਦਲਦੀ ਜਾਂ ਜਦੋਂ ਵੀ ਜ਼ਿਲਾ ਡਿਪਟੀ ਕਮਿਸ਼ਨਰ ਬਦਲਦਾ ਹੈ ਤਾਂ ਮੰਤਰੀ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਜ਼ਿਲੇ ਦੇ ਪਿੰਡਾਂ ਦਾ ਦੌਰਾ ਕਰ ਕੇ ਲੋਕਾਂ ਦੀਆ ਮੁਸ਼ਕਲਾਂ ਤੋਂ ਜਾਣੂ ਜ਼ਰੂਰ ਹੁੰਦੇ ਹਨ ਪਰ ਮੁੜ ਕਿਸੇ ਵੱਲੋਂ ਕੋਈ ਮੁਸ਼ਕਲ ਦਾ ਹੱਲ ਨਹੀਂ ਕੀਤਾ ਜਾਂਦਾ, ਸਿਰਫ ਲਾਰੇ ਲੱਪਿਆ ਤੱਕ ਹੀ ਸੀਮਿਤ ਰਹਿੰਦੇ ਹਨ। ਜੇਕਰ ਹੜ੍ਹ ਦੀ ਮਾਰ ਪੈਣ ਤੋਂ ਬਾਆਦ ਅੱਜ ਵੀ ਲੋਕਾਂ ਦੇ ਹਲਾਤ ਵੇਖੇ ਜਾਣ ਤਾਂ ਕਈ ਲੋਕਾ ਦੇ ਘਰ ਪਾਣੀ ਦੀ ਮਾਰ ਹੇਠਾਂ ਆਉਣ ਕਾਰਨ ਤਬਾਹ ਹੋ ਚੁੱਕੇ ਸੀ ਪਰ ਲੋਕ ਅੱਜ ਵੀ ਤਰਪਾਲ 'ਚ ਅੱਤ ਦੀ ਸਰਹੱਦੀ ਵਿਚ ਦਿਨ ਕੱਟਣ ਲਈ ਮਜਬੂਰ ਹੋ ਰਹੇ ਹਨ ਭਾਵੇਂ ਕਿ ਸਮੇਂ-ਸਮੇਂ ਦੀ ਸਰਕਾਰਾਂ ਵੱਲੋਂ ਹੜ੍ਹ ਤੋਂ ਬਾਆਦ ਸਥਾਨਕ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕਈ ਐਲਾਨ ਕੀਤੇ ਪਰ ਜੇਕਰ ਹਕੀਕਤ 'ਚ ਦੇਖਿਆ ਜਾਵੇ ਤਾਂ ਇਸ ਇਲਾਕੇ ਦੇ ਲੋਕਾਂ ਦੀ ਇਕ ਵੀ ਮੰਗ ਅੱਜ ਤੱਕ ਪੂਰੀ ਨਹੀਂ ਹੋਈ। ਇਹੀ ਕਾਰਨ ਹੈ ਕਿ ਇਹ ਲੋਕ ਆਪਣੇ ਆਪ ਨੂੰ ਭਾਰਤ ਦਾ ਨਾਗਰਿਕ ਕਹਿਣ ਤੋਂ ਵੀ ਸ਼ਰਮ ਮਹਿਸੂਸ ਕਰਦੇ ਹਨ। ਇਸ ਭਰਿਆਲ ਖੇਤਰ ਦੇ ਤਿੰਨ ਪਾਸੇ ਰਾਵੀ ਅਤੇ ਉੱਜ ਦਰਿਆ ਵਗਦੇ ਹਨ,



ਜਦੋਂ ਕਿ ਚੌਥੇ ਪਾਸੇ ਪਾਕਿਸਤਾਨ ਦੀ ਸਰਹੱਦ ਹੈ। ਇਹੀ ਕਾਰਨ ਹੈ ਕਿ ਬਰਸਾਤ ਦੇ ਮੌਸਮ 'ਚ ਇਹ ਪੂਰਾ ਇਲਾਕਾ ਦੇਸ਼ ਤੋਂ ਪੂਰੀ ਤਰ੍ਹਾਂ ਕੱਟਿਆ ਜਾਂਦਾ ਹੈ। ਰਾਵੀ ਦਰਿਆ ਉੱਤੇ ਪਲਟੂਨ ਪੁਲ ਦੇ ਖੁੱਲ੍ਹਣ ਕਾਰਨ ਸੜਕ ਸੰਪਰਕ ਪੂਰੀ ਤਰ੍ਹਾਂ ਕੱਟਿਆ ਜਾਂਦਾ ਹੈ। ਇਸ ਇਲਾਕੇ ਦੀ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਦਰਿਆ ਦੇ ਪਾਣੀ ਦੇ ਵਹਾਅ 'ਚ ਵਹਿ ਗਈ ਹੈ, ਜਦੋਂ ਕਿ ਇਕ ਜਾਂ ਦੋ ਪਿੰਡਾਂ ਦੀ ਪੂਰੀ ਜ਼ਮੀਨ ਦਰਿਆ 'ਚ ਵਹਿ ਗਈ ਹੈ। ਦਰਿਆਈ ਪਾਣੀ ਨਾਲ ਜ਼ਮੀਨ ਦਾ ਕਟੌਤੀ ਅੱਜ ਵੀ ਜਾਰੀ ਹੈ। ਜੇਕਰ ਸਿਹਤ ਵਿਭਾਗ, ਸਿੱਖਿਆ ਵਿਭਾਗ ਅਤੇ ਹੋਰ ਵਿਭਾਗਾਂ ਦੇ ਕਰਮਚਾਰੀਆਂ ਸਮੇਤ ਸਰਕਾਰੀ ਕਰਮਚਾਰੀ ਇਲਾਕੇ 'ਚ ਆਪਣੀ ਤਾਇਨਾਤੀ ਨੂੰ ਨਰਕ ਭਾਰੀ ਜ਼ਿੰਦਗੀ ਕੱਟਣ ਦੇ ਬਰਾਬਰ ਸਮਝਦੇ ਹਨ, ਜਿਸ ਕਾਰਨ ਅੱਜ ਵੀ ਲੋਕਾਂ ਨੂੰ ਸਿਹਤ ਸਹੂਲਤਾਂ, ਸਿੱਖਿਆ ਦੀ ਸਹੂਲਤ ਆਦਿ ਸਹੀ ਤਰੀਕੇ ਨਾਲ ਨਹੀਂ ਮਿਲ ਰਹੀਆ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਤੋਂ ਹੀ ਮਕੌੜਾ ਪੱਤਣ ਨੇੜੇ ਰਾਵੀ ਦਰਿਆ 'ਤੇ ਸਥਾਈ ਪੁਲ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ ਪਰ ਕਾਂਗਰਸੀ ਵਿਧਾਇਕਾ ਅਰੁਣਾ ਚੌਧਰੀ ਵੱਲੋਂ ਸਾਲ 2021 'ਚ ਇਸ ਪੁਲ ਦੇ ਨਿਰਮਾਣ ਨਾਲ ਸਬੰਧਤ ਹਰ ਤਰ੍ਹਾਂ ਦੀ ਐੱਨ.ਓ. ਸੀ. ਜਾਰੀ ਕਰਵਾ ਚੁੱਕੀ ਹੈ। ਇਸ ਪੁਲ ਲਈ ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਤੋਂ 100 ਕਰੋੜ 48 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ ਪਰ ਇਸ ਦੇ ਬਾਵਜੂਦ ਪੁਲ ਬਣਾਉਣ ਦਾ ਕੰਮ ਸ਼ੁਰੂ ਹੀ ਨਹੀਂ ਹੋਇਆ। ਇਸ ਇਲਾਕੇ ਦੇ ਸਾਬਕਾ ਸਰਪੰਚ ਗੁਰਨਾਮ ਸਿੰਘ ਤੂਰ, ਰੂਪ ਸਿੰਘ ਭਰਿਆਲ, ਨੰਬਰਦਾਰ ਵਿਜੇ ਸਿੰਘ, ਸਰਪੰਚ ਬਿਕਰਮਜੀਤ ਸਿੰਘ, ਸਰਪੰਚ ਅਮਰੀਕ ਸਿੰਘ, ਕਰਮ ਚੰਦ, ਜਸਬੀਰ ਪਾਲ, ਜੋਗਿੰਦਰ ਸਿੰਘ, ਗੁਰਵਿੰਦਰ ਸਿੰਘ, ਸੁਖਦੇਵ ਸਿੰਘ ਅਤੇ ਹੋਰ ਲੋਕਾਂ ਨੇ ਕਿਹਾ ਕਿ ਅਸੀਂ ਆਪਣੀਆਂ ਮੰਗਾਂ ਲਈ ਦਬਾਅ ਪਾਉਣ ਲਈ ਇਕ ਵਾਰ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਵੀ ਕੀਤਾ ਸੀ, ਕਈ ਵਿਰੋਧ ਪ੍ਰਦਰਸ਼ਨ ਕੀਤੇ ਗਏ ਪਰ ਇਸ ਦੇ ਬਾਵਜੂਦ ਸਾਨੂੰ ਝੂਠੇ ਭਰੋਸੇ ਤੋਂ ਇਲਾਵਾ ਕੁਝ ਨਹੀਂ ਮਿਲਿਆ। ਜਦੋਂ ਕਿ ਸਾਡੀ ਮੁੱਖ ਮੰਗ ਰਾਵੀ ਦਰਿਆ 'ਤੇ ਪੱਕਾ ਪੁਲ ਹੈ। ਇਸ ਤੋਂ ਇਲਾਵਾ, ਇਸ ਭਰਿਆਲ ਖੇਤਰ ਲਈ ਵਿਸ਼ੇਸ਼ ਸਹੂਲਤਾਂ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ। ਸਿੱਖਿਆ ਨੂੰ ਬਿਹਤਰ ਬਣਾਉਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ, ਪਾਣੀ ਦੀ ਸਪਲਾਈ ਦੀਆਂ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਇਕ ਛੋਟਾ ਹਸਪਤਾਲ ਸਥਾਪਤ ਕੀਤਾ ਜਾਣਾ ਚਾਹੀਦਾ ਹੈ। ਬਾਕੀ ਜੋ ਲੋਕ ਅੱਜ ਵੀ ਤਰਪਾਲਾਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ ਉਨ੍ਹਾਂ ਨੂੰ ਜਲਦ ਪੱਕੇ ਘਰਾਂ ਲਈ ਗਾਰਟਾਂ ਜਾਰੀ ਕੀਤੀਆ ਜਾਣ ਅਤੇ ਜੋ ਹੜ੍ਹਾਂ ਕਾਰਨ ਸਤਾਪ ਅਤੇ ਸੜਕਾਂ ਟੁੱਟਿਆ ਹਨ ਉਨ੍ਹਾਂਦੀ ਰਿਪੇਅਰ ਹੋਣੀ ਚਾਹੀਦੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਅਮਰੀਕਾ ਦੇ ਡਾ. ਦਲਵੀਰ ਪੰਨੂ ਨੇ ਐਡਵੋਕੇਟ ਧਾਮੀ ਨੂੰ ਭੇਟ ਕੀਤੀ 'ਗੁਰਮੁਖੀ ਅਦਬ ਦਾ ਖ਼ਜ਼ਾਨਾ' ਪੁਸਤਕ

ਕੌਮੀ ਪਤ੍ਰਿਕਾ

ਅੰਮ੍ਰਿਤਸਰ/ਜੈਤੋ 19 ਦਸੰਬਰ। ਅਮਰੀਕਾ ਨਿਵਾਸੀ ਡਾ. ਦਲਵੀਰ ਸਿੰਘ ਪੰਨੂ ਨੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਆਪਣੀ ਪੁਸਤਕ 'ਗੁਰਮੁਖੀ ਅਦਬ ਦਾ ਖ਼ਜ਼ਾਨਾ' ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਭੇਟ ਕੀਤੀ। ਇਸ ਪੁਸਤਕ ਵਿਚ ਡਾ. ਦਲਵੀਰ ਸਿੰਘ ਪੰਨੂ ਵਲੋਂ ਪਾਕਿਸਤਾਨ ਸਥਿਤ ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਵਿਖੇ ਸਿੱਖ ਇਤਿਹਾਸ ਨਾਲ ਸਬੰਧਤ ਕੀਮਤੀ ਖ਼ਜ਼ਾਨੇ ਬਾਰੇ ਭਰਪੂਰ ਜਾਣਕਾਰੀ ਦਰਜ ਹੈ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡਾ. ਦਲਵੀਰ ਸਿੰਘ ਪੰਨੂ ਵਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਕਾਰਜ ਸਿੱਖ ਇਤਿਹਾਸ ਦੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਡਾ. ਪੰਨੂ ਨੇ ਪਬਲਿਕ ਲਾਇਬ੍ਰੇਰੀ ਲਾਹੌਰ ਵਿਖੇ ਪੰਜਾਬ ਸਾਹਿਤ ਲਈ ਇਕ ਵੱਖਰਾ ਹਾਲ ਤਿਆਰ ਕਰਵਾ ਕੇ ਸਿੱਖ ਇਤਿਹਾਸ ਦੇ ਕੀਮਤੀ ਖ਼ਜ਼ਾਨੇ ਨੂੰ ਸੰਭਾਲਣ ਦਾ ਉਪਰਾਲਾ ਕਰਨ ਦੇ ਨਾਲ-ਨਾਲ ਇਸ ਦਾ ਡਾਟਾਬੇਸ ਤਿਆਰ ਕ ਰਕੇ ਇਸ ਖ਼ਜ਼ਾਨੇ ਦੀ ਜਾਣਕਾਰੀ ਸੰਗਤਾਂ ਤਕ ਪਹੁੰਚਾਉਣ ਦੇ ਯਤਨ ਦੀ ਸ਼ਲਾਘਾ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਇਨ੍ਹਾਂ ਦੀ ਖੋਜ ਅਨੁਸਾਰ ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਵਿਖੇ ਸਿੱਖ ਸਾਕਿਆਂ ਦੀ ਜਾਣਕਾਰੀ ਬਿਆਨ ਕਰਦੀਆਂ ਉਹ ਅਖ਼ਬਾਰਾਂ ਵੀ ਸ਼ਾਮਲ ਹਨ, ਜਿਨ੍ਹਾਂ ਵਿਚ ਜ਼ਿਕਰ ਹੈ ਕਿ ਸਾਡੇ ਪੁਰਖਿਆਂ ਨੇ ਮਹੰਤਾਂ ਤੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਲਈ ਆਪਣੀਆਂ ਜਾਇਦਾਦਾਂ ਤਕ ਵੇਚ ਦਿੱਤੀਆਂ ਸਨ, ਜੋ ਸਿੱਖਾਂ ਦਾ ਗੁਰੂ ਅਤੇ ਗੁਰੂ ਘਰਾਂ ਪ੍ਰਤੀ ਸਮਰਪਣ ਸੀ। ਡਾ. ਪੰਨੂ ਦੇ ਯਤਨ ਨਵੇਂ ਸਿੱਖ ਸਕਾਲਰਾਂ ਲਈ ਪ੍ਰੇਰਨਾ ਹਨ। ਇਸ ਮੌਕੇ ਡਾ. ਚੇਤਨ ਸਿੰਘ, ਓ. ਐਸ. ਡੀ. ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਭਾਈ ਸਤਪਾਲ ਸਿੰਘ ਕੋਹਲੀ ਯੂਐਸਏ, ਸਾਬਕਾ ਸਕੱਤਰ ਵਰਿਆਮ ਸਿੰਘ ਤੇ ਜਗਜੀਤ ਸਿੰਘ ਜੱਗੀ, ਮੈਨੇਜਰ ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਗੁਰਵਿੰਦਰ ਸਿੰਘ ਦੇਵੀਦਾਸਪੁਰ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ।



## ਦਸੂਹਾ ਤੇ ਤਲਵਾੜਾ ਦੀਆਂ 34 ਬਲਾਕ ਸੰਮਤੀਆਂ 'ਚ 25 ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਸਾਰੀਆ ਸੀਟਾਂ 'ਤੇ ਜਿੱਤੇ: ਵਿਧਾਇਕ ਘੁੰਮਣ

ਦਸੂਹਾ 19 ਦਸੰਬਰ। ਵਿਧਾਨਸਭਾ ਦਸੂਹਾ ਤੇ ਤਲਵਾੜਾ ਦੀਆਂ ਬਲਾਕ ਸੰਮਤੀਆਂ 34 ਵਿੱਚੋਂ 'ਆਪ' ਦੇ ਉਮੀਦਵਾਰਾਂ ਨੇ 25 ਸੀਟਾਂ 'ਤੇ ਜਿੱਤ ਹਾਸਲ ਕੀਤੀ। ਇਸ ਸਬੰਧੀ ਦਸੂਹਾ ਦੇ ਵਿਧਾਇਕ ਕਰਮਵੀਰ ਸਿੰਘ ਘੁੰਮਣ ਨੇ ਅਪਣੇ ਗ੍ਰਹਿ ਖੇੜਾ ਕੋਟਲੀ ਵਿਖੇ ਦੱਸਿਆ ਕਿ ਵਿਧਾਨਸਭਾ ਦਸੂਹਾ ਦੀਆਂ 19 ਬਲਾਕ ਸੰਮਤੀਆਂ 'ਚ 17 'ਤੇ 'ਆਪ' ਜੇਤੂ ਰਹੀ ਅਤੇ ਤਲਵਾੜਾ ਬਲਾਕ ਸੰਮਤੀਆਂ ਦੀਆਂ 15 ਵਿੱਚ 8 'ਤੇ 'ਆਪ' ਜੇਤੂ ਰਹੀ। ਜ਼ਿਲ੍ਹਾ ਪ੍ਰੀਸ਼ਦ ਦੀਆਂ ਸਾਰੀਆ ਚਾਰ ਸੀਟਾਂ 'ਆਪ' ਦੇ ਉਮੀਦਵਾਰ ਜੇਤੂ ਰਹੇ ਅਤੇ ਜੇਤੂ ਰਹੇ ਉਮੀਦਵਾਰਾਂ ਨੂੰ ਵਿਧਾਇਕ ਕਰਮਵੀਰ ਸਿੰਘ ਘੁੰਮਣ ਵੱਲੋਂ ਸਨਮਾਨਿਤ ਵੀ ਕੀਤਾ। ਇਸ ਮੌਕੇ 'ਤੇ ਸੋਮਾ ਦੇਵੀ, ਰਫੀਕ ਸਿੰਘ ਸਾਬੀ, ਜਰਨੈਲ ਸਿੰਘ ਬੰਟੀ, ਰਜਨੀਸ਼ ਕੁਮਾਰੀ, ਸੁਰਿੰਦਰ ਸਿੰਘ ਰਤਨ, ਜਗਮੋਹਨ ਸਿੰਘ ਘੁੰਮਣ, ਸੇਰਪ੍ਰਤਾਪ ਸਿੰਘ ਚੀਮਾ, ਬਿੰਦੂ ਘੁੰਮਣ, ਕੇ. ਪੀ. ਸੰਧੂ, ਬਿਸ਼ਨ ਦਾਸ, ਸੁੱਖਾ ਸੀਪਰੀਆਂ, ਬੱਬਾ ਸੀਪਰੀਆਂ, ਜਸਵਿੰਦਰ ਸਿੰਘ, ਰਸਪਾਲ ਸਿੰਘ, ਅਮਿਤ ਕੁਮਾਰ, ਸਪਿੰਕਾ ਪਿੰਕੀ, ਕਰਨੈਲ ਸਿੰਘ ਰਾਣਾ, ਲੱਕੀ, ਗੌਰਵ ਸਵਾਰ, ਟਿੰਕੂ, ਸੰਨੀ, ਨਰਿੰਦਰ ਆਦਿ ਹਾਜ਼ਰ ਸਨ।

## 'ਯੁੱਧ ਨਸ਼ਿਆਂ ਵਿਰੁੱਧ' ਤਹਿਤ 291ਵੇਂ ਦਿਨ 103 ਨਸ਼ਾ ਸਮੱਗਲਰ ਗ੍ਰਿਫ਼ਤਾਰ

ਚੰਡੀਗੜ੍ਹ/ਜਲੰਧਰ 19 ਦਸੰਬਰ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ 291ਵੇਂ ਦਿਨ ਪੰਜਾਬ ਪੁਲਸ ਨੇ 278 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ 'ਚ 83 ਐੱਫ਼. ਆਈ. ਆਰਜ਼. ਦਰਜ ਕਰਕੇ 103 ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਨਸ਼ਾ ਸਮੱਗਲਰਾਂ ਦੇ ਕਬਜ਼ੇ 'ਚੋਂ 5.03 ਕਿੱਲੋ ਹੈਰੋਇਨ, 2.7 ਕਿੱਲੋ ਅਫ਼ੀਮ, 1465 ਨਸ਼ੀਲੀਆਂ ਗੋਲ?ਆਂ/ਕੈਪਸੂਲ ਅਤੇ 2.6 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। 62 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 800 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 100 ਤੋਂ ਵੱਧ ਪੁਲਸ ਟੀਮਾਂ ਨੇ ਪੂਰੇ ਸੂਬੇ 'ਚ 278 ਥਾਵਾਂ 'ਤੇ ਛਾਪੇਮਾਰੀ ਕੀਤੀ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਸ ਟੀਮਾਂ ਨੇ 299 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ। ਇਸ ਦੇ ਨਾਲ ਹੀ 42 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ-ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ।

## ਕਮਿਸ਼ਨਰੇਟ ਪੁਲਸ ਜਲੰਧਰ ਵੱਲੋਂ ਇਕ ਨੌਜਵਾਨ 50 ਹੈਰੋਇਨ ਸਮੇਤ ਗ੍ਰਿਫ਼ਤਾਰ

ਜਲੰਧਰ 19 ਦਸੰਬਰ। ਜਲੰਧਰ ਕਮਿਸ਼ਨਰੇਟ ਪੁਲਸ ਦੀ ਕਰਾਈਮ ਬ੍ਰਾਂਚ ਵੱਲੋਂ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਮਨਪ੍ਰੀਤ ਸਿੰਘ ਢਿੱਲੋਂ DCP/INV,ਜਯੰਤ ਪੁਰੀ ADCP/INV ਅਤੇ ਅਮਰਬੀਰ ਸਿੰਘ ACP/D ਦੀ ਨਿਗਰਾਨੀ ਹੇਠ ਇੰਸਪੈਕਟਰ ਸਰਬਜੀਤ ਸਿੰਘ ਇੰਚਾਰਜ ਕਰਾਈਮ ਬ੍ਰਾਂਚ ਦੀ ਅਗਵਾਈ ਵਿੱਚ ਕਾਰਵਾਈ ਕਰਦਿਆਂ ਇਕ ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 50 ਗ੍ਰਾਮ ਹੈਰੋਇਨ ਬਰਾਮਦ ਕਰਨ 'ਚ ਸਫ਼ਲਤਾ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਮਿਤੀ ਦਸੰਬਰ ਨੂੰ ਕਰਾਈਮ ਬ੍ਰਾਂਚ ਦੀ ਟੀਮ ਵੇਰਕਾ ਮਿਲਕ ਪਲਾਂਟ ਚੌਂਕ ਤੋਂ ਸਰਵਿਸ ਰਾਊਂਡ ਦੌਰਾਨ ਇੰਦਰਾ ਕਾਲੋਨੀ ਵੱਲ ਜਾ ਰਹੀ ਸੀ। ਇਸ ਦੌਰਾਨ ਹੋਟਲ ਡਬਲਯੂ ਗਰੈਂਡ ਨੇੜੇ ਇੱਕ ਨੌਜਵਾਨ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਗਈ, ਜਿਸ ਤੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਗ੍ਰਿਫ਼ਤਾਰ ਦੋਸ਼ੀ ਦੀ ਪਛਾਣ ਰਜਤ ਪੁੱਤਰ ਲਾਰੇਂਸ, ਵਾਸੀ ਨੇੜੇ ਸਰਕਾਰੀ ਸਕੂਲ, ਪਿੰਡ ਇਬਰਾਹੀਮਪੁਰ, ਥਾਣਾ ਸੁਭਾਨਪੁਰ, ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਹੈ। ਦੋਸ਼ੀ ਖ਼?ਲਾਫ਼ ਮੁਕੱਦਮਾ ਨੰਬਰ 259 ਮਿਤੀ ਦਸੰਬਰ ਅਧੀਨ ਧਾਰਾਵਾਂ 212/61/85 ਐਕਟ ਤਹਿਤ ਥਾਣਾ ਡਿਵੀਜ਼ਨ ਨੰਬਰ 1, ਕਮਿਸ਼ਨਰੇਟ ਜਲੰਧਰ ਵਿੱਚ ਦਰਜ ਕੀਤਾ ਗਿਆ ਹੈ। ਪੁੱਛਗਿੱਛ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਦੋਸ਼ੀ ਖ਼?ਲਾਫ਼ ਪਹਿਲਾਂ ਤੋਂ ਹੀ ਥਾਣਾ ਸੁਭਾਨਪੁਰ, ਜ਼ਿਲ੍ਹਾ ਕਪੂਰਥਲਾ ਵਿਖੇ ਦੋ ਹੋਰ ਮੁਕੱਦਮੇ ਦਰਜ ਹਨ ਅਤੇ ਦੋਸ਼ੀ ਹਾਲ ਹੀ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਇਆ ਸੀ। ਜਲੰਧਰ ਕਮਿਸ਼ਨਰੇਟ ਪੁਲਸ ਵੱਲੋਂ ਨਸ਼ਿਆਂ ਦੇ ਖ਼?ਲਾਫ਼ ਆਉਣ ਵਾਲੇ ਦਿਨਾਂ ਵਿੱਚ ਵੀ ਸਖ਼ਤ ਅਤੇ ਨਿਰੰਤਰ ਕਾਰਵਾਈ ਜਾਰੀ ਰਹੇਗੀ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother s name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

## ਉੱਤਰ ਰੇਲਵੇ

**ਪ੍ਰਮੁੱਖ ਮੁੱਖ ਸਮਗਰੀ ਪ੍ਰਬੰਧਕ ਦਫਤਰ**
**ਹੈਡ ਆਫਿਸ, ਬੜੌਦਾ ਹਾਊਸ, ਨਵੀਂ ਦਿੱਲੀ-110001(Mail ID: salenr365@gamil.com)**

**ਈ-ਨੀਲਾਮੀ ਸੂਚਨਾ ਨੰ. ਜਨਵਰੀ-2026**

ਰੱਦ ਲੋਹਾ, ਅਲੋਹ, ਹੋਰ ਵਿਵਿਧ ਸਕ੍ਰੈਪ, ਕੰਡਮ ਲੋਕੋ ਕੋਚੇਜ ਅਤੇ ਵੈਗਨਸ, ਸਕ੍ਰੈਪ ਰੇਲ ਅਤੇ ਹੋਰ ਰੇਲ ਪਥ ਸਮਗਰੀ ਦੇ ਨਿਪਟਾਰੇ ਲਈ ਈ-ਨੀਲਾਮੀ ਕੀਤੀ ਜਾਵੇਗੀ। ਲੈਡ ਅਸਿਡ ਬੈਟਰੀਜ/ਯੂਜਡ ਆਯਲ/ਰਿਯੂਜਡ ਆਯਲ ਕੇਵਲ ਉਨ੍ਹਾਂ ਸੰਭਰਨਕਰਤਾਵਾਂ ਨੂੰ ਵਿਕਰੀ ਕੀਤਾ ਜਾਵੇਗਾ ਜੋ ਕਿ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਤਹਿਤ ਰਜਿਸਟਰਡ ਹੋਣਗੇ।

**ਜਨਵਰੀ-2026 ਦੀ ਈ-ਨੀਲਾਮੀ ਮਿਤੀ**

| ਲ. ਨੰ. | ਨੀਲਾਮੀ ਕਰਨ ਵਾਲਾ ਡਿਪੋ/ਡਵੀਜਨ | ਨੀਲਾਮੀ ਸਮਾਂ | ਪਹਿਲੇ ਪੜਾਅ ਦੀ ਮਿਤੀ | ਦੂਜੇ ਪੜਾਅ ਦੀ ਮਿਤੀ | ਤੀਜੇ ਪੜਾਅ ਦੀ ਮਿਤੀ | ਚੌਥੇ ਪੜਾਅ ਦੀ ਮਿਤੀ | ਪੰਜਵੇਂ ਪੜਾਅ ਦੀ ਮਿਤੀ | ਛੇਵੇਂ ਪੜਾਅ ਦੀ ਮਿਤੀ | ਸੱਤਵੇਂ ਪੜਾਅ ਦੀ ਮਿਤੀ | ਅੱਠਵੇਂ ਪੜਾਅ ਦੀ ਮਿਤੀ |
|---|---|---|---|---|---|---|---|---|---|---|
| 1. | ਆਲਮਬਾਗ/ਲਖਨਊ (0522-2451257) | 10:00 ਸਵੇਰੇ | 3 | 6 | 9 | 13 | 17 | 22 | 28 | 31 |
| 2. | ਸ਼ਕੂਰਬਸਤੀ:011-27015387 | 10:00 ਸਵੇਰੇ | 3 | 7 | 10 | 14 | 19 | 24 | 27 | 31 |
| 3. | ਜਗਾਧਰੀ: 01732-252388 | 10:00 ਸਵੇਰੇ | 2 | 5 | 8 | 12 | 15 | 21 | 24 | 29 |
| 4. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਲਖਨਊ : 0522-2234756 | 10:00 ਸਵੇਰੇ | 2 | 7 | 12 | 15 | 19 | 23 | 28 | 30 |
| 5. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਫਿਰੋਜਪੁਰ: 01632-244154 | 10:00 ਸਵੇਰੇ | 2 | 6 | 9 | 13 | 16 | 22 | 28 | 30 |
| 6. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਅੰਬਾਲਾ: 0171-2611203 | 10:00 ਸਵੇਰੇ | 5 | 8 | 12 | 15 | 20 | 23 | 27 | 30 |
| 7. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਮੁਰਾਦਾਬਾਦ: 0591-2413141 | 10:00 ਸਵੇਰੇ | 6 | 9 | 13 | 16 | 20 | 23 | 27 | 29 |
| 8. | ਸੀਨੀਅਰ ਮੰਡਲ ਸਮਗਰੀ ਪ੍ਰਬੰਧਕ/ ਦਿੱਲੀ: 011-23365311 | 10:00 ਸਵੇਰੇ | 2 | 5 | 8 | 12 | 16 | 21 | 27 | 30 |

ਨੋਟ: 1. ਨੀਲਾਮੀ ਵਿਚ ਵੇਚੀ ਜਾਣ ਵਾਲੀ ਸਮਗਰੀ ਦਾ ਵੇਰਵਾ www.ireps.gov.in 'ਤੇ ਦਿਤੇ ਕੈਟਲਾਗ 'ਤੇ ਉਪਲਬਧ ਹੋਣਗੇ। 2. ਇਛੁਕ ਖਰੀਦਦਾਰ ਉਪਰੋਕਤ ਵਰਣਿਤ ਸਮਗਰੀ ਨੂੰ ਨੀਲਾਮੀ ਦੇ ਪੂਰਵ ਨਾਮਿਤ ਸਥਾਨ 'ਤੇ ਕੰਮ ਦਿਵਸ ਵਿਚ ਦੇਖ ਸਕਦੇ ਹਨ। 3. ਪੂਰਵ ਨਿਲਾਮੀ ਵਿਚ ਵੇਚੇ ਗਏ ਸਮਗਰੀ ਦਾ ਵੇਰਵਾ www.nr.railnet.gov.in 'ਤੇ ਉਪਲਬਧ ਹੈ। 4. ਈ-ਨੀਲਾਮੀ ਵਿਚ ਭਾਗ ਲੈਣ ਦੇ ਲਈ ਕ੍ਰੇਤਾ ਨੂੰ ireps 'ਤੇ ਰਜਿਸਟਰਡ ਹੋਣਾ ਜਰੂਰੀ ਹੈ। ਨੀਲਾਮੀ ਦੀ ਵਿਸਤ੍ਰਿਤ ਜਾਣਕਾਰੀ, ਰਜਿਸਟਰੇਸ਼ਨ ਅਤੇ ਹੋਰ ਨਿਯਮ ਤੇ ਸ਼ਰਤਾਂ ਦੇ ਲਈ ਕਿਰਪਾ ਰੇਲਵੇ ਵੈਬਸਾਈਟ www.ireps.gov.in ਦੇਖੋ।

ਨਰੇਂਦਰ ਸਿੰਘ
ਉਪ ਮੁੱਖ ਸਮਗਰੀ ਪ੍ਰਬੰਧਕ/ ਐਸ ਐਂਡ ਪੀ

ਨੰਬਰ: 117-ਐਸ/ਸੇਲ/ਆਕਸ਼ਨ ਪ੍ਰੋਗਰਾਮ/2025-26 ਮਿਤੀ : 18.12.2025

3917/2025

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son s name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son s service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

ਕੌਮੀ ਪੱਤ੍ਰਿਕਾ

# ਮੁੱਖ ਮੰਤਰੀ ਵੱਲੋਂ ਅਧਿਕਾਰੀਆਂ ਨੂੰ ਸ਼ਹੀਦੀ ਸਭਾ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼

## ਮੀਟਿੰਗ ਦੌਰਾਨ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ 25 ਤੋਂ 27 ਦਸੰਬਰ ਨੂੰ ਹੋ ਰਹੀ ਸ਼ਹੀਦੀ ਸਭਾ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ



**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਅਧਿਕਾਰੀਆਂ ਨੂੰ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ 25 ਤੋਂ 27 ਦਸੰਬਰ ਨੂੰ ਸ਼ਹੀਦੀ ਸਭਾ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ ਹਨ।

ਅੱਜ ਇੱਥੇ ਸ਼ਹੀਦੀ ਸਭਾ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਨਤਮਸਤਕ ਹੋਣ ਲਈ ਲਗਪਗ 50 ਲੱਖ ਸ਼ਰਧਾਲੂਆਂ ਦੇ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਇਸ ਮਹਾਨ ਧਰਤੀ 'ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਨੇ ਮਾਤਾ ਗੁਜਰੀ ਜੀ ਨਾਲ ਲਾਸਾਨੀ ਸ਼ਹਾਦਤ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੰਗਤ ਲਈ ਕੀਤੇ ਜਾ ਰਹੇ ਪ੍ਰਬੰਧਾਂ ਵਿੱਚ ਸੁਰੱਖਿਆ ਵਿਵਸਥਾ ਅਤੇ ਪਵਿੱਤਰ ਸ਼ਹਿਰ ਦੀ ਸਫਾਈ ਲਈ ਵੱਧ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਸੜਕਾਂ ਦੀ ਮੁਰੰਮਤ ਲਈ ਪਹਿਲਾਂ ਹੀ ਫੰਡ ਅਲਾਟ ਕਰ ਦਿੱਤੇ ਹਨ ਅਤੇ ਨਿਰਧਾਰਤ ਸਮੇਂ ਵਿੱਚ ਕੰਮ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੰਗਤ ਦੀ ਵੱਡੀ ਆਮਦ ਦੇ ਮੱਦੇਨਜ਼ਰ ਪੂਰੇ ਜ਼ਿਲ੍ਹੇ ਨੂੰ ਸੈਕਟਰਾਂ ਵਿੱਚ ਵੰਡ ਦੇਣਾ ਚਾਹੀਦਾ ਹੈ ਅਤੇ ਹਰੇਕ ਸੈਕਟਰ ਦੀ ਨਿਗਰਾਨੀ ਪੁਲਿਸ ਤੇ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਵੱਲੋਂ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ 300 ਮੋਬਾਈਲ ਪਖਾਨੇ ਸਥਾਪਤ ਕੀਤੇ ਜਾਣ ਅਤੇ ਪ੍ਰਮੁੱਖ ਥਾਵਾਂ 'ਤੇ ਐਂਬੂਲੈਂਸਾਂ ਅਤੇ ਅੱਗ ਬੁਝਾਊ ਗੱਡੀਆਂ ਤਾਇਨਾਤ ਕੀਤੀਆਂ ਜਾਣ ਤਾਂ ਕਿ ਲੋੜ ਪੈਣ 'ਤੇ ਤੁਰੰਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਹਿਰ ਵਿੱਚ ਆ ਰਹੇ ਸ਼ਰਧਾਲੂਆਂ ਲਈ 200 ਈ-ਰਿਕਸ਼ੇ ਅਤੇ 200 ਸ਼ਟਲ ਬੱਸਾਂ ਤਾਇਨਾਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜੋ ਮੁਫਤ ਸਫ਼ਰ ਦੀ ਸਹੂਲਤ ਮੁਹੱਈਆ ਕਰਵਾਉਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਪਵਿੱਤਰ ਨਗਰੀ ਵਿੱਚ ਸਫਾਈ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਸੰਗਤ ਦੇ ਸਹਿਯੋਗ ਲਈ ਪਾਰਟੀ ਅਤੇ ਸਿਵਲ ਸੁਸਾਇਟੀ ਦੇ ਵਲੰਟੀਅਰਾਂ ਨੂੰ ਸੇਵਾ 'ਤੇ ਲਗਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਾਰੇ ਕੋਨਿਆਂ ਵਿੱਚ 300 ਤੋਂ ਵੱਧ ਸੀਸੀਟੀਵੀ ਕੈਮਰੇ ਲਗਾਏ ਜਾਣੇ ਚਾਹੀਦੇ ਹਨ ਤਾਂ ਜੋ ਕਸਬੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਕੜੀ ਨਜ਼ਰ ਰੱਖੀ ਜਾ ਸਕੇ। ਇੱਕ ਹੋਰ ਮੁੱਦੇ ਬਾਰੇ ਗੱਲ ਕਰਦਿਆਂ ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ ਪਵਿੱਤਰ ਨਗਰੀ ਵਿੱਚ 20 ਆਮ ਆਦਮੀ ਕਲੀਨਿਕ (ਏ.ਏ.ਸੀ.) ਸਥਾਪਤ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਲੋਕਾਂ ਲਈ ਲੋੜ ਪੈਣ 'ਤੇ ਮਿਆਰੀ ਇਲਾਜ ਯਕੀਨੀ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਜ਼ਿਲ੍ਹਾ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਉਹ ਸ਼ਹਿਰ ਦੇ ਆਲੇ-ਦੁਆਲੇ ਲੋੜੀਂਦੀ ਗਿਣਤੀ ਵਿੱਚ ਪਾਰਕਿੰਗ ਸਥਾਨ ਯਕੀਨੀ ਬਣਾਉਣ ਤਾਂ ਜੋ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਸ਼ਹੀਦੀ ਸਭਾ ਦੌਰਾਨ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਲੋੜੀਂਦੀ ਗਿਣਤੀ ਵਿੱਚ ਸਫਾਈ ਮਸ਼ੀਨਾਂ, ਸੀਵਰੇਜ ਸਫਾਈ ਮਸ਼ੀਨਾਂ, ਸੁਪਰ ਸਕਸ਼ਨ ਮਸ਼ੀਨਾਂ ਦੇ ਨਾਲ ਨਾਲ ਲੋੜੀਂਦੀ ਗਿਣਤੀ ਵਿੱਚ ਕਾਮਿਆਂ ਨੂੰ ਤਾਇਨਾਤ ਕਰਨ ਲਈ ਵੀ ਕਿਹਾ। ਭਗਵੰਤ ਸਿੰਘ ਮਾਨ ਨੇ ਅਧਿਕਾਰੀਆਂ ਨੂੰ ਸਾਰੇ ਵਿਭਾਗਾਂ ਦਾ ਸਾਂਝਾ ਕੰਟਰੋਲ ਰੂਮ ਸਥਾਪਤ ਕਰਨ ਦੇ ਵੀ ਨਿਰਦੇਸ਼ ਦਿੱਤੇ ਜਿਸ ਵਿੱਚ ਇੱਕ ਟੋਲ ਫ੍ਰੀ ਨੰਬਰ ਹੋਵੇ ਤਾਂ ਜੋ ਲੋੜ ਪੈਣ 'ਤੇ ਲੋਕ ਉਨ੍ਹਾਂ ਨਾਲ ਸੰਪਰਕ ਕਰ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਪਵਿੱਤਰ ਧਰਤੀ ਨਾ ਸਿਰਫ਼ ਸਿੱਖਾਂ ਲਈ ਸਗੋਂ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ ਕਿਉਂਕਿ ਦੁਨੀਆਂ ਭਰ ਤੋਂ ਸੰਗਤਾਂ ਹਰ ਸਾਲ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇੱਥੇ ਨਤਮਸਤਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ ਕਿ ਸ਼ਹੀਦੀ ਸਭਾ ਦੌਰਾਨ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇਸ ਕੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰਨਗੇ ਤਾਂ ਜੋ ਇਸ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਨਾ ਯਕੀਨੀ ਬਣਾਇਆ ਜਾ ਸਕੇ ਕਿਉਂਕਿ ਇਸ ਪਵਿੱਤਰ ਧਰਤੀ 'ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਦੇ ਨਾਲ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੇ ਸਦੀਆਂ ਤੋਂ ਪੰਜਾਬੀਆਂ ਨੂੰ ਅਨਿਆਂ, ਜ਼ੁਲਮ ਅਤੇ ਜਬਰ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਨੇ ਨਿੱਕੀ ਉਮਰ ਵਿੱਚ ਮਹਾਨ ਕੁਰਬਾਨੀ ਦਿੱਤੀ ਜਿਸ ਦੀ ਮਿਸਾਲ ਦੁਨੀਆ ਦੇ ਕਿਸੇ ਵੀ ਇਤਿਹਾਸ ਵਿੱਚ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਹਰ ਸਾਲ ਸ਼ਹੀਦੀ ਸਭਾ ਦੌਰਾਨ ਲੱਖਾਂ ਦੀ ਗਿਣਤੀ ਵਿੱਚ ਸੰਗਤ ਇਸ ਸਥਾਨ 'ਤੇ ਆਉਂਦੀ ਹੈ, ਇਸ ਲਈ ਸੂਬਾ ਸਰਕਾਰ ਵੱਲੋਂ ਇਸ ਸ਼ਹਿਰ ਨੂੰ ਨਵਾਂ ਰੂਪ ਦਿੱਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਪਵਿੱਤਰ ਸਥਾਨ 'ਤੇ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਢੁਕਵੀਂ ਵਿਧੀ ਬਣਾਈ ਜਾਣੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਥੇ ਆਉਣ ਵਾਲੀ ਸੰਗਤ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

# ਖੱਤਰੀ ਸਭਾ ਵਲੋਂ ਗੁਰਦੁਆਰਾ ਸਾਹਿਬ ਨੂੰ ਮ੍ਰਿਤਕ ਦੇਹ ਵਾਸਤੇ ਫਰਿੱਜ਼ਰ ਦਿੱਤਾ



**ਖਰੜ, 19 ਦਸੰਬਰ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੱਤਰੀ ਸਭਾ ਖਰੜ ਵਲੋਂ ਆਪਣੇ ਸਮਾਜ ਸੇਵੀ ਕੰਮਾਂ ਦੀ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਸਿੰਘ ਸਭਾ ਸੰਨੀ ਇਨਕਲੇਵ ਖਰੜ ਨੂੰ ਮ੍ਰਿਤਕ ਦੇਹ ਰੱਖਣ ਵਾਸਤੇ ਫਰਿੱਜ਼ਰ ਦਿੱਤਾ ਗਿਆ। ਖੱਤਰੀ ਸਭਾ ਦੇ ਪ੍ਰਧਾਨ ਵਿਨੋਦ ਕਪੂਰ ਨੇ ਦਸਿਆ ਕਿ ਸਭਾ ਦੇ ਸਮੂਹ ਮੈਂਬਰਾਂ ਵਲੋਂ ਪਾਏ ਗਏ ਯੋਗਦਾਨ ਇਹ ਸੇਵਾ ਕੀਤੀ ਗਈ ਅਤੇ ਇਸ ਤਰ੍ਹਾਂ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਇਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜਿੰਦਰ ਸਿੰਘ ਬੱਬੂ ਨੇ ਸਭਾ ਦਾ ਧੰਨਵਾਦ ਕੀਤਾ। ਇਸ ਮੌਕੇ ਸੰਨੀ ਇਨਕਲੇਵ ਵੈਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਅਸ਼ੋਕ ਕਪੂਰ, , ਐਮ.ਪੀ. ਜੱਸੜ, ਕਰਨੈਲ ਸਿੰਘ ਮਾਵੀ, ਹਾਕਮ ਸਿੰਘ, ਵਿਕਾਸ ਚੱਢਾ, ਰਵਿੰਦਰ ਖੰਨਾ, ਰਾਜੇਸ਼ ਕਪੂਰ, ਰਾਜਿੰਦਰ ਅਰੋੜਾ, ਸੁਨੀਲ ਖੰਨਾ, ਰਾਜੇਸ਼ ਵਰਮਾ, ਸੰਦੀਪ ਬਿੰਦਰਾ, ਐਮ.ਪੀ. ਜੱਸੜ, ਕਰਨੈਲ ਸਿੰਘ ਮਾਵੀ, ਸੀਮਾਂਤ ਕੋਹਲੀ, ਗਗਨ ਸੂਰੀ, ਪੰਕਜ ਚੱਢਾ, ਹਰਪ੍ਰੀਤ ਸਿੰਘ ਗੁਜਰਾਲ, ਡਾ. ਬੀ.ਪੀ.ਐਸ.ਠਾਕੁਰ ਸਮੇਤ ਹੋਰ ਮੈਂਬਰ ਤੇ ਅਹੁੱਦੇਦਾਰ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁੱਦੇਦਾਰ ਤੇ ਮੈਂਬਰ ਹਾਜ਼ਰ ਸਨ।

# ਦਾਨਵੀਰ ਫਾਊਂਡੇਸ਼ਨ ਖਰੜ ਵੱਲੋਂ ਖੂਨਦਾਨ ਅਤੇ ਮੈਡੀਕਲ ਕੈਂਪ ਲਗਾਇਆ



**ਖਰੜ, 19 ਦਸੰਬਰ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਗੋਰ ਨਿਕੇਤਨ ਮਾਡਲ ਹਾਈ ਸਕੂਲ ਲਾਂਡਰਾ ਰੋਡ ਖਰੜ ਵਿਖੇ ਦਾਨਵੀਰ ਫਾਊਂਡੇਸ਼ਨ ਖਰੜ ਵਲੋਂ ਖੂਨਦਾਨ ਅਤੇ ਫਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਫਾਊਡੇਸ਼ਨ ਦੇ ਪ੍ਰਧਾਨ ਤਰਨਦੀਪ ਸ਼ਰਮਾ ਨੇ ਇਸ ਕੈਂਪ ਵਿਚ ਜਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਕਮਲ ਕਿਸ਼ੋਰ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਖੂਨਦਾਨ ਕਰਨ ਵਾਲਿਆਂ ਦਾ ਸਨਮਾਨ ਕੀਤਾ। ਇਸ ਮੌਕੇ ਖੂਨਦਾਨ ਵਿੱਚ 122 ਯੂਨਿਟ ਇਕਤਰ ਕੀਤੇ ਗਏ। ਇਸ ਕੈਂਪ ਵਿਚ ਪ੍ਰਿੰਸੀਪਲ ਜਤਿੰਦਰ ਗੁਪਤਾ, ਕੌਂਸਲਰ ਮਾਨ ਸਿੰਘ,ਅਨਮੋਲ ਸ਼ਰਮਾ,ਅੰਕਿਤ ਗੋਇਲ ਕੈਸ਼ੀਅਰ ,ਅਕਾਸ਼ ਮਿੱਤਲ,ਸਮਾਜਸੇਵੀ ਪਰਮਿੰਦਰ ਸਿੰਘ ਲੋਗੀਆਂ,ਧੰਨਵਾਤ ਸਿੰਘ ਸ਼ਿੰਦਾ, ਅਮਨਦੀਪ ਸਿੰਘ ਅੰਮੂ, ਵਿਕਾਸ ਗਰਗ, ਮਲਕੀਤ ਸਿੰਘ ਖਟੜਾ, ਮਨਜਿੰਦਰ ਪਾਲ ਸਿੰਘ,ਡਾ ਸੁਰਿੰਦਰ ਰਾਣਾ, ਕੁਨਾਲ ਰਿੱਖੀ,ਰਜਤ ਸੱਚਦੇਵਾ,ਜੈਵਿਨ ਗੁਪਤਾ,ਪਰਦੀਪ ਬੰਟੀ, ਹਨੀਤ ਗੁਪਤਾ, ਨੰਦਨ ਸ਼ਰਮਾ,ਸਮਨਿਓ ਗਭੀਰ,ਵਰਿੰਦਰ ਭਿੰਦੀ, ਰਤੀਕ,ਸੋਨੂੰ ਸ਼ਿਮਲਾ ਟੇਲਰ, ਵਿਨੈ ਸ਼ਰਮਾ, ਤਰੂਣਮ ਗਰਗ ਅਤੇ ਆਕਾਂਸ਼ਾ ਮਿੱਤਲ ਹਾਜ਼ਰ ਸਨ ।

# ਅਮਾਇਰਾ ਗਰੀਨ-1 ਖਰੜ ਦੀ ਐਸੋਸੀਏਸ਼ਨ ਦੀ ਪ੍ਰਧਾਨ ਮੈਡਮ ਪਾਇਲ ਪਟੇਲ ਬਣ



**ਖਰੜ, 19 ਦਸੰਬਰ/ ਸੁਰਿੰਦਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖਰੜ-ਕੁਰਾਲੀ ਹਾਈਵੇਅ ਤੇ ਸਥਿਤ ਅਮਾਇਰਾ ਗਰੀਨ-1 ਦੀ ਸੁਸਾਇਟੀ ਦੀ ਚੋਣ ਕਰਵਾਉਣ ਲਈ ਅਮਰਾਇਰਾ ਗਰੀਨ ਦੇ ਸਮੂਹ ਵਸਨੀਕਾਂ ਦੀ ਮੀਟਿੰਗ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਮੈਡਮ ਪਾਇਲ ਪਟੇਲ ਲਗਾਤਾਰ ਪੰਜਵੀਂ ਵਾਰ ਸੁਸਾਇਟੀ ਦੀ ਪ੍ਰਧਾਨ ਚੁਣ ਲਿਆ ਗਿਆ। ਨਵ ਨਿਯੁਕਤ ਪ੍ਰਧਾਨ ਮੈਡਮ ਪਾਇਲ ਪਟੇਲ ਨੇ ਕਿਹਾ ਕਿ ਸੁਸਾਇਟੀ ਦੀਆਂ ਜੋ ਸਮੱਸਿਆਵਾਂ ਹਨ ਉਨ੍ਹਾਂ ਦਾ ਜਲਦੀ ਹੱਲ ਕਰਵਾਇਆ ਜਾਵੇਗਾ। ਸੋਸਾਇਟੀ ਨਿਵਾਸੀਆਂ ਵਲੋਂ ਇਸ ਜਿੱਤ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਮੌਕੇ ਰੌਦੀਨ ਜੀ. ਮਨਮੋਹਨ ਤ੍ਰਿਪਾਠੀ, ਕਾਨੂੰਗੋ ਅਦਿਤਿਆ ਕੌਸ਼ਲ, ਡਾਕਟਰ ਪੁਨੀਤ ਸੂਦ, ਭੁਪਿੰਦਰ ਸਿੰਘ ਪਟਵਾਰੀ, ਸਤਨਾਮ ਸਿੰਘ ਸਮੇਤ ਸੁਸਾਇਟੀ ਦੇ ਵਸਨੀਕ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਆਈ.ਆਈ.ਟੀ ਰੋਪੜ ਦੇ ਸਹਿਯੋਗ ਨਾਲ ਮਹੱਤਵਪੂਰਨ ਜਲ ਅਧਿਐਨ ਲਈ 1.61 ਕਰੋੜ ਰੁਪਏ ਦੀ ਪ੍ਰਵਾਨਗੀ: ਹਰਪਾਲ ਸਿੰਘ ਚੀਮਾ

## ਪੰਜਾਬ ਵਿੱਚ ਪਾਣੀ ਦੀ ਘਾਟ ਅਤੇ ਸੀਪੇਜ ਦੀ ਸਮੱਸਿਆ 'ਤੇ ਕੇਂਦਰਤ ਹੋਵੇਗਾ ਇਹ ਸੂਖਮ-ਪੱਧਰੀ ਜਲ ਅਧਿਐਨ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪਾਣੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਜਲ ਸਰੋਤਾਂ ਅਤੇ ਸੀਪੇਜ ਦੇ ਪੈਟਰਨਾਂ ਬਾਰੇ 1.61 ਕਰੋੜ ਰੁਪਏ ਦੇ ਸੂਖਮ-ਪੱਧਰੀ ਅਧਿਐਨ ਲਈ ਸਿਧਾਂਤਕ ਪ੍ਰਵਾਨਗੀ ਦਾ ਐਲਾਨ ਕੀਤਾ। ਇਹ ਅਧਿਐਨ, ਜੋ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ (ਪੀ.ਐਸ.ਐਫ.ਐਫ. ਡਬਲਯੂ.ਸੀ) ਦੁਆਰਾ ਆਈ.ਆਈ.ਟੀ ਰੋਪੜ ਦੇ ਸਹਿਯੋਗ ਨਾਲ ਕੀਤਾ ਜਾਵੇਗਾ, ਸੂਬੇ ਦੇ ਭੂਮੀਗਤ ਪਾਣੀ ਦੇ ਪੱਧਰਾਂ ਦੇ ਪ੍ਰਬੰਧਨ ਲਈ ਪ੍ਰਭਾਵਸ਼ਾਲੀ ਹੱਲ ਵਿਕਸਤ ਕਰਨ ਵਿੱਚ ਸਹਾਇਤਾ ਕਰੇਗਾ।

ਇਸ ਪਹਿਲਕਦਮੀ ਦੇ ਮਹੱਤਵ ਨੂੰ ਉਜਾਗਰ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇੱਕ ਖੇਤੀਬਾੜੀ ਪ੍ਰਧਾਨ ਰਾਜ ਹੋਣ ਦੇ ਨਾਤੇ, ਪੰਜਾਬ ਨੂੰ ਪਾਣੀ ਦੀ ਉਪਲਬਧਤਾ ਅਤੇ ਇਸ ਦੀ ਟਿਕਾਊ ਵਰਤੋਂ ਸੰਬੰਧੀ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸੂਬੇ ਦੇ ਖੇਤੀਬਾੜੀ ਯੁੱਗ ਦੇ ਪੁਨਰ ਸੁਰਜੀਤੀ ਵੱਲ ਇੱਕ ਮਹੱਤਵਪੂਰਨ ਕਦਮ ਸਾਬਿਤ ਹੋਵੇਗਾ। ਉਨ੍ਹਾਂ ਕਿਹਾ ਕਿ ਪੀ.ਐਸ.ਐਫ.ਐਫ.ਡਬਲਯੂ.ਸੀ ਦੁਆਰਾ ਨੈਸ਼ਨਲ ਇੰਸਟੀਚਿਊਟ ਆਫ਼ ਹਾਈਡ੍ਰੋਲੋਜੀ (ਐਨ.ਆਈ.ਐਚ), ਰੁੜਕੀ ਦੇ ਸਹਿਯੋਗ ਨਾਲ ਕੀਤੇ ਗਏ ਸ਼ੁਰੂਆਤੀ ਮੈਕਰੋ-ਪੱਧਰੀ ਅਧਿਐਨ ਨੂੰ ਖੇਤੀਬਾੜੀ ਸੁਧਾਰਾਂ ਬਾਰੇ ਪੰਜਾਬ ਵਿਧਾਨ ਸਭਾ ਕਮੇਟੀ ਦੁਆਰਾ ਰਸਮੀ ਤੌਰ 'ਤੇ ਸਵੀਕਾਰ ਕਰਦਿਆਂ ਇੱਕ ਹੋਰ ਵਿਸਤ੍ਰਿਤ ਸੂਖਮ-ਪੱਧਰੀ ਅਧਿਐਨ ਦਾ ਫੈਸਲਾ ਲਿਆ ਗਿਆ।

ਇਸ ਅਧਿਅਨ ਦੀ ਵਿਗਿਆਨਕ ਡੂੰਘਾਈ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਖਮ-ਪੱਧਰੀ ਅਧਿਐਨ ਵਿੱਚ ਕਾਰਬਨ ਡੇਟਿੰਗ ਅਤੇ ਜ਼ਮੀਨਦੋਜ਼ ਅਤੇ ਪਾਣੀ ਦੇ ਭੰਡਾਰਾਂ ਆਈਸੋਟੋਪ ਵਿਸ਼ਲੇਸ਼ਣ ਦੇ ਨਾਲ-ਨਾਲ ਸੂਬੇ ਭਰ ਵਿੱਚ ਸੀਪੇਜ ਦੇ ਨਮੂਨਿਆਂ ਦੀ ਵਿਆਪਕ ਜਾਂਚ ਸਮੇਤ ਉੱਨਤ ਤਕਨੀਕਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਅਧਿਐਨ ਦੇ ਉਦੇਸ਼ਾਂ ਵਿੱਚ ਕਈ ਅਹਿਮ ਪਹਿਲੂ ਸ਼ਾਮਲ ਹਨ, ਜਿਨ੍ਹਾਂ ਵਿੱਚ ਹਰ ਤਰ੍ਹਾਂ ਦੇ ਉਪਲਬਧ ਜਲ ਸਰੋਤਾਂ ਦਾ ਬਿਊਰਾ, ਨੀਤੀਗਤ ਫੈਸਲਿਆਂ ਲਈ ਐਕੁਈਫਰਾਂ ਦੀ ਵਿਸ਼ੇਸ਼ਤਾ ਦੱਸਣਾ, ਹੈਲੀਕਾਪਟ ਰਾਹੀਂ ਆਧੁਨਿਕ ਤਕਨੀਕਾਂ ਦੀ ਵਰਤੋਂ ਨਾਲ ਜਲ ਸਰੋਤਾਂ ਦਾ ਸਰਵੇਖਣ, ਬਦਲਵੇਂ ਜਲ ਸਰੋਤਾਂ ਦੀ ਖੋਜ ਕਰਨਾ, ਅਤੇ ਸੀਪੇਜ ਦਰਾਂ ਨਿਰਧਾਰਤ ਕਰਨ ਲਈ ਸੂਖਮ-ਪੱਧਰੀ ਅਧਿਐਨ ਕਰਨਾ ਸ਼ਾਮਲ ਹੈ।

ਅਧਿਐਨ ਲਈ ਮਨਜ਼ੂਰ ਕੀਤੇ ਗਏ ਵਿੱਤੀ ਵੰਡ ਬਾਰੇ ਵੇਰਵੇ ਪ੍ਰਦਾਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ 221.65 ਲੱਖ ਰੁਪਏ ਦੇ ਕੁੱਲ ਖਰਚ ਨਾਲ ਫੰਡ ਕੀਤਾ ਜਾਵੇਗਾ। ਇਸ ਰਕਮ ਵਿੱਚੋਂ, ਆਈ.ਆਈ.ਟੀ ਰੋਪੜ ਆਪਣੇ ਸਰੋਤਾਂ ਤੋਂ 60.00 ਲੱਖ ਰੁਪਏ ਦਾ ਯੋਗਦਾਨ ਪਾਵੇਗਾ, ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਨੂੰ 161.00 ਲੱਖ ਰੁਪਏ ਦਾ ਫੰਡ ਮੁਹੱਈਆ ਕਰਵਾਇਆ ਜਾਵੇਗਾ। ਫੰਡਿੰਗ ਦੇ ਬਦਲੇ ਆਈ.ਆਈ.ਟੀ. ਰੋਪੜ ਵਿਆਪਕ ਤਕਨੀਕੀ ਸਹਾਇਤਾ ਪ੍ਰਦਾਨ ਕਰੇਗਾ, ਜਿਸ ਵਿੱਚ ਡਿਜ਼ਾਈਨ ਅਤੇ ਕਾਰਜਕਾਰੀ ਮੁਹਾਰਤ, ਖੇਤਰੀ ਜਾਂਚ, ਨਮੂਨੇ ਇਕੱਠੇ ਕਰਨਾ, ਪੋਰਟੇਬਲ ਯੰਤਰ ਲਗਾਉਣਾ, ਬੁਨਿਆਦੀ ਢਾਂਚਾ ਅਤੇ ਪ੍ਰਯੋਗਸ਼ਾਲਾ ਦੀਆਂ ਸਹੂਲਤਾਂ, ਅਤੇ ਤਕਨੀਕੀ ਸਿਖਲਾਈ ਤੇ ਸਮਰੱਥਾ-ਨਿਰਮਾਣ ਪਹਿਲਕਦਮੀਆਂ ਸ਼ਾਮਲ ਹਨ।

ਇਸ ਅਧਿਐਨ ਵਿੱਚ ਪੰਜ ਵਿਸਤ੍ਰਿਤ ਪੜਾਅ ਸ਼ਾਮਲ ਹਨ, ਜੋ ਲੋੜੀਂਦੇ ਫੰਡ ਪ੍ਰਾਪਤ ਹੋਣ ਦੇ 12 ਮਹੀਨਿਆਂ ਦੇ ਅੰਦਰ ਪੂਰਾ ਹੋਣ ਲਈ ਤਹਿ ਕੀਤੇ ਗਏ ਹਨ। ਪਹਿਲੇ ਪੜਾਅ ਵਿੱਚ ਸੈਂਪਲਿੰਗ ਸਾਈਟਾਂ ਦਾ ਪਤਾ ਲਗਾਉਣ ਲਈ ਇੱਕ ਫੀਲਡ ਸਰਵੇਖਣ ਕੀਤਾ ਜਾਵੇਗਾ, ਦੂਸਰੇ ਪੜਾਅ ਦੌਰਾਨ ਸੂਬੇ ਦੇ ਐਕੁਇਫਰ ਸਿਸਟਮਾਂ ਦਾ ਇੱਕ ਹਾਈਡ੍ਰੋਜੀਓਲੋਜੀਕਲ ਢਾਂਚਾ ਵਿਕਸਤ ਕੀਤਾ ਜਾਵੇਗਾ, ਤੀਸਰੇ ਪੜਾਅ ਵਿੱਚ ਪ੍ਰਦੂਸ਼ਣ ਦੇ ਪੱਧਰਾਂ ਦਾ ਮੁਲਾਂਕਣ ਕਰਨ ਅਤੇ ਸਰੋਤ ਖੇਤਰਾਂ ਦੀ ਪਛਾਣ ਕਰਨ ਲਈ ਹਾਈਡ੍ਰੋ-ਰਸਾਇਣਕ ਵਿਸ਼ੇਸ਼ਤਾ ਅਤੇ ਆਈਸੋਟੋਪਿਕ ਵਿਸ਼ਲੇਸ਼ਣ ਸ਼ਾਮਲ ਹੋਵੇਗਾ, ਚੌਥੇ ਪੜਾਅ ਵਿੱਚ ਨਹਿਰੀ ਨੈੱਟਵਰਕ ਦੇ ਵਿਸਥਾਰ ਲਈ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ, ਅਤੇ ਪੰਜਵਾਂ ਪੜਾਅ ਵਿੱਚ ਪ੍ਰਬੰਧਨ ਉਪਾਵਾਂ ਲਈ ਸਿਫਾਰਸ਼ਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਈ.ਆਈ.ਟੀ. ਰੋਪੜ ਨਾਲ ਸਹਿਯੋਗ ਸੂਬਾ ਸਰਕਾਰ ਦੀ ਵਿਗਿਆਨ-ਆਧਾਰਿਤ ਨੀਤੀ-ਨਿਰਮਾਣ ਪ੍ਰਤੀ ਵਚਨਬੱਧਤਾ ਦਾ ਪ੍ਰਮ? ੩੨੦੧ ੦੭ ਹੈ।

੧ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਟਿਕਾਊ ਅਤੇ ਸਥਾਈ ਹੱਲ ਲੱਭਣ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ।



# ਐਚਡੀਐਫਸੀ ਬੈਂਕ ਵੱਲੋਂ ਦੇਸ਼ ਭਰ ਵਿੱਚ 4,000 ਤੋਂ ਵੱਧ ਸਾਈਬਰ ਧੋਖਾਧੜੀ ਜਾਗਰੂਕਤਾ ਵਰਕਸ਼ਾਪਾਂ ਦਾ ਆਯੋਜਨ




**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ, ਐਚਡੀਐਫਸੀ ਬੈਂਕ ਨੇ ਆਪਣੀ ਡਿਜੀਟਲ ਬੈਂਕਿੰਗ ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ ਭਾਰਤ ਭਰ ਵਿੱਚ ਸਾਈਬਰ ਧੋਖਾਧੜੀ ਜਾਗਰੂਕਤਾ ਵਰਕਸ਼ਾਪਾਂ ਦੀ ਇੱਕ ਲੜੀ ਦਾ ਆਯੋਜਨ ਕੀਤਾ। ਅਪ੍ਰੈਲ 2025 ਤੋਂ, ਬੈਂਕ ਨੇ ਇਸ ਲੜੀ ਦੇ ਤਹਿਤ 4,000 ਤੋਂ ਵੱਧ ਵਰਕਸ਼ਾਪਾਂ ਆਯੋਜਿਤ ਕੀਤੀਆਂ ਹਨ, ਜਿਸ ਵਿੱਚ 27,000 ਤੋਂ ਵੱਧ ਨਾਗਰਿਕਾਂ ਨੂੰ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ ਬਾਰੇ ਜਾਗਰੂਕ ਕੀਤਾ ਗਿਆ ਹੈ।

ਇਹਨਾਂ ਵਰਕਸ਼ਾਪਾਂ ਦਾ ਉਦੇਸ਼ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ, ਸੀਨੀਅਰ ਨਾਗਰਿਕਾਂ, ਸਵੈ-ਸਹਾਇਤਾ ਸਮੂਹਾਂ, ਗਾਹਕਾਂ ਅਤੇ ਕਰਮਚਾਰੀਆਂ ਨੂੰ ਸਿੱਖਿਅਤ ਕਰਨਾ ਸੀ। ਇਹਨਾਂ ਇੰਟਰਐਕਟਿਵ ਸੈਸ਼ਨਾਂ ਰਾਹੀਂ, ਭਾਗੀਦਾਰਾਂ ਨੂੰ ਸਾਈਬਰ ਧੋਖਾਧੜੀ ਦਾ ਸ਼ਿਕਾਰ ਹੋਣ ਤੋਂ ਬਚਣ ਵਿੱਚ ਮਦਦ ਕਰਨ ਲਈ ਸੁਰੱਖਿਅਤ ਡਿਜੀਟਲ ਬੈਂਕਿੰਗ ਅਭਿਆਸਾਂ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਹੋਈ। ਵਰਕਸ਼ਾਪਾਂ ਵਿੱਚ ਅਸਲ-ਜੀਵਨ ਦੀਆਂ ਉਦਾਹਰਣਾਂ, ਕਹਾਣੀਆਂ ਅਤੇ ਵੀਡੀਓ ਸ਼ਾਮਲ ਸਨ ਜਿਨ੍ਹਾਂ ਨੇ ਭਾਗੀਦਾਰਾਂ ਨੂੰ ਧੋਖਾਧੜੀ ਕਰਨ ਵਾਲਿਆਂ ਦੁਆਰਾ ਵਰਤੀਆਂ ਜਾਂਦੀਆਂ ਵੱਖ-ਵੱਖ ਚਾਲਾਂ ਅਤੇ ਅਜਿਹੇ ਧੋਖਾਧੜੀਆਂ ਤੋਂ ਸੁਰੱਖਿਅਤ ਰਹਿਣ ਲਈ ਸੁਝਾਅ ਸਮਝਣ ਵਿੱਚ ਮਦਦ ਕੀਤੀ। ਇਹਨਾਂ ਵਿੱਚੋਂ ਬਹੁਤ ਸਾਰੇ ਸੈਸ਼ਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ (LEAs) ਦੇ ਸਹਿਯੋਗ ਨਾਲ ਕਰਵਾਏ ਗਏ ਸਨ।

ਇਸ ਬਾਰੇ ਟਿੱਪਣੀ ਕਰਦੇ ਹੋਏ, ਐਚਡੀਐਫਸੀ ਬੈਂਕ ਦੇ ਸੀਨੀਅਰ ਕਾਰਜਕਾਰੀ ਉਪ ਪ੍ਰਧਾਨ (ਕ੍ਰੈਡਿਟ ਇੰਟੈਲੀਜੈਂਸ ਅਤੇ ਕੰਟਰੋਲ) ਸ਼੍ਰੀ ਮਨੀਸ਼ ਅਗਰਵਾਲ ਨੇ ਕਿਹਾ, ਧੋਖਾਧੜੀ ਕਰਨ ਵਾਲੇ ਗਾਹਕਾਂ ਨੂੰ ਗੁੰਮਰਾਹ ਕਰਨ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨ ਲਈ ਤਕਨਾਲੋਜੀ ਅਤੇ ਸੋਸ਼ਲ ਇੰਜੀਨੀਅਰਿੰਗ ਰਣਨੀਤੀਆਂ ਦੀ ਵਰਤੋਂ ਵੱਧ ਤੋਂ ਵੱਧ ਕਰ ਰਹੇ ਹਨ। ਇਸ ਲਈ, ਨਾਗਰਿਕਾਂ ਵਿੱਚ ਉਹਨਾਂ ਦੁਆਰਾ ਵਰਤੀਆਂ ਜਾਂਦੀਆਂ ਵੱਖ-ਵੱਖ ਰਣਨੀਤੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਮਹੱਤਵਪੂਰਨ ਹੈ ਤਾਂ ਜੋ ਉਹ ਗੁਪਤ ਬੈਂਕਿੰਗ ਡੇਟਾ ਸਾਂਝਾ ਨਾ ਕਰਨ ਜਾਂ ਗੈਰ-ਪ੍ਰਮਾਣਿਤ ਲਿੰਕਾਂ 'ਤੇ ਕਲਿੱਕ ਨਾ ਕਰਨ। ਇਹਨਾਂ ਵਰਕਸ਼ਾਪਾਂ ਦਾ ਉਦੇਸ਼ ਭਾਗੀਦਾਰਾਂ ਨੂੰ ਸੁਰੱਖਿਅਤ ਬੈਂਕਿੰਗ ਅਭਿਆਸਾਂ ਬਾਰੇ ਸਿੱਖਿਅਤ ਕਰਨਾ ਹੈ ਜਿਨ੍ਹਾਂ ਦੀ ਪਾਲਣਾ ਉਹਨਾਂ ਨੂੰ ਅਜਿਹੇ ਔਨਲਾਈਨ ਧੋਖਾਧੜੀਆਂ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਕਰਨੀ ਚਾਹੀਦੀ ਹੈ। ਕੋਈ ਵੀ ਕਾਰਵਾਈ ਕਰਨ ਤੋਂ ਪਹਿਲਾਂ ਹਮੇਸ਼ਾ 'ਰੁਕੋ,' 'ਸੋਚੋ' ਅਤੇ 'ਤਸਦੀਕ ਕਰੋ'।

**ਵਰਕਸ਼ਾਪ ਵਿੱਚ ਕਈ ਮਹੱਤਵਪੂਰਨ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ:**

1. ਧੋਖਾਧੜੀ ਕਰਨ ਵਾਲਿਆਂ ਦੀਆਂ ਚਾਲਾਂ ਨੂੰ ਸਮਝਣਾ - ਸੈਸ਼ਨ ਨੇ ਇਸ ਗੱਲ ਦੀ ਪੜਚੋਲ ਕੀਤੀ ਕਿ ਧੋਖਾਧੜੀ ਕਰਨ ਵਾਲੇ ਪੀੜਤਾਂ ਨੂੰ ਫਸਾਉਣ ਲਈ ਡਰ, ਜਲਦਬਾਜ਼ੀ, ਲਾਲਚ, ਜਾਂ ਮਦਦ ਲਈ ਬੇਨਤੀਆਂ ਦੀ ਵਰਤੋਂ ਕਿਵੇਂ ਕਰਦੇ ਹਨ। ਡਿਜੀਟਲ ਗ੍ਰਿਫਤਾਰੀ, ਨਿਵੇਸ਼ ਘੁਟਾਲੇ, ਏਪੀਕੇ ਧੋਖਾਧੜੀ, ਫਿਸ਼ਿੰਗ, ਸਮਿਸ਼ਿੰਗ, ਵਿਸ਼ਿੰਗ, ਸਿਮ ਸਵੈਪ, ਰਿਮੋਟ ਐਕਸੈਸ ਘੁਟਾਲੇ, ਯੂਪੀਆਈ ਧੋਖਾਧੜੀ, ਅਤੇ ਹੋਰ ਬਹੁਤ ਕੁਝ ਵਰਗੇ ਆਮ ਸਾਈਬਰ ਖਤਰਿਆਂ ਨੂੰ ਉਜਾਗਰ ਕਰਨ ਲਈ ਅਸਲ ਜੀਵਨ ਦੀਆਂ ਉਦਾਹਰਣਾਂ ਸਾਂਝੀਆਂ ਕੀਤੀਆਂ ਗਈਆਂ।
2. ਸੁਰੱਖਿਅਤ ਬੈਂਕਿੰਗ ਲਈ ਵਿਹਾਰਕ ਸੁਝਾਅ - ਵਰਕਸ਼ਾਪ ਵਿੱਚ ਸੁਰੱਖਿਅਤ ਬੈਂਕਿੰਗ ਅਭਿਆਸਾਂ ਨੂੰ ਅਪਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ, ਜਿਸ ਵਿੱਚ 'ਵਿਜਿਲ ਆਂਟੀ' ਨੂੰ ਇੱਕ ਭਰੋਸੇਮੰਦ ਜਾਗਰੂਕਤਾ ਰਾਜਦੂਤ ਵਜੋਂ ਪੇਸ਼ ਕੀਤਾ ਗਿਆ ਅਤੇ ਗਾਹਕਾਂ ਨੂੰ ਆਪਣੀ ਰੱਖਿਆ ਕਰਨ ਵਿੱਚ ਮਦਦ ਕਰਨ ਲਈ ਸਰਲ ਪਰ ਪ੍ਰਭਾਵਸ਼ਾਲੀ ਸੁਝਾਅ ਪ੍ਰਦਾਨ ਕੀਤੇ ਗਏ।
3. ਧੋਖਾਧੜੀ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਦਿਸ਼ਾ-ਨਿਰਦੇਸ਼ - ਭਾਗੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਕਦੇ ਵੀ ਸੰਵੇਦਨਸ਼ੀਲ ਨਿੱਜੀ ਜਾਣਕਾਰੀ ਸਾਂਝੀ ਨਾ ਕਰਨ, ਕਦੇ ਵੀ ਸ਼ੱਕੀ ਲਿੰਕਾਂ 'ਤੇ ਕਲਿੱਕ ਨਾ ਕਰਨ, ਅਤੇ ਈਮੇਲ, SMS, ਜਾਂ WhatsApp ਰਾਹੀਂ ਪ੍ਰਾਪਤ ਹੋਈਆਂ APK ਫਾਈਲਾਂ ਜਾਂ ਅਟੈਚਮੈਂਟਾਂ ਨੂੰ ਡਾਊਨਲੋਡ ਕਰਨ ਤੋਂ ਬਚਣ - ਖਾਸ ਕਰਕੇ ਸਰਕਾਰੀ ਅਧਿਕਾਰੀਆਂ, ਬੈਂਕਾਂ ਜਾਂ ਹੋਰ ਸੰਸਥਾਵਾਂ ਦੇ ਰੂਪ ਵਿੱਚ ਭੇਜੀਆਂ ਗਈਆਂ।

ਬੈਂਕ ਗਾਹਕਾਂ ਨੂੰ ਡਿਜੀਟਲ ਲੈਣ-ਦੇਣ ਕਰਦੇ ਸਮੇਂ ਸਾਵਧਾਨ ਰਹਿਣ, ਸੁਰੱਖਿਅਤ ਬੈਂਕਿੰਗ ਅਭਿਆਸਾਂ ਨੂੰ ਅਪਣਾਉਣ ਅਤੇ ਆਪਣੀ ਗੁਪਤ ਬੈਂਕਿੰਗ ਜਾਣਕਾਰੀ ਕਿਸੇ ਨਾਲ ਸਾਂਝੀ ਨਾ ਕਰਨ ਲਈ ਉਤਸ਼ਾਹਿਤ ਕਰਦਾ ਹੈ। ਜੇਕਰ ਗਾਹਕ ਔਨਲਾਈਨ ਧੋਖਾਧੜੀ ਦਾ ਸ਼ਿਕਾਰ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਤੁਰੰਤ ਬੈਂਕ ਨੂੰ ਅਣਅਧਿਕਾਰਤ ਲੈਣ-ਦੇਣ ਦੀ ਰਿਪੋਰਟ ਕਰਨੀ ਚਾਹੀਦੀ ਹੈ ਅਤੇ ਭਵਿੱਖ ਦੇ ਨੁਕਸਾਨ ਤੋਂ ਬਚਣ ਲਈ ਭੁਗਤਾਨ ਮੋਡ ਨੂੰ ਬਲਾਕ ਕਰਨਾ ਚਾਹੀਦਾ ਹੈ। ਗਾਹਕਾਂ ਨੂੰ ਗ੍ਰਹਿ ਮੰਤਰਾਲੇ ($81) ਦੁਆਰਾ ਸ਼ੁਰੂ ਕੀਤੇ ਗਏ 1930 ਹੈਲਪਲਾਈਨ ਨੰਬਰ 'ਤੇ ਕਾਲ ਕਰਕੇ ਸ਼ਿਕਾਇਤ ਦਰਜ ਕਰਨੀ ਚਾਹੀਦੀ ਹੈ ਅਤੇ https://cybercrime.gov.in 'ਤੇ ਰਾਸ਼ਟਰੀ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ 'ਤੇ ਸ਼ਿਕਾਇਤ ਦਰਜ ਕਰਨੀ ਚਾਹੀਦੀ ਹੈ।

# ਆਜਾਦੀ ਦੇ ਆਂਦੋਲਨ ਵਿੱਚ ਵੀ ਮੀਡੀਆ ਦੀ ਅਹਿਮ ਭੂਮਿਕਾ ਰਹੀ ਹੈ: ਆਰਤੀ ਸਿੰਘ ਰਾਓ



**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਆਜਾਦੀ ਦੇ ਆਂਦੋਲਨ ਵਿੱਚ ਵੀ ਮੀਡੀਆ ਦੀ ਅਹਿਮ ਭੂਮਿਕਾ ਰਹੀ ਹੈ। ਅੱਜ ਸੂਚਨਾ ਦੇ ਕਈ ਮੀਡੀਅਮ ਹਨ, ਪਰ ਫੇਰ ਵੀ ਲੋਕਾਂ ਦਾ ਪ੍ਰਿੰਟ ਮੀਡੀਆ 'ਤੇ ਭਰੋਸਾ ਹੈ, ਇਹ ਭਰੋਸਾ ਹੀ ਪ੍ਰਿੰਟ ਮੀਡੀਆ ਦੀ ਸਭ ਤੋਂ ਵੱਧ ਪੂੰਜੀ ਹੈ।

ਸਿਹਤ ਮੰਤਰੀ ਅੱਜ ਚੰਡੀਗੜ੍ਹ ਵਿੱਚ ਦ ਕੰਫੇਡਰੇਸ਼ਨ ਆਫ਼ ਨਿਊਜ਼ ਏਜੰਸੀ ਏਮਪਲਾਇਜ਼ ਆਰਗੇਨਾਇਜੇਸ਼ਨ ਦੀ ਆਲ ਇੰਡੀਆ ਮੀਡੀਆ ਮੀਟ ਵਿੱਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ।

ਉਨ੍ਹਾਂ ਨੇ ਮੀਡੀਆ ਨੂੰ ਸਮਾਜ ਦਾ ਚੌਥਾ ਥੰਭ ਦੱਸਦੇ ਹੋਏ ਕਿਹਾ ਕਿ ਸੁਤੰਤਰਤਾ ਆਂਦੋਲਨ ਵਿੱਚ ਪ੍ਰਿੰਟ ਮੀਡੀਆ ਨੇ ਸੱਤਾ ਤੋਂ ਸੁਆਲ ਪੁੱਛਣ ਦੀ ਹਿੰਮਤ ਕੀਤੀ ਅਤੇ ਜਨਤਾ ਦੀ ਆਵਾਜ ਬਣ ਕੇ ਖਲੌਤਾ ਰਿਹਾ। ਇਹ ਹੀ ਕਾਰਨ ਹੈ ਕਿ ਪ੍ਰਿੰਟ ਮੀਡੀਆ ਦਾ ਮਹੱਤਵ ਸਿਰਫ਼ ਖਬਰਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਉਸ ਨੇ ਸਮਾਜ ਨੂੰ ਸੋਚਣ, ਸਮਝਣ ਅਤੇ ਸਹੀ-ਗਲਤ ਵਿੱਚ ਫਰਕ ਕਰਨ ਦੀ ਦ੍ਰਿਸ਼ਟੀ ਵੀ ਦਿੱਤੀ।

ਸਿਹਤ ਮੰਤਰੀ ਨੇ ਪ੍ਰਿੰਟ ਮੀਡੀਆ ਦਾ ਮਹੱਤਵ ਦੱਸਦੇ ਹੋਏ ਕਿਹਾ ਕਿ ਜਦੋਂ ਇਲੈਕਟ੍ਰਾਨਿਕ ਮੀਡੀਆ ਦਾ ਵਿਸਥਾਰ ਹੋਇਆ, ਖ਼ਾਸਕਰ ਟੇਲੀਵਿਜ਼ਨ ਰਾਹੀਂ ਘਰ-ਘਰ ਤੱਕ ਪਹੁੰਚਣ ਲਗੀ, ਉਦੋਂ ਇਹ ਮੰਨ੍ਹਿਆਂ ਜਾਣ ਲੱਗਾ ਕਿ ਹੁਣ ਪ੍ਰਿੰਟ ਮੀਡੀਆ ਦਾ ਅਸਰ ਘੱਟ ਹੋ ਜਾਵੇਗਾ। ਲੋਕਾਂ ਨੂੰ ਲਗਾ ਕਿ ਤੇਜ਼ ਗਤੀ ਅਤੇ ਲਾਇਵ ਰਿਪੋਰਟਿੰਗ ਕਾਰਨ ਟੀਵੀ ਸਮਾਚਾਰ ਪੱਤਰਾਂ ਦੀ ਥਾਂ ਲੈ ਲਵੇਗਾ। ਉਸ ਸਮੇ ਕਈ ਮਾਹੀਰਾਂ ਨੇ ਇਹ ਵੀ ਭਵਿੱਖਵਾਣੀ ਕੀਤੀ ਕਿ ਆਉਣ ਵਾਲੇ ਸਾਲਾਂ ਵਿੱਚ ਅਖ਼ਬਾਰ ਇਤਿਹਾਸ ਬਣ ਜਾਣਗੇ। ਇਲੈਕਟ੍ਰਾਨਿਕ ਮੀਡੀਆ ਦੇ ਆਉਣ ਤੋਂ ਬਾਅਦ ਪ੍ਰਿੰਟ ਮੀਡੀਆ ਦੀ ਸਾਖ਼, ਭਰੋਸੇਮੰਦ ਅਤੇ ਗੰਭੀਰਤਾ ਬਣੀ ਰਹੀ।

ਉਨ੍ਹਾਂ ਨੇ ਸੋਸ਼ਲ ਮੀਡੀਆ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਸ ਡਿਜ਼ਿਟਲ ਬੂਮ ਦੇ ਸਮੇ ਵਿੱਚ ਇੱਕ ਵਾਰ ਫੇਰ ਇਹ ਸੁਆਲ ਉਠੀਆ ਕਿ ਕੀ ਹੁਣ ਪ੍ਰਿੰਟ ਮੀਡੀਆ ਦੀ ਭੂਮਿਕਾ ਸੀਮਤ ਹੋ ਜਾਵੇਗੀ।

# ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ, ਪੰਚਕੂਲਾ ਵੱਲੋਂ 'ਕੌਸ਼ਲਮ-2025' ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਸਫਲਤਾਪੂਰਵਕ ਆਯੋਜਨ ਕੀਤਾ



**ਪੰਚਕੂਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਇੰਸਟੀਚਿਊਟ ਆਫ਼ ਆਯੁਰਵੇਦ, ਪੰਚਕੂਲਾ ਵੱਲੋਂ ਪ੍ਰਸ਼ਾਸਕੀ ਕੁਸ਼ਲਤਾ ਨੂੰ ਮਜ਼ਬੂਤ ਕਰਨ ਅਤੇ ਸੰਸਥਾਗਤ ਸੁਸ਼ਾਸਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ-ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ 'ਕੌਸ਼ਲਮ-2025' ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਮਾਨਯੋਗ ਵਾਈਸ ਚਾਂਸਲਰ, ਪ੍ਰੋ. ਸੰਜੀਵ ਸ਼ਰਮਾ ਨੇ ਕੀਤੀ। ਆਪਣੇ ਸੰਬੋਧਨ ਵਿੱਚ, ਮਾਨਯੋਗ ਵਾਈਸ ਚਾਂਸਲਰ ਨੇ ਐਨਆਈਏ ਅਧਿਕਾਰੀਆਂ ਅਤੇ ਕਰਮਚਾਰੀਆਂ ਵਿੱਚ ਪ੍ਰਸ਼ਾਸਕੀ ਜਾਗਰੂਕਤਾ, ਆਪਸੀ ਤਾਲਮੇਲ, ਸਮੇਂ ਸਿਰ ਫੈਸਲਾ ਲੈਣ ਅਤੇ ਨਿਯਮਾਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇੱਕ ਮਜ਼ਬੂਤ ਪ੍ਰਸ਼ਾਸਕੀ ਸਮਝ ਅਕਾਦਮਿਕ ਉੱਤਮਤਾ ਨੂੰ ਵਧਾਉਂਦੀ ਹੈ।

ਸਿਖਲਾਈ ਪ੍ਰੋਗਰਾਮ ਦੌਰਾਨ, ਭਾਗੀਦਾਰੀ ਸਮੂਹ ਗਤੀਵਿਧੀਆਂ ਅਤੇ ਵਿਸ਼ਾ-ਕੇਂਦ੍ਰਿਤ ਚਰਚਾਵਾਂ ਕੀਤੀਆਂ ਗਈਆਂ। ਦਫਤਰੀ ਪ੍ਰਕਿਰਿਆਵਾਂ, ਰਿਕਾਰਡ ਰੱਖਣ, ਟੀਮ ਵਰਕ, ਪ੍ਰਭਾਵਸ਼ਾਲੀ ਸੰਚਾਰ ਅਤੇ ਰੋਜ਼ਾਨਾ ਪ੍ਰਸ਼ਾਸਕੀ ਕੰਮ ਵਿੱਚ ਦਰਪੇਸ਼ ਸਮੱਸਿਆ-ਹੱਲ ਵਰਗੇ ਵਿਸ਼ਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਭਾਗੀਦਾਰਾਂ ਨੇ ਸਰਗਰਮੀ ਨਾਲ ਹਿੱਸਾ ਲਿਆ, ਆਪਣੇ ਅਨੁਭਵ ਅਤੇ ਵਿਹਾਰਕ ਚੁਣੌਤੀਆਂ ਨੂੰ ਸਾਂਝਾ ਕੀਤਾ, ਸੈਸ਼ਨਾਂ ਨੂੰ ਲਾਭਦਾਇਕ ਅਤੇ ਉਦੇਸ਼ਪੂਰਨ ਬਣਾਇਆ।

ਸੰਸਥਾ ਦੇ ਵੱਖ-ਵੱਖ ਵਿਭਾਗਾਂ ਦੇ ਐਨਆਈਏ ਟੀਮ ਦੇ ਮੈਂਬਰਾਂ ਨੇ ਉਤਸ਼ਾਹ ਨਾਲ ਪ੍ਰੋਗਰਾਮ ਵਿੱਚ ਹਿੱਸਾ ਲਿਆ। ਭਾਗੀਦਾਰੀ ਵਾਲੇ ਮਾਹੌਲ ਨੇ ਸਹਿਯੋਗ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ ਅਤੇ ਪ੍ਰਸ਼ਾਸਕੀ ਜ਼ਿੰਮੇਵਾਰੀਆਂ ਦੀ ਪੂਰੀ ਸਮਝ ਵਿਕਸਤ ਕਰਨ ਵਿੱਚ ਮਦਦ ਕੀਤੀ।

ਪ੍ਰੋਗਰਾਮ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਇਆ, ਜਿਸ ਵਿੱਚ ਮਾਨਯੋਗ ਵਾਈਸ ਚਾਂਸਲਰ ਦੇ ਮਾਰਗਦਰਸ਼ਨ ਅਤੇ ਪ੍ਰਬੰਧਕ ਟੀਮ ਦੇ ਯਤਨਾਂ ਲਈ ਧੰਨਵਾਦ ਪ੍ਰਗਟ ਕੀਤਾ ਗਿਆ। ਕੁੱਲ ਮਿਲਾ ਕੇ, ÷ਕੌਸ਼ਲਮ-2025÷ ਲੀਡਰਸ਼ਿਪ ਹੁਨਰਾਂ ਨੂੰ ਵਿਕਸਤ ਕਰਨ ਅਤੇ ਸੰਸਥਾ ਦੇ ਸੁਚਾਰੂ, ਪ੍ਰਭਾਵਸ਼ਾਲੀ ਅਤੇ ਪਾਰਦਰਸ਼ੀ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਇੱਕ ਅਰਥਪੂਰਨ ਪਹਿਲਕਦਮੀ ਸਾਬਤ ਹੋਈ।

# ਪਾਰਦਰਸ਼ੀ ਤੇ ਸ਼ਾਂਤੀਪੂਰਨ ਗਿਣਤੀ ਲਈ ਕੀਤੇ ਪੁਖਤਾ ਇੰਤਜ਼ਾਮ : ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ



**ਹੁਸ਼ਿਆਰਪੁਰ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਆਮ ਚੋਣਾਂ-2025 ਲਈ ਵੋਟਾਂ ਦੀ ਗਿਣਤੀ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਗਿਣਤੀ ਸਟਾਫ਼ ਨੂੰ ਉਨ੍ਹਾਂ ਦੇ ਡਿਊਟੀ ਆਰਡਰ ਸੌਂਪ ਦਿੱਤੇ ਗਏ ਹਨ ਅਤੇ ਗਿਣਤੀ ਦਾ ਕੰਮ ਜ਼ਿਲ੍ਹੇ ਦੇ ਸਾਰੇ ਦਸ ਬਲਾਕਾਂ ਵਿੱਚ ਨਿਰਧਾਰਤ ਥਾਵਾਂ 'ਤੇ ਪੂਰਾ ਕੀਤਾ ਜਾਵੇਗਾ। ਪ੍ਰਸ਼ਾਸਨ ਨੇ ਇਹ ਯਕੀਨੀ ਬਣਾਇਆ ਹੈ ਕਿ ਗਿਣਤੀ ਪ੍ਰਕਿਰਿਆ ਨਿਰਪੱਖ, ਪਾਰਦਰਸ਼ੀ ਅਤੇ ਸ਼ਾਂਤੀਪੂਰਨ ਢੰਗ ਨਾਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਗਿਣਤੀ ਸਵੇਰੇ 8 ਵਜੇ ਨਿਰਧਾਰਤ ਥਾਵਾਂ 'ਤੇ ਸ਼ੁਰੂ ਹੋਵੇਗੀ।

ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਜਾਣਕਾਰੀ ਦਿੱਤੀ ਕਿ ਗੜ੍ਹਸ਼ੰਕਰ ਬਲਾਕ ਦੀ ਗਿਣਤੀ ਬੀ.ਏ.ਐਸ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਚ ਹੋਵੇਗੀ, ਮਾਹਿਲਪੁਰ ਬਲਾਕ ਦੀ ਐਸ.ਜੀ.ਜੀ.ਐਸ ਖ਼ਾਲਸਾ ਕਾਲਜ ਮਾਹਿਲਪੁਰ ਵਿਚ, ਹੁਸ਼ਿਆਰਪੁਰ-1 ਦੀ ਐਮ.ਐਸ.ਡੀ.ਸੀ ਆਈ.ਟੀ.ਆਈ ਕੈਂਪਸ ਹੁਸ਼ਿਆਰਪੁਰ ਅਤੇ ਹੁਸ਼ਿਆਰਪੁਰ-2 ਦੀ ਪੰਡਿਤ ਜਗਤ ਰਾਮ ਪੋਲੀਟੈਕਨਿਕ ਕਾਲਜ ਹੁਸ਼ਿਆਰਪੁਰ ਵਿਚ ਕੀਤੀ ਜਾਵੇਗੀ। ਇਸੇ ਤਰ੍ਹਾਂ ਭੂੰਗਾ ਬਲਾਕ ਦੀ ਵੋਟਾਂ ਦੀ ਗਿਣਤੀ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ ਡੱਲੇਵਾਲ ਵਿਚ, ਟਾਂਡਾ ਬਲਾਕ ਦੀ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ ਟਾਂਡਾ, ਦਸੂਹਾ ਬਲਾਕ ਦੀ ਸਕੂਲ ਆਫ਼ ਐਮੀਨੈਂਸ ਦਸੂਹਾ ਵਿਚ, ਮੁਕੇਰੀਆਂ ਬਲਾਕ ਦੀ ਐਸ.ਪੀ.ਐਨ ਕਾਲਜ ਮੁਕੇਰੀਆਂ ਵਿਚ, ਹਾਜੀਪੁਰ ਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਹਾਜੀਪੁਰ ਵਿਚ ਅਤੇ ਤਲਵਾੜਾ ਬਲਾਕ ਦੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਤਲਵਾੜਾ ਵਿਚ ਕੀਤੀ ਜਾਵੇਗੀ।

ਜ਼ਿਲਾ ਚੋਣ ਅਫਸਰ ਨੇ ਦੱਸਿਆ ਕਿ ਗਿਣਤੀ ਕੇਂਦਰਾਂ ਵਿੱਚ ਸੁਰੱਖਿਆ ਅਤੇ ਹੋਰਨਾਂ ਪ੍ਰਬੰਧਾਂ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਾਰੇ ਸਬੰਧਿਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਪ੍ਰਤੀਬੱਧਤਾ ਅਤੇ ਨਿਰਪੱਖਤਾ ਨਾਲ ਨਿਭਾਉਣ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਗਿਣਤੀ ਪ੍ਰਕਿਰਿਆ ਪੂਰੇ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਮੁਕੰਮਲ ਕੀਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 80 ਉਮੀਦਵਾਰਾਂ ਨੇ ਅਤੇ ਪੰਚਾਇਤ ਸੰਮਤੀਆਂ ਲਈ 582 ਉਮੀਦਵਾਰਾਂ ਨੇ ਚੋਣ ਲੜੀ ਸੀ, ਜਦਕਿ 17 ਪੰਚਾਇਤ ਸੰਮਤੀ ਮੈਂਬਰ ਬਿਨਾਂ ਮੁਕਾਬਲਾ/ਸਰਬਸੰਮਤੀ ਨਾਲ ਚੁਣੇ ਗਏ ਸਨ।

# ਹੰਗਾਮੇ ਦਰਮਿਆਨ ਲੋਕ ਸਭਾ ਵਿਚ 'ਵਿਕਸਤ ਭਾਰਤ ਜੀ ਰਾਮ ਜੀ ਬਿੱਲ ਪਾਸ'

## ➢ ਵਿਰੋਧੀ ਧਿਰਾਂ ਵੱਲੋਂ ਸੰਸਦੀ ਅਹਾਤੇ 'ਚ ਰੋਸ ਮਾਰਚ, 'ਜੀ ਰਾਮ ਜੀ' ਨੂੰ ਵਾਪਸ ਲੈਣ ਦੀ ਮੰਗ ➢ਖੜਗੇ ਵੱਲੋਂ ਇਸ ਲੜਾਈ ਨੂੰ ਦੇਸ਼ ਦੀਆਂ ਸੜਕਾਂ 'ਤੇ ਲਿਜਾਣ ਦਾ ਅਹਿਦ






**ਨਵੀਂ ਦਿੱਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਨ ਵਿਰੋਧੀ ਧਿਰ ਦੇ ਵਿਰੋਧ ਪ੍ਰਦਰਸ਼ਨਾਂ ਦਰਮਿਆਨ 'ਵਿਕਸਤ ਭਾਰਤ-ਜੀ ਰਾਮ ਜੀ ਬਿੱਲ, 2025' ਪਾਸ ਕਰ ਦਿੱਤਾ। ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ 'ਕਾਂਗਰਸ ਨੇ ਬਾਪੂ ਦੇ ਆਦਰਸ਼ਾਂ ਨੂੰ ਮਾਰ ਦਿੱਤਾ, ਜਦੋਂ ਕਿ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਹੈ।'

ਮਨਰੇਗਾ ਯੋਜਨਾ ਦੀ ਥਾਂ 'ਤੇ ਨਵਾਂ ਬਿੱਲ ਲਿਆਉਣ ਅਤੇ ਇਸ ਤੋਂ ਮਹਾਤਮਾ ਗਾਂਧੀ ਦਾ ਨਾਮ ਹਟਾਉਣ ਦੇ ਵਿਰੋਧੀ ਧਿਰ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹੋਏ ਚੌਹਾਨ ਨੇ ਕਿਹਾ ਕਿ 'ਵਿਕਸਤ ਭਾਰਤ-ਜੀ ਰਾਮ ਜੀ ਬਿੱਲ, 2025' ਰਾਹੀਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਮਹਾਤਮਾ ਗਾਂਧੀ ਦੇ ਆਦਰਸ਼ਾਂ ਨੂੰ ਲਾਗੂ ਕਰਨ ਅਤੇ ਵਿਕਸਤ ਪਿੰਡਾਂ ਦੇ ਆਧਾਰ 'ਤੇ ਵਿਕਸਤ ਭਾਰਤ ਬਣਾਉਣ ਦੇ ਟੀਚੇ ਵੱਲ ਕੰਮ ਕਰ ਰਹੀ ਹੈ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਬਿੱਲ 'ਤੇ ਸਦਨ ਵਿੱਚ ਦੇਰ ਰਾਤ ਤੱਕ ਬਹਿਸ ਹੋਈ, ਜਿਸ ਵਿੱਚ ਵਿਰੋਧੀ ਧਿਰਾਂ ਦੇ ਬਹੁਤੇ ਮੈਂਬਰਾਂ ਨੇ ਮੰਗ ਕੀਤੀ ਕਿ ਇਸ ਨੂੰ ਹੋਰ ਵਿਚਾਰ-ਵਟਾਂਦਰੇ ਲਈ ਵਿਭਾਗ ਨਾਲ ਸਬੰਧਤ ਸੰਸਦੀ ਸਥਾਈ ਕਮੇਟੀ ਕੋਲ ਭੇਜਿਆ ਜਾਵੇ। ਕਾਂਗਰਸੀ ਆਗੂ ਕੇਸੀ ਵੇਣੂਗੋਪਾਲ ਨੇ ਵੀਰਵਾਰ ਨੂੰ ਮੰਤਰੀ ਦੇ ਜਵਾਬ ਤੋਂ ਪਹਿਲਾਂ ਦੁਬਾਰਾ ਮੰਗ ਉਠਾਈ, ਪਰ ਚੇਅਰਮੈਨ ਨੇ ਇਸ ਨੂੰ ਰੱਦ ਕਰ ਦਿੱਤਾ।

ਚੌਹਾਨ ਨੇ ਫਿਰ ਵਿਰੋਧੀ ਮੈਂਬਰਾਂ ਦੇ ਰੌਲੇ-ਰੱਪੇ ਦਰਮਿਆਨ ਆਪਣਾ ਜਵਾਬ ਪੂਰਾ ਕੀਤਾ। ਉਨ੍ਹਾਂ ਦੇ ਜਵਾਬ ਤੋਂ ਬਾਅਦ, ਸਦਨ ਨੇ ਕੁਝ ਵਿਰੋਧੀ ਮੈਂਬਰਾਂ ਦੀਆਂ ਸੋਧਾਂ ਨੂੰ ਰੱਦ ਕਰ ਦਿੱਤਾ ਅਤੇ 'ਵਿਕਸਤ ਭਾਰਤ - ਜੀ ਰਾਮ ਜੀ ਬਿੱਲ, 2025' ਨੂੰ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ। ਇਸ ਦੌਰਾਨ ਕੁਝ ਵਿਰੋਧੀ ਮੈਂਬਰਾਂ, ਜੋ ਪੋਡੀਅਮ ਦੇ ਨੇੜੇ ਹੰਗਾਮਾ ਕਰ ਰਹੇ ਸਨ, ਨੇ ਮੰਤਰੀ 'ਤੇ ਕਾਗਜ਼ ਵੀ ਸੁੱਟੇ। ਚੌਹਾਨ ਨੇ ਕਿਹਾ ਕਿ 1960-61 ਵਿੱਚ ਪੇਂਡੂ ਮਨੁੱਖੀ ਸ਼ਕਤੀ ਪ੍ਰੋਗਰਾਮ ਤੋਂ ਲੈ ਕੇ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਤੱਕ, ਦੇਸ਼ ਵਿੱਚ ਸਮੇਂ-ਸਮੇਂ 'ਤੇ ਕਈ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਇਹ ਯੋਜਨਾਵਾਂ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦੀਆਂ ਹਨ ਜਾਂ ਸਿਰਫ ਇੱਕ ਛੋਟਾ ਜਿਹਾ ਅਨੁਪਾਤ ਪ੍ਰਾਪਤ ਕਰਦੀਆਂ ਹਨ, ਤਾਂ ਨਵੀਆਂ ਯੋਜਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਮਨਰੇਗਾ ਦੇ ਨਾਮ ਵਿੱਚ ਅਸਲ ਵਿੱਚ ਮਹਾਤਮਾ ਗਾਂਧੀ ਦਾ ਨਾਮ ਸ਼ਾਮਲ ਨਹੀਂ ਸੀ, ਅਤੇ ਇਸ ਨੂੰ ਸਿਰਫ਼ ਨਰੇਗਾ ਕਿਹਾ ਜਾਂਦਾ ਸੀ। ਹਾਲਾਂਕਿ, 2009 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ, ਕਾਂਗਰਸ ਨੇ ਗਾਂਧੀ ਨੂੰ ਯਾਦ ਕੀਤਾ ਅਤੇ ਵੋਟ ਬੈਂਕ ਦੇ ਸਮਰਥਨ ਲਈ ਉਨ੍ਹਾਂ ਦਾ ਨਾਮ ਜੋੜਿਆ। ਚੌਹਾਨ ਨੇ ਦੋਸ਼ ਲਗਾਇਆ, "ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਮਨਰੇਗਾ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਨਹੀਂ ਕੀਤਾ, ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ।"

ਵਿਰੋਧੀ ਧਿਰਾਂ ਦੇ ਸੰਸਦ ਮੈਂਬਰਾਂ ਨੇ ਵੀਰਵਾਰ ਨੂੰ ਸਰਕਾਰ ਦੇ 'ਜੀ ਰਾਮ ਜੀ' ਬਿੱਲ ਖਿਲਾਫ਼ ਸੰਸਦ ਭਵਨ ਕੰਪਲੈਕਸ ਦੇ ਅੰਦਰ ਇੱਕ ਵਿਰੋਧ ਮਾਰਚ ਕੱਢਿਆ ਅਤੇ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ। ਮੈਂਬਰਾਂ ਨੇ ਹੱਥਾਂ ਵਿਚ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਤੇ 'ਮਹਾਤਮਾ ਗਾਂਧੀ ਨਰੇਗਾ' ਲਿਖਿਆ ਵੱਡਾ ਬੈਨਰ ਫੜਿਆ ਹੋਇਆ ਸੀ। ਉਨ੍ਹਾਂ ਨੇ ਪ੍ਰੇਰਨਾ ਸਥਲ ਵਿਖੇ ਗਾਂਧੀ ਦੀ ਮੂਰਤੀ ਤੋਂ ਮਕਰ ਦੁਆਰ ਤੱਕ ਮਾਰਚ ਕੀਤਾ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਕਾਂਗਰਸ ਦੇ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਇਸ ਲੜਾਈ ਨੂੰ ਸੜਕਾਂ 'ਤੇ ਲਿਜਾਣ ਦਾ ਅਹਿਦ ਲਿਆ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਏਆਈਸੀਸੀ ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਡੀਐਮਕੇ ਦੇ ਕੇ ਕੰਨੀਮੋੜੀ, ਟੀਆਰ ਬਾਲੂ, ਏ ਰਾਜਾ, ਆਈਯੂਐਮਐਲ ਦੇ ਈਟੀ ਮੁਹੰਮਦ ਬਸ਼ੀਰ, ਸ਼ਿਵ ਸੈਨਾ (ਯੂਬੀਟੀ) ਦੇ ਅਰਵਿੰਦ ਸਾਵੰਤ ਅਤੇ ਆਰਐਸਪੀ ਦੇ ਐਨ ਕੇ ਪ੍ਰੇਮਚੰਦਰਨ ਸਮੇਤ ਹੋਰਾਂ ਨੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਵਿਰੋਧੀ ਧਿਰਾਂ ਦੇ ਮੈਂਬਰ ਸੰਸਦੀ ਅਹਾਤੇ ਵਿਚ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਹੱਥਾਂ ਵਿਚ ਲੈ ਕੇ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ।

ਵੇਣੂਗੋਪਾਲ ਨੇ ਪੱਤਰਕਾਰਾਂ ਨੂੰ ਕਿਹਾ, "ਅੱਜ ਸੰਸਦ ਜਮਹੂਰੀਅਤ ਦੀ ਹੱਤਿਆ ਦਾ ਗਵਾਹ ਬਣ ਰਹੀ ਹੈ। ਨਰੇਗਾ ਤੋਂ ਮਹਾਤਮਾ ਗਾਂਧੀ ਦਾ ਨਾਮ ਹਟਾ ਕੇ ਉਹ ਜਮਹੂਰੀ ਕਦਰਾਂ-ਕੀਮਤਾਂ ਦੇ ਨਾਲ-ਨਾਲ ਰਾਸ਼ਟਰ ਪਿਤਾ ਦੀ ਵਿਚਾਰਧਾਰਾ ਨੂੰ ਵੀ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ।" ਸੀਨੀਅਰ ਕਾਂਗਰਸ ਨੇਤਾ ਸੋਨੀਆ ਗਾਂਧੀ ਵੀ ਪ੍ਰਦਰਸ਼ਨਕਾਰੀ ਸੰਸਦ ਮੈਂਬਰਾਂ ਵਿੱਚ ਸ਼ਾਮਲ ਹੋਈ ਅਤੇ ਮਕਰ ਦੁਆਰ ਵਿਖੇ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ।

# ਅਸੀਂ ਵੀਡੀਓ ਚਲਾਵਾਂਗੇ ਅਤੇ ਪੁੱਛਾਂਗੇ ਕਿ ਇਨਸਾਨੀਅਤ ਕੀ ਹੈ: ਸੁਪਰੀਮ ਕੋਰਟ



**ਨਵੀਂ ਦਿੱਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਵਾਰਾ ਕੁੱਤਿਆਂ ਦੇ ਮਾਮਲੇ ਵਿੱਚ ਦਿੱਲੀ ਨਗਰ ਨਿਗਮ (MCD) ਵੱਲੋਂ ਬਣਾਏ ਗਏ ਨਿਯਮਾਂ ਨੂੰ 'ਗੈਰ-ਮਨੁੱਖੀ' ਦੱਸਣ ਵਾਲੇ ਪਟੀਸ਼ਨਰ ਨੂੰ ਜਵਾਬ ਦਿੰਦਿਆਂ ਸੁਪਰੀਮ ਕੋਰਟ ਨੇ ਵੀਰਵਾਰ ਨੂੰ ਸਖ਼ਤ ਟਿੱਪਣੀ ਕੀਤੀ। ਅਦਾਲਤ ਨੇ ਕਿਹਾ ਕਿ ਅਗਲੀ ਸੁਣਵਾਈ 'ਤੇ ਇੱਕ ਵੀਡੀਓ ਚਲਾਈ ਜਾਵੇਗੀ ਅਤੇ ਪੁੱਛਿਆ ਜਾਵੇਗਾ ਕਿ 'ਇਨਸਾਨੀਅਤ ਕੀ ਹੈ'।

ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੂੰ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਦੱਸਿਆ ਕਿ ਇਸ ਮਾਮਲੇ ਦੀ ਸੁਣਵਾਈ ਲਈ ਬਣਿਆ ਵਿਸ਼ੇਸ਼ ਤਿੰਨ ਮੈਂਬਰੀ ਬੈਂਚ ਰੱਦ ਹੋ ਗਿਆ ਹੈ। ਜਸਟਿਸ ਨਾਥ ਨੇ ਕਿਹਾ ਕਿ ਹੁਣ ਇਹ ਮਾਮਲਾ 7 ਜਨਵਰੀ ਨੂੰ ਸੁਣਿਆ ਜਾਵੇਗਾ। ਸਿੱਬਲ ਨੇ ਚਿੰਤਾ ਜਤਾਈ ਕਿ ਇਸ ਦੌਰਾਨ $34 ਅਜਿਹੇ ਨਿਯਮ ਲਾਗੂ ਕਰ ਰਹੀ ਹੈ ਜੋ ਪੂਰੀ ਤਰ੍ਹਾਂ ਉਲਟ ਹਨ ਅਤੇ ਕੁੱਤਿਆਂ ਨੂੰ ਹਟਾਇਆ ਜਾ ਰਿਹਾ ਹੈ ਜਦਕਿ ਉਨ੍ਹਾਂ ਲਈ ਕੋਈ ਸ਼ੈਲਟਰ (ਆਸਰਾ) ਨਹੀਂ ਹੈ। ਉਨ੍ਹਾਂ ਕਿਹਾ ਕਿ ਜੋ ਕੀਤਾ ਜਾ ਰਿਹਾ ਹੈ ਉਹ ਬਹੁਤ ਹੀ ਗੈਰ-ਮਨੁੱਖੀ ਹੈ।

ਇਸ 'ਤੇ ਜਸਟਿਸ ਮਹਿਤਾ ਨੇ ਸਿੱਬਲ ਨੂੰ ਕਿਹਾ,ਅਗਲੀ ਤਾਰੀਖ਼ 'ਤੇ,ਅਸੀਂ ਤੁਹਾਡੀ ਸਹੂਲਤ ਲਈ ਇੱਕ ਵੀਡੀਓ ਚਲਾਵਾਂਗੇ ਅਤੇ ਤੁਹਾਨੂੰ ਪੁੱਛਾਂਗੇ ਕਿ ਇਨਸਾਨੀਅਤ ਕੀ ਹੈ।÷ ਸਿੱਬਲ ਨੇ ਜਵਾਬ ਦਿੱਤਾ ਕਿ ਉਹ ਵੀ ਇੱਕ ਵੀਡੀਓ ਚਲਾਉਣਗੇ ਜੋ ਦਿਖਾਏਗੀ ਕਿ ਕੀ ਹੋ ਰਿਹਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮਾਮਲੇ 'ਤੇ ਵਿਚਾਰ 7 ਜਨਵਰੀ ਨੂੰ ਹੀ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ 7 ਨਵੰਬਰ ਨੂੰ ਸੁਪਰੀਮ ਕੋਰਟ ਨੇ ਵਿਦਿਅਕ ਸੰਸਥਾਵਾਂ,ਹਸਪਤਾਲਾਂ ਅਤੇ ਰੇਲਵੇ ਸਟੇਸ਼ਨਾਂ ਵਰਗੇ ਜਨਤਕ ਸਥਾਨਾਂ 'ਤੇ ਕੁੱਤਿਆਂ ਦੇ ਵੱਢਣ ਦੀਆਂ ਵੱਧ ਰਹੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਈ ਸੀ। ਅਦਾਲਤ ਨੇ ਨਿਰਦੇਸ਼ ਦਿੱਤੇ ਸਨ ਕਿ ਆਵਾਰਾ ਕੁੱਤਿਆਂ ਨੂੰ ਨਸਬੰਦੀ ਅਤੇ ਟੀਕਾਕਰਨ ਤੋਂ ਬਾਅਦ ਨਿਰਧਾਰਤ ਸ਼ੈਲਟਰਾਂ ਵਿੱਚ ਭੇਜਿਆ ਜਾਵੇ ਅਤੇ ਉਨ੍ਹਾਂ ਨੂੰ ਵਾਪਸ ਉਸੇ ਥਾਂ ਨਾ ਛੱਡਿਆ ਜਾਵੇ ਜਿੱਥੋਂ ਚੁੱਕਿਆ ਗਿਆ ਸੀ। ਅਦਾਲਤ ਨੇ ਰਾਸ਼ਟਰੀ ਮਾਰਗਾਂ ਅਤੇ ਐਕਸਪ੍ਰੈਸਵੇਅ ਤੋਂ ਪਸ਼ੂਆਂ ਅਤੇ ਆਵਾਰਾ ਜਾਨਵਰਾਂ ਨੂੰ ਹਟਾਉਣ ਦੇ ਵੀ ਹੁਕਮ ਦਿੱਤੇ ਸਨ। ਇਹ ਮਾਮਲਾ ਸੁਪਰੀਮ ਕੋਰਟ ਨੇ ਜੁਲਾਈ ਵਿੱਚ ਆਵਾਰਾ ਕੁੱਤਿਆਂ ਦੇ ਵੱਢਣ ਕਾਰਨ ਬੱਚਿਆਂ ਵਿੱਚ ਫੈਲ ਰਹੇ ਹਲਕਾਅ (ਰੇਬੀਜ਼) ਦੀਆਂ ਖ਼ਬਰਾਂ 'ਤੇ ਖ਼ੁਦ ਨੋਟਿਸ ਲੈਂਦਿਆਂ ਸ਼ੁਰੂ ਕੀਤਾ ਸੀ।

# ਪ੍ਰਾਈਵੇਟ ਹਸਪਤਾਲਾਂ ਦੇ ਮੁਕਾਬਲੇ ਹੁਣ ਜ਼ਿਆਦਾਤਰ ਮਰੀਜ਼ ਕਰਵਾ ਰਹੇ ਹਨ ਆਪਣਾ ਇਲਾਜ ਸਰਕਾਰੀ ਹਸਪਤਾਲਾਂ 'ਚ: ਕੁਲਵੰਤ ਸਿੰਘ



**ਮੁਹਾਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੀਅਲ ਅਸਟੇਟ ਕਾਰੋਬਾਰੀ ਅਤੇ ਸਮਾਜ ਸੇਵਾ ਦੇ ਕੰਮ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੇ -ਜਨਤਾ ਜਨਤਾ ਲੈਂਡ ਪ੍ਰਮੋਟਰ ਪ੍ਰਾਈਵੇਟ ਲਿਮਿਟਡ ਦੀ ਤਰਫੋਂ 30 ਲੱਖ ਰੁਪਏ ਦੀ ਲਾਗਤ ਦੇ ਨਾਲ ਮੋਹਾਲੀ ਦੇ ਫੇਸ -6 ਵਿਖੇ ਸਥਿਤ ਸਰਕਾਰੀ ਹਸਪਤਾਲ ਦੇ ਮਰੀਜ਼ ਉਡੀਕ ਘਰ ਲਈ ਲੋੜੀਦੇ ਸਮਾਨ ਸਮੇਤ 30 ਲੱਖ ਰੁਪਏ ਦੀ ਲਾਗਤ ਦੇ ਨਾਲ ਅਤੀ ਆਧੁਨਿਕ ਬਣਾਇਆ ਗਿਆ, ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਸ -ਮਰੀਜ਼ ਉਡੀਕ ਘਰ -ਦੇ ਵਿੱਚ ਜਿੱਥੇ 100 ਤੋਂ ਵੀ ਵੱਧ ਮਰੀਜ਼ ਰੋਜ਼ਾਨਾ ਬੈਠਣ ਦੀ ਸਮਰੱਥਾ , ਦੇ ਲਈ ਇੱਕ ਏਅਰ ਕੰਡੀਸ਼ਨ, ਇੱਕ ਐਲ.ਈ.ਡੀ. ਸਮੇਤ ਕੁੱਲ 30 ਲੱਖ ਰੁਪਏ ਦੀ ਲਾਗਤ ਵਾਲਾ ਸਮਾਨ ਵੀ ਮੁਹਈਆ ਕਰਵਾਇਆ ਗਿਆ। ਇਸ ਵੇਟਿੰਗ ਹਾਲ ਦੇ ਵਿੱਚ ਮਰੀਜ਼ਾਂ ਦੇ ਬੈਠਣ ਲਈ ਲਗਭਗ 100 ਕੁਰਸੀਆਂ, ਗਰਮੀ ਤੋਂ ਰਾਹਤ ਦੇ ਲਈ ਚਾਰ ਪੱਖੇ ਅਤੇ 2- ਏ.ਸੀ ਵੀ ਲਗਵਾਏ ਗਏ, ਤਾਂ ਜੋ ਇਲਾਜ ਲਈ ਆਉਣ ਵਾਲੇ ਮਰੀਜ਼ਾਂ ਨੂੰ ਆਰਾਮ ਦਾਇਕ ਮਾਹੌਲ ਮਿਲ ਸਕੇ, ਇਸ ਮੌਕੇ ਤੇ ਰੱਖੇ ਗਏ ਸੰਖੇਪ ਪਰੰਤੂ ਪ੍ਰਭਾਵਸ਼ਾਲੀ ਸਮਾਗਮ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ ਨੇ ਕੰਪਨੀ ਵੱਲੋਂ ਬਣਾਇਆ ਗਿਆ ਇਹ- ਮਰੀਜ਼ ਉਡੀਕ ਘਰ- ਮਰੀਜ਼ਾਂ ਨੂੰ ਸਮਰਪਿਤ ਕੀਤਾ। ਇਸ ਮੌਕੇ ਤੇ ਆਪਣੇ ਸੰਬੋਧਨ ਵਿੱਚ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਤਰਫੋਂ ਪੰਜਾਬ ਦੇ ਦੀਆਂ ਸਿਹਤ ਸੇਵਾਵਾਂ ਨੂੰ ਵਧੀਆ ਬਣਾਉਣ ਦੇ ਲਈ ਲਗਾਤਾਰ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਹੁਣ ਪਹਿਲਾਂ ਦੇ ਮੁਕਾਬਲੇ ਜ਼ਿਆਦਾਤਰ ਮਰੀਜ਼ ਆਪਣਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਪ੍ਰਾਈਵੇਟ ਹਸਪਤਾਲ ਦੀ ਥਾਂ ਤੇ ਸਰਕਾਰੀ ਹਸਪਤਾਲਾਂ ਵਿੱਚ ਕਰਵਾਏ ਜਾਣ ਨੂੰ ਪਹਿਲ ਦੇ ਰਹੇ ਹਨ, ਉਹਨਾਂ ਕਿਹਾ ਕਿ ਉਸਨੂੰ ਜਦੋਂ ਵੀ ਕਦੀ ਜ਼ਰੂਰਤ ਹੁੰਦੀ ਹੈ ਤਾਂ ਉਹ ਆਪਣਾ ਇਲਾਜ ਸਰਕਾਰੀ ਹਸਪਤਾਲ ਵਿੱਚ ਹੀ ਕਰਵਾਉਂਦੇ ਹਨ, ਵਿਧਾਇਕ ਕੁਲਵੰਤ ਸਿੰਘ ਹੋਰਾਂ ਕਿਹਾ ਕਿ ਜਨਤਾ ਲੈਂਡ ਪ੍ਰਮੋਟਰ ਪ੍ਰਾਈਵੇਟ ਲਿਮਿਟਡ ਦੀ ਤਰਫੋਂ ਇਸ ਤੋਂ ਪਹਿਲਾਂ ਵੀ ਸਿਹਤ ਸੇਵਾਵਾਂ ਦੇ ਨਾਲ- ਨਾਲ ਸਿੱਖਿਆ ਦੇ ਖੇਤਰ ਵਿੱਚ ਵੀ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ, ਜਿਸ ਦੇ ਲਈ ਪੜ੍ਹਾਈ ਵਿੱਚ ਅਵਲ ਰਹਿਣ ਵਾਲਿਆਂ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਹਾਸਿਲ ਕਰਨ ਦੇ ਲਈ ਫੀਸ ਅਤੇ ਜ਼ਰੂਰਤ ਦਾ ਸਮਾਨ ਮੁਹਈਆ ਕਰਵਾਇਆ ਜਾਂਦਾ ਹੈ, ਤਾਂ ਕਿ ਉਹ ਵਿਦਿਆਰਥੀ ਵੱਡੇ ਹੋ ਕੇ ਆਪਣੇ ਪੈਰਾਂ ਤੇ ਖੜੇ ਹੋ ਸਕਣ ਅਤੇ ਆਪਣਾ ਆਪਣੇ ਮਾਤਾ- ਪਿਤਾ ਅਤੇ ਸੂਬੇ ਦਾ ਨਾਂ ਰੌਸ਼ਨ ਕਰ ਸਕਣ।

# ਕੌਮੀ ਗਰੀਨ ਟ੍ਰਿਬਿਊਨਲ ਵੱਲੋਂ ਪੰਜਾਬ ਦੀ ਫਾਰਮ ਹਾਊਸ ਨੀਤੀ 'ਤੇ ਰੋਕ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਗਰੀਨ ਟ੍ਰਿਬਿਊਨਲ ਨੇ ਅੱਜ ਪੰਜਾਬ ਸਰਕਾਰ ਦੀ 'ਫਾਰਮ ਹਾਊਸ ਨੀਤੀ' 'ਤੇ ਰੋਕ ਲਗਾ ਦਿੱਤੀ ਹੈ ਜੋ ਰਸੂਖਵਾਨ ਲੋਕਾਂ ਲਈ ਇੱਕ ਵੱਡਾ ਝਟਕਾ ਹੈ।

ਪੰਜਾਬ ਸਰਕਾਰ ਨੇ ਕੰਡੀ ਖੇਤਰ 'ਚ ਜੰਗਲਾਤ ਦੀ ਡੀਲਿਸਟ ਜ਼ਮੀਨ 'ਤੇ ਪ੍ਰਤੀ ਏਕੜ ਪਿੱਛੇ ਇੱਕ ਨਿਸ਼ਚਿਤ ਏਰੀਏ 'ਚ ਉਸਾਰੀ ਕੀਤੇ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਸੀ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੇ 20 ਨਵੰਬਰ ਨੂੰ ਇਸ ਬਾਰੇ ਨੋਟੀਫ਼ਿਕੇਸ਼ਨ ਵੀ ਜਾਰੀ ਕਰ ਦਿੱਤੀ ਸੀ।

ਕੌਂਸਲ ਆਫ਼ ਇੰਜਨੀਅਰਜ਼ ਤਰਫ਼ੋਂ ਪੰਜਾਬ ਸਰਕਾਰ ਦੇ 20 ਨਵੰਬਰ ਦੇ ਨੋਟੀਫ਼ਿਕੇਸ਼ਨ ਨੂੰ ਕੌਮੀ ਗਰੀਨ ਟ੍ਰਿਬਿਊਨਲ 'ਚ 23 ਨਵੰਬਰ ਨੂੰ ਚੁਣੌਤੀ ਦੇ ਦਿੱਤੀ ਗਈ ਸੀ। ਕੌਂਸਲ ਦੇ ਪ੍ਰਧਾਨ ਕਪਿਲ ਅਰੋੜਾ ਨੇ ਦੱਸਿਆ ਕਿ ਕੌਮੀ ਟ੍ਰਿਬਿਊਨਲ ਨੇ ਸਰਕਾਰ ਦੀ 'ਫਾਰਮ ਹਾਊਸ ਨੀਤੀ' 'ਤੇ ਅਗਲੀ ਚਾਰ ਫਰਵਰੀ ਤੱਕ ਰੋਕ ਲਗਾ ਦਿੱਤੀ ਹੈ। ਸ੍ਰੀ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਨੋਟੀਫ਼ਿਕੇਸ਼ਨ ਸਿੱਧੇ ਤੌਰ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਅਤੇ ਕੇਂਦਰੀ ਵਾਤਾਵਰਨ ਮੰਤਰਾਲੇ ਦੇ ਨਿਰਦੇਸ਼ਾਂ ਦੀ ਉਲੰਘਣਾ ਹੈ।

ਪੰਜਾਬ ਲੈਂਡ ਪ੍ਰੀਜ਼ਰਵੇਸ਼ਨ ਐਕਟ 1900 ਤਹਿਤ ਸ਼ਿਵਾਲਿਕ ਹਿੱਲ ਏਰੀਆ ਨੂੰ ਜੰਗਲਾਤ ਮੰਨਿਆ ਜਾਂਦਾ ਸੀ ਪ੍ਰੰਤੂ ਸੁਪਰੀਮ ਕੋਰਟ ਨੇ ਸਾਲ 2005 'ਚ ਕੰਡੀ ਖੇਤਰ ਦੇ ਰਕਬੇ ਨੂੰ ਡੀਲਿਸਟ ਕਰ ਦਿੱਤਾ ਸੀ ਅਤੇ ਨਾਲ ਹੀ ਸ਼ਰਤ ਲਗਾ ਦਿੱਤੀ ਸੀ ਕਿ ਇਸ ਰਕਬੇ 'ਚ ਸਿਰਫ਼ ਖੇਤੀ ਜਾਂ ਫਿਰ ਸਥਾਨਿਕ ਲੋਕਾਂ ਦੀ ਰੋਜ਼ੀ ਰੋਟੀ ਦੇ ਵਸੀਲੇ ਵਾਲੀ ਗਤੀਵਿਧੀ ਹੀ ਹੋ ਸਕੇਗੀ। ਕੇਂਦਰੀ ਵਾਤਾਵਰਨ ਮੰਤਰਾਲੇ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਰੋਸ਼ਨੀ 'ਚ ਸ਼ਰਤਾਂ ਸਮੇਤ ਪੰਜਾਬ ਦੇ ਕੰਡੀ ਖੇਤਰ ਦੇ 56050 ਹੈਕਟੇਅਰ ਰਕਬੇ ਨੂੰ ਡੀਲਿਸਟ ਕਰ ਦਿੱਤਾ ਸੀ।

# ਪੰਜਾਬ ਵੱਲੋਂ ਨਵੇਂ ਬਿਲਡਿੰਗ ਬਾਈਲਾਅਜ਼ ਦਾ ਨੋਟੀਫਿਕੇਸ਼ਨ ਜਾਰੀ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਨਵੇਂ ਯੂਨੀਫਾਈਡ ਬਿਲਡਿੰਗ ਬਾਈਲਾਅਜ਼ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ ਜਿਸ ਨਾਲ ਸੂਬੇ ਭਰ ਦੇ ਸ਼ਹਿਰੀ ਖੇਤਰਾਂ ਵਿੱਚ ਸਾਰੇ ਨਵੇਂ ਰਿਹਾਇਸ਼ੀ ਖੇਤਰਾਂ ਵਿੱਚ ਸਟੀਲਟ-ਪਲੱਸ-ਚਾਰ ਮੰਜ਼ਿਲਾਂ (ਬੇਸਮੈਂਟ ਵਿਚ ਪਾਰਕਿੰਗ ਤੇ ਬਾਕੀ ਚਾਰ ਮੰਜ਼ਿਲਾਂ 'ਤੇ ਰਿਹਾਇਸ਼) ਦੀ ਇਜਾਜ਼ਤ ਦਿੱਤੀ ਗਈ ਹੈ। ਪੰਜਾਬ ਕੈਬਨਿਟ ਨੇ ਇਸ ਨੂੰ 28 ਅਕਤੂਬਰ ਨੂੰ ਪਾਸ ਕੀਤਾ ਸੀ ਤੇ ਇਹ ਨਿਯਮ ਹੁਣ ਅਧਿਸੂਚਿਤ ਕੀਤੇ ਗਏ ਹਨ।

ਇਨ੍ਹਾਂ ਨਿਯਮਾਂ ਤਹਿਤ 200 ਵਰਗ ਗਜ਼ ਤੱਕ ਦੇ ਪਲਾਟ ਲਈ ਘੱਟੋ-ਘੱਟ 30 ਫੁੱਟ ਚੌੜੀਆਂ ਸੜਕਾਂ ਚਾਹੀਦੀਆਂ ਹਨ ਅਤੇ 200 ਵਰਗ ਗਜ਼ ਤੋਂ ਵੱਧ ਦੇ ਪਲਾਟਾਂ ਲਈ ਘੱਟੋ-ਘੱਟ ਸੜਕ ਦੀ ਚੌੜਾਈ 40 ਫੁੱਟ ਹੋਣੀ ਚਾਹੀਦੀ ਹੈ।

ਇਨ੍ਹਾਂ ਨਿਯਮਾਂ ਦੀ ਪਹਿਲਾਂ ਹੀ ਸ਼ਹਿਰੀ ਯੋਜਨਾਕਾਰਾਂ ਅਤੇ ਆਰਕੀਟੈਕਟਾਂ ਵੱਲੋਂ ਆਲੋਚਨਾ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਸ਼ਹਿਰੀ ਖੇਤਰਾਂ ਵਿੱਚ ਘਣਤਾ ਵਧੇਗੀ।

ਸਰਕਾਰ ਨੇ ਪਹਿਲਾਂ ਤੋਂ ਯੋਜਨਾਬੱਧ ਖੇਤਰਾਂ ਵਿੱਚ ਤਿੰਨ ਮੰਜ਼ਿਲਾਂ ਬਣਾਉਣ ਦੀ ਇਜਾਜ਼ਤ ਦਿੱਤੀ ਹੈ। ਇਹ ਕਦਮ ਸਰਕਾਰ ਲਈ ਸੂਬੇ ਵਿੱਚ ਅਪਾਰਟਮੈਂਟ ਐਕਟ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਕਰੇਗਾ। ਇਸ ਨਾਲ ਲੋਕ ਘਰਾਂ ਦੀਆਂ ਵੱਖਰੀਆਂ ਮੰਜ਼ਿਲਾਂ ਖਰੀਦ ਸਕਣਗੇ ਕਿਉਂਕਿ ਜ਼ਮੀਨ ਦੀ ਉਪ-ਵਿਭਾਜਨ ਦੀ ਇਸ ਸਮੇਂ ਆਗਿਆ ਨਹੀਂ ਹੈ।

ਸਰਕਾਰ ਨੇ ਸ਼ੁਰੂ ਵਿੱਚ ਸਾਰੇ ਸ਼ਹਿਰੀ ਖੇਤਰਾਂ ਵਿੱਚ ਸਟੀਲਟ-ਪਲੱਸ-ਫੋਰ ਫਲੋਰ ਸਕੀਮ ਦੀ ਆਗਿਆ ਦੇਣ ਦੀ ਯੋਜਨਾ ਬਣਾਈ ਸੀ। ਹਾਲਾਂਕਿ, ਹਿੱਸੇਦਾਰਾਂ ਤੋਂ ਫੀਡਬੈਕ ਪ੍ਰਾਪਤ ਕਰਨ ਤੋਂ ਬਾਅਦ ਮੌਜੂਦਾ ਬੁਨਿਆਦੀ ਢਾਂਚੇ 'ਤੇ ਜ਼ਿਆਦਾ ਬੋਝ ਪੈਣ ਤੋਂ ਬਚਣ ਲਈ ਸ਼ਹਿਰੀ ਅਸਟੇਟਾਂ ਵਿੱਚ ਨਵੀਆਂ ਬਣੀਆਂ ਲਾਇਸੰਸਸ਼ੁਦਾ ਕਲੋਨੀਆਂ ਅਤੇ ਸੈਕਟਰਾਂ ਤੱਕ ਇਸ ਵਿਵਸਥਾ ਨੂੰ ਸੀਮਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਫੈਸਲੇ ਦੇ ਮੁਹਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਰਿਹਾਇਸ਼ 'ਤੇ ਅਸਰ ਪੈਣ ਦੀ ਉਮੀਦ ਹੈ।

ਪੁਰਾਣੇ ਅਤੇ ਮੌਜੂਦਾ ਸ਼ਹਿਰੀ ਖੇਤਰਾਂ ਵਿੱਚ ਮਾਲਕ ਸਟੀਲਟ-ਪਲੱਸ-ਥ੍ਰੀ ਫਲੋਰਾਂ ਦਾ ਨਿਰਮਾਣ ਕਰ ਸਕਦੇ ਹਨ, ਜਿਸ ਵਿੱਚ ਵੱਧ ਤੋਂ ਵੱਧ ਆਗਿਆਯੋਗ ਇਮਾਰਤ ਦੀ ਉਚਾਈ 11 ਮੀਟਰ ਤੋਂ ਵਧਾ ਕੇ 13 ਮੀਟਰ ਕੀਤੀ ਗਈ ਹੈ।

# ਕਾਂਗਰਸ ਦੀ ਸ਼ਾਨਦਾਰ ਜਿੱਤ-2027 ਲਈ ਲੋਕਾਂ ਦਾ ਭਰੋਸਾ ਸਪਸ਼ਟ : ਰਾਣਾ ਗੁਰਜੀਤ ਸਿੰਘ



**ਫਗਵਾੜਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ, ਵਿਧਾਇਕ ਅਤੇ ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਕਾਂਗਰਸ ਦੇ ਉਮੀਦਵਾਰਾਂ ਦੀ ਸ਼ਾਨਦਾਰ ਜਿੱਤ 'ਤੇ ਸਾਰੇ ਜਿੱਤੂ ਉਮੀਦਵਾਰਾਂ ਨੂੰ ਦਿਲੋਂ ਵਧਾਈ ਦਿੱਤੀ।

ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਇਹ ਨਤੀਜੇ ਸਾਫ਼ ਤੌਰ 'ਤੇ ਦਰਸਾਉਂਦੇ ਹਨ ਕਿ ਪੰਜਾਬ ਦੀ ਜਨਤਾ ਕਾਂਗਰਸ ਪਾਰਟੀ ਦੀਆਂ ਨੀਤੀਆਂ, ਨੇਤ੍ਰਤਵ ਅਤੇ ਲੋਕ-ਹਿਤੈਸ਼ੀ ਕਾਰਗੁਜ਼ਾਰੀ 'ਤੇ ਪੂਰਾ ਭਰੋਸਾ ਜਤਾਂ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਜਿੱਤ ਕੇਵਲ ਸਥਾਨਕ ਸਰਕਾਰਾਂ ਤੱਕ ਸੀਮਤ ਨਹੀਂ, ਸਗੋਂ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਦੇ ਹੱਕ ਵਿੱਚ ਬਣ ਰਹੀ ਮਜ਼ਬੂਤ ਲਹਿਰ ਦਾ ਪ੍ਰਤੱਖ ਸਬੂਤ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਮੁੜ ਤੋਂ ਕਾਂਗਰਸ ਪਾਰਟੀ ਨੂੰ ਸੂਬੇ ਦੀ ਬਾਗਡੋਰ ਸੌਂਪਣ ਲਈ ਮਨ ਬਣਾਉਂਦੇ ਨਜ਼ਰ ਆ ਰਹੇ ਹਨ ਅਤੇ ਇਹ ਚੋਣੀ ਨਤੀਜੇ ਉਸ ਭਰੋਸੇ ਦੀ ਮੋਹਰ ਹਨ। ਰਾਣਾ ਗੁਰਜੀਤ ਸਿੰਘ ਨੇ ਜਿੱਤੂ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰਦਿਆਂ ਇਮਾਨਦਾਰੀ, ਸਮਰਪਣ ਅਤੇ ਸੇਵਾ-ਭਾਵ ਨਾਲ ਆਪਣੇ ਫਰਜ਼ ਨਿਭਾਉਣ।

ਉਨ੍ਹਾਂ ਅੰਤ ਵਿੱਚ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾਂ ਲੋਕਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੇ ਹੱਕਾਂ ਦੀ ਰੱਖਿਆ ਕਰਦੀ ਆਈ ਹੈ ਅਤੇ ਭਵਿੱਖ ਵਿੱਚ ਵੀ ਪੰਜਾਬ ਦੀ ਤਰੱਕੀ, ਖੁਸ਼ਹਾਲੀ ਅਤੇ ਸੁਹਾਵਣੇ ਭਵਿੱਖ ਲਈ ਸੰਘਰਸ਼ ਕਰਦੀ ਰਹੇਗੀ।

# ਸੰਘਣੀ ਧੁੰਦ ਕਰਕੇ ਖਰੜ-ਕੁਰਾਲੀ ਹਾਈਵੇਅ 'ਤੇ ਦੋ ਸਕੂਲ ਬੱਸਾਂ ਦੀ ਆਹਮੋ-ਸਾਹਮਣੀ ਟੱਕਰ

## ਹਾਦਸੇ ਵਿਚ ਬੱਸਾਂ ਦੇ ਡਰਾਈਵਰਾਂ ਤੇ ਕੁਝ ਸਕੂਲੀ ਬੱਚਿਆਂ ਨੂੰ ਮਾਮੂਲੀ ਸੱਟਾ ਲੱਗੀਆਂ




**ਮੁਹਾਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਘਣੀ ਧੁੰਦ ਕਰਕੇ ਵੀਰਵਾਰ ਸਵੇਰੇ ਖਰੜ ਕੁਰਾਲੀ ਹਾਈਵੇਅ ਉੱਤੇ ਦੋ ਸਕੂਲ ਬੱਸਾਂ ਦੀ ਆਹਮੋ-ਸਾਹਮਣੀ ਟੱਕਰ ਹੋ ਗਈ। ਹਾਦਸੇ ਵਿਚ ਦੋਵਾਂ ਬੱਸਾਂ ਦੇ ਡਰਾਈਵਰਾਂ ਅਤੇ ਕੁਝ ਸਕੂਲੀ ਬੱਚਿਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਜ਼ਖਮੀਆਂ ਨੂੰ ਰਾਹਗੀਰਾਂ ਦੀ ਮਦਦ ਮੁੱਢਲੀ ਸਹਾਇਤਾ ਦਿੱਤੀ ਗਈ ਹੈ। ਉਂਝ ਹਾਦਸੇ ਕਰਕੇ ਦਹਿਸ਼ਤ ਫੈਲ ਗਈ।

ਚਸ਼ਮਦੀਦਾਂ ਨੇ ਦੱਸਿਆ ਕਿ ਹਾਦਸੇ ਵਿੱਚ ਦੋਵੇਂ ਬੱਸਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ। ਇਨ੍ਹਾਂ ਵਿਚੋਂ ਇਕ ਬੱਸ ਦਿੱਲੀ ਪਬਲਿਕ ਸਕੂਲ ਜਦੋਂਕਿ ਦੂਜੀ ਸੇਂਟ ਐਗਰਾ ਸਕੂਲ ਦੀ ਹੈ।ਪਿਛਲੇ ਦੋ ਦਿਨਾਂ ਤੋਂ ਟ੍ਰਾਈਸਿਟੀ ਵਿੱਚ ਸਵੇਰੇ ਅਤੇ ਦੇਰ ਸ਼ਾਮ ਨੂੰ ਸੰਘਣੀ ਧੁੰਦ ਪੈ ਰਹੀ ਹੈ। ਮੌਸਮ ਵਿਭਾਗ ਨੇ ਅਗਲੇ ਕੁਝ ਦਿਨਾਂ ਵਿੱਚ ਇਸ ਖੇਤਰ ਵਿੱਚ ਸੰਘਣੀ ਧੁੰਦ ਪੈਣ ਦੀ ਭਵਿੱਖਬਾਣੀ ਕੀਤੀ ਹੈ।ਪੰਜਾਬ ਸਰਕਾਰ ਠੰਢ ਕਰਕੇ 24 ਦਸੰਬਰ ਤੋਂ ਸਕੂਲਾਂ ਵਿਚ ਛੁੱਟੀਆਂ ਦਾ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ।

# ਗੈਂਗਸਟਰ ਤੋਂ ਸਿਆਸਤਦਾਨ ਬਣੇ ਗੁਰਪ੍ਰੀਤ ਸੇਖੋਂ ਦੀਆਂ ਦੋਵੇਂ ਪਤਨੀਆਂ ਵੱਡੀ ਲੀਡ ਨਾਲ ਜੇਤੂ



**ਤਲਵੰਡੀ ਭਾਈ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਂਗਸਟਰ ਤੋਂ ਸਮਾਜ ਸੇਵਕ ਬਣੇ ਕਸਬਾ ਮੁੱਦਕੀ ਦੇ ਜੰਮਪਲ ਗੁਰਪ੍ਰੀਤ ਸਿੰਘ ਸੇਖੋਂ ਨੇ ਰਾਜਨੀਤੀ ਵਿੱਚ ਵੀ ਧਮਾਕੇਦਾਰ ਐਂਟਰੀ ਕੀਤੀ ਹੈ। ਉਸ ਦੀਆਂ ਦੋਨੋਂ ਪਤਨੀਆਂ ਕੁਲਜੀਤ ਕੌਰ ਤੇ ਮਨਦੀਪ ਕੌਰ ਸੇਖੋਂ ਨੇ ਬਲਾਕ ਘੱਲ ਖ਼ੁਰਦ ਵਿੱਚ ਪੈਂਦੀਆਂ ਕ੍ਰਮਵਾਰ ਫ਼ਿਰੋਜ਼ਸ਼ਾਹ ਤੇ ਵਜੀਦਪੁਰ ਦੀਆਂ ਜ਼ਿਲ੍ਹਾ ਪਰਿਸ਼ਦ ਸੀਟਾਂ ਤੋਂ 8760 ਤੇ 3127 ਵੋਟਾਂ ਦੇ ਵੱਡੇ ਫ਼ਰਕ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਹਰਾਇਆ ਹੈ। ਬਲਾਕ ਦੀ ਤੀਜੀ ਸੀਟ ਸ਼ੇਰ ਖਾਂ ਵਾਲਾ ਵੀ ਅਕਾਲੀ ਉਮੀਦਵਾਰ ਮਨਜੀਤ ਕੌਰ ਨੇ 2062 ਵੋਟਾਂ ਦੇ ਵੱਡੇ ਫ਼ਰਕ ਨਾਲ 'ਆਪ' ਤੋਂ ਜਿੱਤ ਲਈ ਹੈ। ਪੰਚਾਇਤ ਸਮਿਤੀ ਦੀਆਂ 23 ਸੀਟਾਂ ਵਿੱਚੋਂ ਵੀ 'ਆਪ' ਸਿਰਫ਼ 6 ਸੀਟਾਂ 'ਤੇ ਜਿੱਤੀ ਹੈ। ਗੁਰਪ੍ਰੀਤ ਸੇਖੋਂ ਦਾ ਆਜ਼ਾਦ ਧੜਾ 11, ਅਕਾਲੀ ਦਲ (ਬ) 4 ਤੇ ਕਾਂਗਰਸ 2 ਸੀਟਾਂ 'ਤੇ ਜੇਤੂ ਰਹੀ ਹੈ। ਇੱਥੇ ਅਕਾਲੀ ਦਲ (ਬ) ਤੇ ਸੇਖੋਂ ਦੇ ਆਜ਼ਾਦ ਧੜੇ ਦਾ ਗੱਠਜੋੜ ਸੀ।

ਵਿਧਾਇਕ ਰਜਨੀਸ਼ ਕੁਮਾਰ ਦਹੀਆ ਦੀ 'ਬੋਲ ਬਾਣੀ' ਬਲਾਕ ਦੇ ਕਰੀਬ 130 ਪਿੰਡਾਂ ਵਿੱਚ 'ਆਪ' ਦੀ ਹਾਰ ਦਾ ਕਾਰਨ ਬਣੀ। ਇਸ ਤੋਂ ਇਲਾਵਾ ਗੁਰਪ੍ਰੀਤ ਸੇਖੋਂ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਸਮਾਜ ਸੇਵਾ ਦੇ ਕੰਮਾਂ ਨੇ ਵੀ ਇਲਾਕੇ ਵਿੱਚ ਉਸ ਦੀ ਸਾਖ ਵਿੱਚ ਸੁਧਾਰ ਕੀਤਾ। ਚੋਣਾਂ ਤੋਂ ਐਨ ਪਹਿਲਾਂ ਉਸ ਦੀ ਗ੍ਰਿਫ਼ਤਾਰੀ ਤੇ ਫਿਰ ਅਦਾਲਤ ਤੋਂ ਹੋਈ ਜ਼ਮਾਨਤ ਨੇ ਉਸ ਨੂੰ ਹੋਰ ਵੀ ਹਮਲਾਵਰ ਬਣਾ ਦਿੱਤਾ। ਅਕਾਲੀ ਦਲ (ਬ) ਨੇ ਵੀ ਨਿਠ ਕੇ ਸੇਖੋਂ ਧੜੇ ਦੀ ਹਮਾਇਤ ਕੀਤੀ।

# ਕਾਂਗਰਸ ਨੇ ਮਾਨ ਸਰਕਾਰ ਦੀ ਤਰਜ਼ 'ਤੇ 'ਰੇਤ ਨੀਤੀ' ਮੰਗੀ, ਮੁੱਖ ਮੰਤਰੀ ਮੁਸਕਰਾਉਂਦੇ ਰਹੇ



**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਅਸੈਂਬਲੀ ਦੇ ਸਰਦ ਰੁੱਤ ਇਜਲਾਸ ਵਿਚ ਪੰਜਾਬ 'ਚ ਆਏ ਹੜ੍ਹਾਂ ਮਗਰੋਂ ਕਿਸਾਨਾਂ ਦੇ ਖੇਤਾਂ ਵਿਚ ਹੋਏ ਨੁਕਸਾਨ ਤੇ ਖੇਤਾਂ ਵਿਚ ਰੁੜ੍ਹ ਕੇ ਆਈ ਰੇਤ ਨੂੰ ਚੁੱਕਣ ਲਈ ਭਗਵੰਤ ਮਾਨ ਸਰਕਾਰ ਵੱਲੋਂ ਬਣਾਈ ਗਈ 'ਜਿਸ ਦਾ ਖੇਤ, ਉਸ ਦੀ ਰੇਤ' ਪਾਲਿਸੀ ਸੂਬੇ ਵਿਚ ਲਾਗੂ ਕਰਨ ਦੀ ਮੰਗ ਉੱਠੀ ਹੈ। ਪ੍ਰਸ਼ਨ ਕਾਲ ਦੌਰਾਨ ਸ਼ਾਹਬਾਦ ਤੋਂ ਵਿਧਾਇਕ ਰਾਮਕਰਣ ਕਾਲਾ ਨੇ ਇਹ ਮੁੱਦਾ ਚੁੱਕਿਆ ਸੀ। ਸਾਬਕਾ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ ਨੇ ਪੰਜਾਬ ਸਰਕਾਰ ਦੀ ਤਰਜ਼ 'ਤੇ ਹਰਿਆਣਾ ਵਿਚ ਨੀਤੀ ਬਣਾਉਣ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਸਿੱਧੇ ਤੌਰ 'ਤੇ ਸੰਬੋਧਨ ਹੁੰਦਿਆਂ ਹੁੱਡਾ ਨੇ ਕਿਹਾ, "ਮੁੱਖ ਮੰਤਰੀ ਜੀ, ਕਿਰਪਾ ਕਰਕੇ ਹਾਂ ਜਾਂ ਨਾਂਹ ਵਿੱਚ ਜਵਾਬ ਦਿਓ।" ਮੁੱਖ ਮੰਤਰੀ ਨਰਮੀ ਨਾਲ ਮੁਸਕਰਾਏ ਪਰ ਕੋਈ ਜਵਾਬ ਨਹੀਂ ਦਿੱਤਾ। ਖਣਨ ਅਤੇ ਭੂ-ਵਿਗਿਆਨ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਵੱਲੋਂ ਜਵਾਬ ਦਿੰਦੇ ਹੋਏ, ਕੈਬਨਿਟ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਕਿਹਾ ਕਿ ਕਾਕੜਾ ਅਤੇ ਮਲਿਕਪੁਰ ਪਿੰਡਾਂ ਦੇ ਦੋ ਕਿਸਾਨਾਂ ਨੇ ਰੇਤ ਕੱਢਣ ਲਈ ਤਜਵੀਜ਼ ਦਿੱਤੀ ਹੈ।

ਇਹ ਤਜਵੀਜ਼ ਕੁਰੂਕਸ਼ੇਤਰ ਦੇ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਖਣਨ ਅਧਿਕਾਰੀ ਨੂੰ ਭੇਜੇ ਗਏ ਸਨ। ਅਧਿਕਾਰੀ ਨੇ ਇਨ੍ਹਾਂ ਤਜਵੀਜ਼ਾਂ ਨੂੰ ਰੱਦ ਕਰ ਦਿੱਤਾ ਕਿਉਂਕਿ ਸਵਾਲ ਵਾਲੀ ਜ਼ਮੀਨ ਦਰਿਆ ਦੇ ਤਲ ਦੇ ਅੰਦਰ ਆਉਂਦੀ ਹੈ ਅਤੇ ਰਾਜ ਖਣਨ ਨਿਯਮ, 2012, ਇਸ ਦੇ ਨਿਪਟਾਰੇ ਦੀ ਇਜਾਜ਼ਤ 'ਤੇ ਪਾਬੰਦੀ ਲਗਾਉਂਦੇ ਹਨ। ਸਾਬਕਾ ਸਪੀਕਰ ਅਤੇ ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ ਨੇ ਵੀ ਇਹ ਮੁੱਦਾ ਉਠਾਇਆ, ਦਲੀਲ ਦਿੱਤੀ ਕਿ ਸਰਕਾਰ ਨੂੰ ਨੀਤੀ ਵਿੱਚ ਸੋਧ ਕਰਕੇ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨੀ ਚਾਹੀਦੀ ਹੈ।

# ਅੰਬਰ ਗਰੁੱਪ ਵੱਲੋਂ ਖੋਜ ਤੇ ਵਿਕਾਸ ਕੇਂਦਰ ਵਿੱਚ 500 ਕਰੋੜ ਰੁਪਏ ਦੇ ਨਿਵੇਸ਼ ਦਾ ਐਲਾਨ

## ਅਤਿ-ਆਧੁਨਿਕ ਐੱਚਵੀਏਸੀ ਡਿਜ਼ਾਈਨ ਅਤੇ ਇੰਜੀਨੀਅਰਿੰਗ ਵਿੱਚ 1,000 ਉੱਚ-ਗੁਣਵੱਤਾ ਵਾਲੇ ਰੋਜ਼ਗਾਰ ਦੇ ਨਵੇਂ ਮੌਕੇ ਸਿਰਜੇ ਜਾਣਗੇ: ਸੰਜੀਵ ਅਰੋੜਾ



**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਰ ਗਰੁੱਪ ਆਫ਼ ਇੰਡਸਟਰੀਜ਼ ਨੇ ਰਾਜਪੁਰਾ ਵਿਖੇ 500 ਕਰੋੜ ਰੁਪਏ ਦੇ ਨਿਵੇਸ਼ ਨਾਲ ਅਤਿ-ਆਧੁਨਿਕ ਖੋਜ ਅਤੇ ਵਿਕਾਸ ਕੇਂਦਰ ਦੀ ਸਥਾਪਨਾ ਰਾਹੀਂ ਇੱਕ ਵੱਡੇ ਵਿਸਥਾਰ ਦਾ ਐਲਾਨ ਕੀਤਾ ਹੈ। ਇਸ ਐਲਾਨ ਦਾ ਪੰਜਾਬ ਦੇ ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸਵਾਗਤ ਕੀਤਾ।

ਉਨ੍ਹਾਂ ਕਿਹਾ ਕਿ ਰਾਜਪੁਰਾ ਵਿਖੇ 500 ਕਰੋੜ ਰੁਪਏ ਦੇ ਨਿਵੇਸ਼ ਨਾਲ ਇੱਕ ਵੱਡੇ ਪੱਧਰ ਦਾ ਖੋਜ ਅਤੇ ਵਿਕਾਸ ਕੇਂਦਰ ਸਥਾਪਤ ਕਰਨ ਦਾ ਅੰਬਰ ਗਰੁੱਪ ਦਾ ਫੈਸਲਾ ਪੰਜਾਬ ਦੀਆਂ ਪ੍ਰਗਤੀਸ਼ੀਲ ਉਦਯੋਗਿਕ ਨੀਤੀਆਂ, ਹੁਨਰਮੰਦ ਕਿਰਤੀਆਂ ਅਤੇ ਨਿਵੇਸ਼ਕ-ਪੱਖੀ ਵਾਤਾਵਰਣ ਪ੍ਰਣਾਲੀ ਦਾ ਮਜ਼ਬੂਤ ਸਮਰਥਨ ਕਰਦਾ ਹੈ।

ਇਸ ਪ੍ਰੋਜੈਕਟ ਨਾਲ ਲਗਪਗ 1,000 ਉੱਚ-ਗੁਣਵੱਤਾ ਤੇ ਚੰਗੀ ਤਨਖਾਹ ਵਾਲੀਆਂ ਰੋਜ਼ਗਾਰ ਦੇ ਨਵੇਂ ਮੌਕੇ ਸਿਰਜੇ ਜਾ ਸਕਣਗੇ ਅਤੇ ਉੱਨਤ ਇੰਜੀਨੀਅਰਿੰਗ ਤੇ ਉਤਪਾਦ ਡਿਜ਼ਾਈਨ ਦੇ ਖੇਤਰ ਵਿੱਚ ਪੰਜਾਬ ਦੀ ਸਥਿਤੀ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤੀ ਮਿਲੇਗੀ। ਅੰਬਰ ਗਰੁੱਪ ਆਫ਼ ਇੰਡਸਟਰੀਜ਼ ਇੱਕ ਮੋਹਰੀ ਨਿਰਮਾਣ ਸਮੂਹ ਹੈ ਜਿਸ ਵਿੱਚ ਭਾਰਤ ਅਤੇ ਵਿਦੇਸ਼ਾਂ ਵਿੱਚ 33 ਨਿਰਮਾਣ ਸਹੂਲਤਾਂ ਅਤੇ 12 ਵਿਕਰੀ ਦਫਤਰ ਹਨ, ਜਿਨ੍ਹਾਂ ਦਾ ਸਾਲਾਨਾ ਮਾਲੀਆ ਲਗਪਗ 10,000 ਕਰੋੜ ਰੁਪਏ ਹੈ ਅਤੇ ਬਾਜ਼ਾਰ ਪੂੰਜੀਕਰਨ ਲਗਭਗ 27,000 ਕਰੋੜ ਰੁਪਏ ਹੈ।

ਇਹ ਸਮੂਹ ਪੀਸੀਬੀਜ਼, ਏਅਰ ਕੰਡੀਸ਼ਨਰ, ਪਾਵਰ ਇਲੈਕਟ੍ਰਾਨਿਕਸ, ਐੱਚਵੀਏਸੀ ਸਿਸਟਮ, ਰੇਲਵੇ, ਰੱਖਿਆ, ਬੱਸਾਂ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਲਈ ਸਟੀਕ ਕੂਲਿੰਗ ਹੱਲ ਸਮੇਤ ਅਨੇਕਾਂ ਮੁੱਖ ਖੇਤਰਾਂ ਵਿੱਚ ਸਰਗਰਮ ਹੈ।

# 'ਕਰਜ਼ੇ ਬਦਲੇ ਕਿਡਨੀ': ਕਰਜ਼ਾ ਚੁਕਾਉਣ ਲਈ ਕਿਡਨੀ ਵੇਚਣ ਲਈ ਮਜਬੂਰ ਹੋਇਆ ਕਿਸਾਨ

**ਚੰਦਰਪੁਰ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਸਰ ਸੋਸ਼ਲ ਮੀਡੀਆ 'ਤੇ ਅਸੀਂ ਮੀਮ'ਜ਼ ਅਤੇ ਚੁਟਕਲੇ ਦੇਖਦੇ ਹਾਂ ਜਿਸ ਵਿੱਚ ਕਿਡਨੀ ਵੇਚ ਕੇ ਆਈਫੋਨ ਲੈਣ ਬਾਰੇ ਜਾਂ ਆਪਣੇ ਸ਼ੌਕ ਪੂਰੇ ਕਰ ਲਈ ਕਿਡਨੀ ਵੇਚਣ ਬਾਰੇ ਦਰਸਾਇਆ ਹੁੰਦਾ ਹੈ। ਪਰ ਇੱਕ ਅਸਲ ਘਟਨਾ ਵਿੱਚ ਕਿਸਾਨ ਨੂੰ ਕਰਜ਼ਾ ਚੁਕਾਉਣ ਲਈ ਕਿਡਨੀ ਵੇਚਣ ਲਈ ਮਜਬੂਰ ਹੋਣ ਜਾਣ ਮਾਮਲਾ ਸਾਹਮਣੇ ਆਇਆ ਹੈ। ਮਹਾਰਾਸ਼ਟਰ ਦੇ ਚੰਦਰਪੁਰ ਜ਼ਿਲ੍ਹੇ ਦੇ ਇੱਕ ਕਿਸਾਨ ਨੇ ਹਾਲ ਹੀ ਵਿੱਚ ਦਾਅਵਾ ਕੀਤਾ ਸੀ ਕਿ ਉਸ ਨੂੰ ਆਪਣੇ ਕਰਜ਼ੇ ਦਾ ਇੱਕ ਹਿੱਸਾ ਚੁਕਾਉਣ ਲਈ ਆਪਣੀ ਕਿਡਨੀ ਵੇਚਣ ਲਈ ਮਜਬੂਰ ਕੀਤਾ ਗਿਆ ਹੈ। ਇਸ ਉਪਰੰਤ ਪ੍ ?ਸ਼ਾਸਨ ਵੱਲੋਂ ਉਸ ਦੀ ਡਾਕਟਰੀ ਜਾਂਚ ਤੋਂ ਬਾਅਦ ਪੁਲੀਸ ਨੇ ਪੁਸ਼ਟੀ ਕੀਤੀ ਹੈ ਕਿ ਉਸ ਦੀ ਇੱਕ ਕਿਡਨੀ ਗਾਇਬ ਹੈ।

ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਕਿਸਾਨ ਰੋਸ਼ਨ ਕੁੜੇ ਦੀ ਬੁੱਧਵਾਰ ਨੂੰ ਚੰਦਰਪੁਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਸਿਹਤ ਜਾਂਚ ਕੀਤੀ ਗਈ ਸੀ, ਜਿਸ ਤੋਂ ਬਾਅਦ ਡਾਕਟਰਾਂ ਨੇ ਨਤੀਜਾ ਕੱਢਿਆ ਕਿ ਉਸ ਦੀਆਂ ਦੋਵਾਂ ਵਿੱਚੋਂ ਇੱਕ ਕਿਡਨੀ ਮੌਜੂਦ ਨਹੀਂ ਹੈ। ਇਸ ਤੋਂ ਪਹਿਲਾਂ ਕੁੜੇ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਚਾਰ ਸ਼ਾਹੂਕਾਰਾਂ ਤੋਂ ਲਏ ਕਰਜ਼ੇ ਦੀ ਅਦਾਇਗੀ ਕਰਨ ਲਈ ਕਿਡਨੀ ਵੇਚਣ ਲਈ ਮਜਬੂਰ ਕੀਤਾ ਗਿਆ ਸੀ। ਇਸ ਖੁਲਾਸੇ ਤੋਂ ਬਾਅਦ ਪੁਲੀਸ ਨੇ ਜਾਂਚ ਸ਼ੁਰੂ ਕੀਤੀ ਅਤੇ ਛੇ ਸ਼ਾਹੂਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਅਧਿਕਾਰੀ ਨੇ ਦੱਸਿਆ ਕਿ ਛੇ ਵਿੱਚੋਂ ਪੰਜ ਮੁਲਜ਼ਮਾਂ ਨੂੰ 20 ਦਸੰਬਰ ਤੱਕ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਨਾਗਭੀੜ ਤਹਿਸੀਲ ਦੇ ਪਿੰਡ ਮਿੱਥੂਰ ਦੇ ਰਹਿਣ ਵਾਲੇ 29 ਸਾਲਾ ਰੋਸ਼ਨ ਕੁੜੇ ਕੋਲ ਚਾਰ ਏਕੜ ਖੇਤੀਬਾੜੀ ਵਾਲੀ ਜ਼ਮੀਨ ਹੈ। ਖੇਤੀ ਵਿੱਚ ਹੋਏ ਨੁਕਸਾਨ ਕਾਰਨ ਉਸ ਨੇ ਡੇਅਰੀ ਫਾਰਮਿੰਗ ਦਾ ਸਹਾਇਕ ਧੰਦਾ ਸ਼ੁਰੂ ਕਰਨ ਲਈ ਗਾਵਾਂ ਖਰੀਦੀਆਂ ਸਨ। ਉਸ ਨੇ ਪੁਲੀਸ ਨੂੰ ਦੱਸਿਆ ਕਿ ਉਸ ਨੇ 2021 ਵਿੱਚ ਦੋ ਸ਼ਾਹੂਕਾਰਾਂ ਤੋਂ ÷40 ਫੀਸਦੀ ਵਿਆਜ÷ @ਤੇ 50,000 ਰੁਪਏ ਉਧਾਰ ਲਏ ਸਨ। ਸ਼ਾਹੂਕਾਰਾਂ ਨੇ ਬਾਅਦ ਵਿੱਚ ਕਥਿਤ ਤੌਰ @ਤੇ ਦਾਅਵਾ ਕੀਤਾ ਕਿ ਵਿਆਜ ਸਮੇਤ ਇਹ ਰਕਮ ਵਧ ਕੇ 74 ਲੱਖ ਰੁਪਏ ਹੋ ਗਈ ਹੈ।

ਕਿਸਾਨ ਅਨੁਸਾਰ, ਇੱਕ ਸ਼ਾਹੂਕਾਰ ਨੇ ਉਸ ਨੂੰ ਕਰਜ਼ਾ ਚੁਕਾਉਣ ਲਈ ਕਿਡਨੀ ਵੇਚਣ ਦੀ ਸਲਾਹ ਦਿੱਤੀ ਸੀ। ਇਸ ਤੋਂ ਬਾਅਦ ਉਸ ਨੇ ਇੰਟਰਨੈੱਟ ਰਾਹੀਂ ਇੱਕ ਏਜੰਟ ਨਾਲ ਸੰਪਰਕ ਕੀਤਾ। ਏਜੰਟ ਕੁੜੇ ਨੂੰ ਕੋਲਕਾਤਾ ਲੈ ਗਿਆ, ਜਿੱਥੇ ਇੱਕ ਡਾਕਟਰ ਦੁਆਰਾ ਮੈਡੀਕਲ ਜਾਂਚ ਤੋਂ ਬਾਅਦ ਉਹ ਕੰਬੋਡੀਆ ਗਿਆ, ਜਿੱਥੇ ਉਸ ਦੀ ਕਿਡਨੀ ਕੱਢੀ ਗਈ। ਕੁੜੇ ਨੇ ਪੁਲੀਸ ਨੂੰ ਦੱਸਿਆ ਕਿ ਬਦਲੇ ਵਿੱਚ ਉਸ ਨੂੰ 8 ਲੱਖ ਰੁਪਏ ਮਿਲੇ ਸਨ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਕੁਰਸੀ ਦੇ ਪਾਵਿਆਂ ਦੀ ਮਜ਼ਬੂਤੀ ਲਈ ਬੇਦੋਸ਼ਿਆਂ ਦੀਆਂ ਲਾਸ਼ਾਂ ਦੇ ਢੇਰ ਦਰਕਾਰ

ਆਗੂ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ, ਆਪਣੇ ਹੀ ਲੋਕਾਂ ਪ੍ਰਤੀ ਉਨ੍ਹਾਂ ਦੀ ਅਜਿਹੀ ਸੋਚ ਨੂੰ ਤੁਸੀਂ ਕੀ ਆਖੋਗੇ ? ਕੀ ਉਨ੍ਹਾਂ ਦੀ ਕੁਰਸੀ ਦੇ ਪਾਵਿਆਂ ਦੀ ਮਜ਼ਬੂਤੀ ਲਈ ਬੇਦੋਸ਼ਿਆਂ ਦੀਆਂ ਲਾਸ਼ਾਂ ਦੇ ਢੇਰ ਦਰਕਾਰ ਹਨ ? ਸਾਡੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਾਇਦ ਇਸੇ ਲਈ ਇਹ ਕਹਿਣ ਲਈ ਮਜਬੂਰ ਹੋਣਾ ਪਿਆ: ਡੂੰਘੇ ਵੈਣਾਂ ਦਾ ਕੀ ਮਿਣਨਾ, ਤਖ਼ਤ ਦੇ ਪਾਵੇ ਮਿਣੀਏ ਜਦ ਤਕ ਉਹ ਲਾਸ਼ਾਂ ਗਿਣਦੇ ਨੇ, ਆਪਾਂ ਵੋਟਾਂ ਗਿਣੀਏ। ਸਾਡੇ ਆਗੂ ਅਜਿਹੀ ਸੰਵੇਦਨਹੀਣ ਬਿਆਨਬਾਜ਼ੀ ਤੱਕ ਹੀ ਸੀਮਿਤ ਨਹੀਂ ਸਗੋਂ ਸੰਸਦ ਦੀ ਚਲਦੀ ਕਾਰਵਾਈ ਦੌਰਾਨ ਕਈ ਵਾਰ ਗਾਲ੍ਹਾਂ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਸਿਆਸਤ 'ਚ ਕਦਮ ਰੱਖਣ ਵਾਲਿਆਂ ਲਈ ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਕਿਸੇ ਵੀ ਵਿਸ਼ੇ 'ਤੇ ਗੱਲ ਜਾਂ ਟਿੱਪਣੀ ਸੰਜਮ ਅਤੇ ਜ਼ਾਬਤੇ ਅੰਦਰ ਰਹਿ ਕੇ ਕੀਤੀ ਜਾਵੇ। ਵਿਰੋਧੀ ਧਿਰ ਦੇ ਗੋਡੇ-ਗਿੱਟੇ ਲੱਗਣ ਵਾਲੇ ਬਿਆਨ ਦੇਣ ਵੇਲੇ ਜੇਕਰ ਤੁਸੀਂ ਤੱਥਾਂ ਦੀ ਬਜਾਏ ਬੇਮੁਹਾਰੇ ਸ਼ਬਦਾਂ ਦੀ ਵਰਤੋਂ ਕਰ ਲਈ ਤਾਂ ਤੱਟ-ਫੱਟ ਤਾਂ ਭਾਵੇਂ ਤੁਹਾਨੂੰ ਲੱਗੇ ਕਿ ਤੁਸੀਂ ਸਾਹਮਣੇ ਵਾਲੇ ਨੂੰ ਚਿੱਤ ਕਰ ਲਿਆ ਹੈ ਪਰ ਸਮਾਂ ਪਾ ਕੇ ਬਦਲਦੀਆਂ ਪ੍ਰਸਥਿਤੀਆਂ ਵਿੱਚ ਉਹ ਬੇਮੁਹਾਰੇ ਸ਼ਬਦ ਵਾਰ ਵਾਰ ਤੁਹਾਡੇ ਸਾਹਮਣੇ ਆ ਕੇ ਤੁਹਾਡੀ ਸ਼ਰਮਿੰਦਗੀ ਦਾ ਕਾਰਨ ਬਣਦੇ ਹਨ। ਸਿਆਸਤ ਦਾ ਖੇਤਰ ਹੀ ਨਹੀਂ, ਆਮ ਜੀਵਨ ਵਿੱਚ ਵੀ ਇਹੀ ਸਿਧਾਂਤ ਲਾਗੂ ਹੁੰਦਾ ਹੈ। ਇਸੇ ਕਾਰਨ ਹੀ ਕਿਹਾ ਜਾਂਦਾ ਹੈ ਕਿ 'ਪਹਿਲਾਂ ਤੋਲੋ ਫਿਰ ਬੋਲੋ'। ਕੇਂਦਰੀ ਮੰਤਰੀ ਮੰਡਲ ਦੀ ਸ਼ੁੱਕਰਵਾਰ ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫ਼ੈਸਲੇ ਤਹਿਤ ਮਹਾਤਮਾ ਗਾਂਧੀ ਕੌਮੀ ਦਿਹਾਤੀ ਰੁਜ਼ਗਾਰ ਗਾਰੰਟੀ ਐਕਟ (ਮਗਨਰੇਗਾ) ਨੂੰ ਨਵਾਂ ਨਾਮ 'ਪੂਜਯ ਬਾਪੂ ਗ੍ਰਾਮੀਣ ਰੁਜ਼ਗਾਰ ਯੋਜਨਾ' ਦੇਣ ਲਈ ਬਿੱਲ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਯੋਜਨਾ ਦਾ ਨਾਮ ਬਦਲਣ ਦੇ ਨਾਲ ਨਾਲ ਹੀ ਕੰਮ ਦੇ ਦਿਨਾਂ ਦੀ ਗਿਣਤੀ ਵੀ 100 ਤੋਂ ਵਧਾ ਕੇ 125 ਕਰ ਦਿੱਤੀ ਗਈ ਹੈ। ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਯੂ ਪੀ ਏ ਸਰਕਾਰ ਵੱਲੋਂ ਸਤੰਬਰ 2005 ਵਿੱਚ ਕਾਨੂੰਨ ਬਣਾ ਕੇ ਫਰਵਰੀ 2006 ਵਿੱਚ ਨਰੇਗਾ ਨੂੰ ਦੇਸ਼ ਦੇ 200 ਜ਼ਿਲ੍ਹਿਆਂ ਦੇ ਪੇਂਡੂ ਖੇਤਰਾਂ ਵਿੱਚ ਲਾਗੂ ਕੀਤਾ ਗਿਆ। ਇਸ ਮਗਰੋਂ ਇਸ ਨੂੰ ਪੜਾਅਵਾਰ ਢੰਗ ਨਾਲ 2008 ਤੱਕ ਦੇਸ਼ ਦੇ ਸਾਰੇ ਜ਼ਿਲ੍ਹਿਆਂ ਦੇ ਪੇਂਡੂ ਖੇਤਰਾਂ ਵਿੱਚ ਲਾਗੂ ਕਰ ਦਿੱਤਾ ਗਿਆ। ਫਿਰ ਦੋ ਅਕਤੂਬਰ 2009 ਨੂੰ ਕਾਨੂੰਨ ?'ਚ ਵਿਸ਼ੇਸ਼ ਸੋਧ ਕਰਕੇ ਇਸ ਦਾ ਨਾਂ 'ਮਗਨਰੇਗਾ' ਰੱਖਿਆ ਗਿਆ। ਇਸ ਯੋਜਨਾ ਦਾ ਉਦੇਸ਼ ਪੇਂਡੂ ਅਰਥਵਿਵਸਥਾ ਨੂੰ ਹੁਲਾਰਾ ਦੇਣਾ ਸੀ। ਸਾਲ 2014 ਵਿੱਚ ਦੇਸ਼ ਦੀ ਵਾਗਡੋਰ ਸੰਭਾਲਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਵਿੱਚ ਇਸ ਯੋਜਨਾ ਦਾ ਬੁਰੀ ਤਰ੍ਹਾਂ ਮਜ਼ਾਕ ਉਡਾਉਂਦਿਆਂ ਕਾਂਗਰਸ ਨੂੰ ਆਖਿਆ ਸੀ, "ਮਗਨਰੇਗਾ ਤੁਹਾਡੀਆਂ ਅਸਫ਼ਲਤਾਵਾਂ ਦਾ ਜਿਊਂਦਾ-ਜਾਗਦਾ ਸਮਾਰਕ ਹੈ। ਆਜ਼ਾਦੀ ਦੇ ਸੱਠ ਸਾਲ ਬਾਅਦ ਵੀ ਤੁਹਾਨੂੰ (ਦੇਸ਼ ਦੇ ਪੇਂਡੂ ਲੋਕਾਂ ਨੂੰ) ਟੋਏ ਪੁੱਟਣ ਲਈ ਭੇਜਣਾ ਪੈ ਰਿਹਾ ਹੈ। ਮੈਂ ਤੁਹਾਡੇ ਇਸ ਸਮਾਰਕ ਦਾ ਢੋਲ ਪਿੱਟਦਾ ਰਹਾਂਗਾ। ਮੈਂ ਦੁਨੀਆ ਨੂੰ ਦੱਸਾਂਗਾ ਕਿ ਤੁਸੀਂ ਜੋ ਟੋਏ ਪੁੱਟ ਰਹੇ ਹੋ, ਉਹ ਉਨ੍ਹਾਂ (ਕਾਂਗਰਸ) ਦੇ ਸੱਠ ਸਾਲਾਂ ਦਾ ਨਤੀਜਾ ਹੈ।" ਉਸ ਵੇਲੇ ਨਵੇਂ ਨਵੇਂ ਪ੍ਰਧਾਨ ਮੰਤਰੀ ਬਣੇ ਸ੍ਰੀ ਮੋਦੀ ਏਨੀ ਗੱਲ 'ਤੇ ਹੀ ਨਹੀਂ ਰੁਕੇ। ਉਨ੍ਹਾਂ ਹੱਦੋਂ ਵੱਧ ਉਤਸ਼ਾਹ 'ਚ ਆਉਂਦਿਆਂ ਇੱਥੋਂ ਤੱਕ ਕਹਿ ਦਿੱਤਾ, "ਮੇਰੀ ਸਿਆਸੀ ਸੂਝ-ਬੂਝ 'ਤੇ ਸ਼ੱਕ ਨਾ ਕਰੋ। ਮਗਨਰੇਗਾ ਰਹੇਗਾ। ਆਨ, ਬਾਨ, ਸ਼ਾਨ ਨਾਲ ਰਹੇਗਾ ਅਤੇ ਗਾਜੇ ਵਾਜੇ ਨਾਲ ਇਸ ਬਾਰੇ ਦੁਨੀਆ ਨੂੰ ਦੱਸਿਆ ਜਾਵੇਗਾ... ਲੋਕਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਏਨੇ ਸਾਲਾਂ ਬਾਅਦ ਵੀ ਉਨ੍ਹਾਂ ਨੂੰ ਟੋਏ ਪੁੱਟਣ ਲਈ ਕਿਸ ਨੇ ਮਜਬੂਰ ਕੀਤਾ। ... ਇਹ ਚੰਗਾ ਕੀਤਾ ਕਿ ਤੁਸੀਂ ਆਪਣੇ ਫੁਟਪ੍ਰਿੰਟ (ਮਗਨਰੇਗਾ ਦੇ ਰੂਪ 'ਚ) ਛੱਡ ਕੇ ਗਏ ਹੋ ਤਾਂ ਜੋ ਲੋਕਾਂ ਨੂੰ ਇਸ ਬਾਰੇ ਪਤਾ ਲੱਗ ਸਕੇ।" ਉਸ ਵੇਲੇ ਉਨ੍ਹਾਂ ਦੇ ਅਤਿ ਉਤਸ਼ਾਹ 'ਚ ਦਿੱਤੇ ਭਾਸ਼ਣ ਮਗਰੋਂ ਜਦੋਂ 2016 'ਚ ਨੋਟਬੰਦੀ ਅਤੇ 2020 'ਚ ਕੋਵਿਡ ਵੇਲੇ ਅਰਥਵਿਵਸਥਾ ਨੂੰ ਡੂੰਘਾ ਝਟਕਾ ਲੱਗਿਆ ਤਾਂ ਸਰਕਾਰ ਨੇ ਮਗਨਰੇਗਾ ਰਾਹੀਂ ਹੀ ਪੇਂਡੂ ਖੇਤਰ ਤੱਕ ਮਾਲੀ ਮਦਦ ਪੁੱਜਦੀ ਕੀਤੀ ਸੀ ਅਤੇ ਬਾਅਦ ਵਿੱਚ ਇਸ ਦੀ ਸਫ਼ਲਤਾ ਬਾਰੇ ਦਾਅਵੇ ਵੀ ਕੀਤੇ ਸਨ। ਇੱਥੇ ਵਰਣਨਯੋਗ ਹੈ ਕਿ ਦੇਸ਼ ਦੀ 80 ਫ਼ੀਸਦੀ ਆਬਾਦੀ ਪਿੰਡਾਂ 'ਚ ਰਹਿੰਦੀ ਹੈ। ਜਦੋਂ ਆਮ ਆਦਮੀ ਦੇ ਹੱਥ 'ਚ ਪੈਸਾ ਆਉਂਦਾ ਹੈ ਤਾਂ ਉਹ ਪੈਸਾ ਖ਼ਰਚ ਕਰਦਾ ਹੈ ਤੇ ਇਉਂ ਅਰਥਵਿਵਸਥਾ ਦਾ ਪਹੀਆ ਘੁੰਮਦਾ ਹੈ। ਇਸ ਯੋਜਨਾ ਨੂੰ ਕਿਸੇ ਵੇਲੇ ਯੂ ਪੀ ਏ ਦੀ ਅਸਫ਼ਲਤਾ ਦਾ ਨਮੂਨਾ ਦੱਸੇ ਜਾਣ ਦੇ ਸੰਦਰਭ ਵਿੱਚ ਵਿਰੋਧੀ ਪਾਰਟੀਆਂ ਵੱਲੋਂ ਹੁਣ ਸਰਕਾਰ ਨੂੰ ਸਵਾਲ ਪੁੱਛੇ ਜਾ ਰਹੇ ਹਨ ਕਿ ਜੇਕਰ ਪੇਂਡੂ ਅਰਥਵਿਵਸਥਾ ਦੀ ਹਾਲਤ ਬਹੁਤ ਚੰਗੀ ਹੈ ਤਾਂ ਸਰਕਾਰ ਹੁਣ ਇਸ ਅਧੀਨ 100 ਦਿਨਾਂ ਦੇ ਕੰਮ ਦੀ ਗਾਰੰਟੀ ਵਧਾ ਕੇ 125 ਦਿਨ ਕਿਉਂ ਕਰ ਰਹੀ ਹੈ ? ਇਸ ਤੋਂ ਇਲਾਵਾ ਸਵਾਲ ਇਹ ਵੀ ਹੈ ਕਿ ਸਰਕਾਰ ਨੂੰ ਇਸ ਯੋਜਨਾ ਦਾ ਨਾਂ ਬਦਲਣ ਦੀ ਕੀ ਲੋੜ ਪੈ ਗਈ ? ਪਹਿਲਾਂ ਵੀ ਇਹ ਯੋਜਨਾ ਮਹਾਤਮਾ ਗਾਂਧੀ ਦੇ ਨਾਂ 'ਤੇ ਹੀ ਸੀ ਅਤੇ ਹੁਣ ਇਸ ਨੂੰ ਬਦਲ ਕੇ 'ਪੂਜਯ ਬਾਪੂ ਗ੍ਰਾਮੀਣ ਰੁਜ਼ਗਾਰ ਯੋਜਨਾ' ਨਾਮ ਦਿੱਤਾ ਗਿਆ ਹੈ। ਰੁਜ਼ਗਾਰ ਗਾਰੰਟੀ ਯੋਜਨਾ ਦਾ ਪਹਿਲਾ ਨਾਂ ਵੀ ਬਾਪੂ ਦੇ ਨਾਂ 'ਤੇ ਹੈ ਅਤੇ ਦੂਜਾ ਵੀ ਪਰ ਤ੍ਰਿਣਮੂਲ ਕਾਂਗਰਸ ਨੇ ਦੋਸ਼ ਲਾਇਆ ਹੈ ਕਿ ਅਜਿਹਾ ਕਰ ਕੇ ਕੇਂਦਰ ਸਰਕਾਰ ਨੇ ਬੰਗਾਲ 'ਤੇ ਅਪਮਾਨਜਨਕ ਹਮਲੇ ਕੀਤੇ ਹਨ। ਤ੍ਰਿਣਮੂਲ ਕਾਂਗਰਸ ਤੋਂ ਰਾਜ ਸਭਾ ਮੈਂਬਰ ਸਾਗਰਿਕਾ ਘੋਸ਼ ਨੇ ਇੱਕ ਟਵੀਟ ਵਿੱਚ ਆਖਿਆ ਹੈ ਕਿ ਅਜਿਹਾ ਕਰ ਕੇ ਸਮੁੱਚੇ ਬੰਗਾਲ ਦਾ ਅਪਮਾਨ ਕੀਤਾ ਗਿਆ ਹੈ। ਮੋਹਨ ਦਾਸ ਕਰਮ ਚੰਦ ਗਾਂਧੀ ਨੂੰ 'ਮਹਾਤਮਾ' ਦਾ ਖ਼ਿਤਾਬ ਬੰਗਾਲ ਦੇ ਗੁਰੂ ਰਾਬਿੰਦਰਨਾਥ ਟੈਗੋਰ ਨੇ ਦਿੱਤਾ ਸੀ। ਟੈਗੋਰ ਵੱਲੋਂ ਦਿੱਤਾ ਗਿਆ 'ਮਹਾਤਮਾ' ਦਾ ਖ਼ਿਤਾਬ ਇਸ ਯੋਜਨਾ ਦੇ ਨਾਂ 'ਚੋਂ ਹਟਾ ਲਿਆ ਗਿਆ ਹੈ। ਸਾਗਰਿਕਾ ਘੋਸ਼ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਕੀਕਤ 'ਚ ਕੋਈ ਕੰਮ ਨਹੀਂ ਕਰ ਸਕਦੇ, ਬੱਸ ਯੋਜਨਾਵਾਂ ਦਾ ਨਾਂ ਬਦਲ ਕੇ ਹੀ ਦੂਜਿਆਂ ਵੱਲੋਂ ਕੀਤੇ ਕੰਮ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਪਹਿਲਾਂ ਅਜਿਹੀ ਹੀ ਕਵਾਇਦ 'ਚ ਦੇਸ਼ ਦੇ ਕਈ ਸ਼ਹਿਰਾਂ ਦੇ ਨਾਮ ਬਦਲੇ ਗਏ ਹਨ। ਬਿਨਾਂਸੋਚੇ-ਸਮਝੇ ਬੇਤੁਕੇ ਬਿਆਨ ਦੇਣ 'ਚ ਹੋਰ ਸਿਆਸੀ ਪਾਰਟੀਆਂ ਦੇ ਆਗੂ ਵੀ ਪਿੱਛੇ ਨਹੀਂ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੇ ਅੱਜ ਤੋਂ ਤਕਰੀਬਨ ਬਾਰ੍ਹਾਂ ਕੁ ਵਰ੍ਹੇ ਪਹਿਲਾਂ ਮੁਰਾਦਾਬਾਦ 'ਚ ਹੋਈ ਇੱਕ ਰੈਲੀ ਦੌਰਾਨ ਮੁੰਬਈ ਸ਼ਕਤੀ ਮਿੱਲ ਗੈਂਗਰੇਪ ਬਾਰੇ ਅਦਾਲਤੀ ਫ਼ੈਸਲੇ ਦੇ ਸੰਦਰਭ 'ਚ ਕਿਹਾ ਸੀ ਕਿ 'ਲੜਕੋਂ ਸੇ ਅਕਸਰ ਗ਼ਲਤੀਆਂ ਹੋ ਜਾਤੀ ਹੈਂ। ਐਸੇ ਕਾਨੂੰਨੋਂ ਕੋ ਬਦਲਨੇ ਕੀ ਜ਼ਰੂਰਤ ਹੈ।' ਉਨ੍ਹਾਂ ਕਿਹਾ ਸੀ ਕਿ ਪਹਿਲਾਂ ਮੁੰਡੇ-ਕੁੜੀਆਂ ਦੀ ਦੋਸਤੀ ਹੁੰਦੀ ਹੈ ?ਅਤੇ ਫਿਰ ਮਤਭੇਦ ਹੋਣ 'ਤੇ ਕੁੜੀ ਬਲਾਤਕਾਰ ਦੇ ਦੋਸ਼ ਲਗਾ ਦਿੰਦੀ ਹੈ। 'ਫਿਰ ਬੇਚਾਰੇ ਲੜਕੋਂ ਕੋ ਫਾਂਸੀ ਹੋ ਜਾਤੀ ਹੈ।' ਬਲਾਤਕਾਰ ਦਾ ਸ਼ਿਕਾਰ ਲੜਕੀ ਵਿਰੁੱਧ ਅਤੇ ਬਲਾਤਕਾਰੀਆਂ ਦਾ ਪੱਖ ਪੂਰਨ ਵਾਲੇ ਇਸ ਸੰਵੇਦਨਹੀਣ ਬਿਆਨ ਕਾਰਨ ਮੁਲਾਇਮ ਸਿੰਘ ਯਾਦਵ ਨੂੰ ਬਹੁਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਇਸ ਬਿਆਨ ਨੇ ਮੌਤ ਮਗਰੋਂ ਵੀ ਉਨ੍ਹਾਂ ਦਾ ਪਿੱਛਾ ਨਹੀਂ ਛੱਡਿਆ। ਅੱਜ ਵੀ ਜਦੋਂ ਉਨ੍ਹਾਂ ਦੀ ਪਾਰਟੀ ਔਰਤਾਂ ਦੇ ਹੱਕਾਂ ਦੀ ਕੋਈ ਗੱਲ ਆਖ ਕੇ ਆਪਣੀ ਸਿਆਸਤ ਚਮਕਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਨ੍ਹਾਂ ਨੂੰ ਅੱਗਿਉਂ 'ਲੜਕੋਂ ਸੇ ਅਕਸਰ ਗ਼ਲਤੀਆਂ ਹੋ ਜਾਤੀ ਹੈਂ' ਦਾ ਮਿਹਣਾ ਸੁਣਨਾ ਪੈਂਦਾ ਹੈ। ਸਾਲ 1984 'ਚ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖ ਵਿਰੋਧੀ ਦੰਗੇ ਹੋਏ। ਉਸ ਮਗਰੋਂ 19 ਨਵੰਬਰ 1984 ਨੂੰ ਦਿੱਲੀ ਦੇ ਬੋਟ ਕਲੱਬ 'ਚ ਹੋਏ ਜਨਤਕ ਇਕੱਠ 'ਚ ਰਾਜੀਵ ਗਾਂਧੀ ਨੇ ਆਖਿਆ ਸੀ, "ਜਬ ਭੀ ਕੋਈ ਬੜਾ ਪੇੜ ਗਿਰਤਾ ਹੈ ਤੋ ਧਰਤੀ ਥੋੜੀ ਹਿਲਤੀ ਹੈ।" ਇਸ ਬਿਆਨ ਦੇ ਕੀ ਮਾਅਨੇ ਕੱਢੇ ਜਾਣ ? ਕੀ ਇਹ ਸਿੱਖ ਵਿਰੋਧੀ ਦੰਗਿਆਂ ਨੂੰ ਜਾਇਜ਼ ਠਹਿਰਾਉਣ ਦੀ ਕਵਾਇਦ ਨਹੀਂ ਸੀ ? ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਗੁਜਰਾਤ ਦੰਗਿਆਂ ਮਗਰੋਂ ਆਖਿਆ ਗਿਆ ਸੀ ਕਿ 'ਹਰ ਐਕਸ਼ਨ ਦਾ ਰਿਐਕਸ਼ਨ' ਹੁੰਦਾ ਹੈ। ਕੀ ਇਹ ਫ਼ਿਕਰਾ ਵੀ ਗੁਜਰਾਤ ਦੰਗਿਆਂ ਨੂੰ ਵਾਜਬ ਠਹਿਰਾਉਣ ਦੀ ਹੀ ਕੋਸ਼ਿਸ਼ ਨਹੀਂ ਸੀ ? ਆਗੂ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ, ਆਪਣੇ ਹੀ ਲੋਕਾਂ ਪ੍ਰਤੀ ਉਨ੍ਹਾਂ ਦੀ ਅਜਿਹੀ ਸੋਚ ਨੂੰ ਤੁਸੀਂ ਕੀ ਆਖੋਗੇ ? ਕੀ ਉਨ੍ਹਾਂ ਦੀ ਕੁਰਸੀ ਦੇ ਪਾਵਿਆਂ ਦੀ ਮਜ਼ਬੂਤੀ ਲਈ ਬੇਦੋਸ਼ਿਆਂ ਦੀਆਂ ਲਾਸ਼ਾਂ ਦੇ ਢੇਰ ਦਰਕਾਰ ਹਨ ? ਸਾਡੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਾਇਦ ਇਸੇ ਲਈ ਇਹ ਕਹਿਣ ਲਈ ਮਜਬੂਰ ਹੋਣਾ ਪਿਆ:

# ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵੇਰਕਾ ਮਿਲਕ ਪਲਾਂਟ ਹਸਨਪੁਰ ਵਿੱਖੇ ਹੋਇਆ ਕਾਨੂੰਨੀ ਸੇਵਾਵਾਂ ਤੇ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ



**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਹੇਠ ਮਾਨਯੋਗ ਮੈਡਮ ਅਮਨਦੀਪ ਕੰਬੋਜ ਚੀਫ਼ ਜੁਡੀਸ਼ਅਲ ਮੈਜਿਸਟਰੇਟ ਕਮ ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਦੇਖ ਰੇਖ ਹੇਠ ਅਥਾਰਟੀ ਵਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਸਹਿਯੋਗ ਅਤੇ ਜਨਰਲ ਮੈਨੇਜਰ ਅਨਿਮੇਸ਼ ਪ੍ਰਮਾਣਿਕ ਦੀ ਦੇਖ ਰੇਖ ਹੇਠ ਇੱਕ ਮੁਫ਼ਤ ਕਾਨੂੰਨੀ ਸੇਵਾਵਾਂ ਤੇ ਨਸ਼ਾ ਵਿਰੋਧੀ ਜਾਗਰੂਕਤਾ ਸੈਮੀਨਾਰ ਵੇਰਕਾ ਮਿਲਕ ਪਲਾਂਟ ਹਸਨਪੁਰ ਪਟਿਆਲਾ ਵਿਖੇ ਆਯੋਜਿਤ ਕੀਤਾ ਗਿਆ।

ਸੈਮੀਨਾਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਲੋਕ ਅਦਾਲਤਾਂ ਦੇ ਲਾਭ ਬਾਰੇ ਦੱਸਦਿਆਂ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਪੰਜਾਬ ਵਿਕਟਿਮ ਕੰਪਨਸੇਸ਼ਨ ਸਕੀਮ-2017, ਸਾਈਬਰ ਕ੍ਰਾਈਮ ਸੁਰੱਖਿਆ, ਸਥਾਈ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਅਥਾਰਟੀ ਦੇ ਟੋਲ ਫਰੀ ਨੰਬਰ 15100 ਬਾਰੇ ਦੱਸਿਆ ਅਤੇ ਲੋਕਾਂ ਨੂੰ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ। ?

ਮਿਲਕ ਪਲਾਂਟ ਦੇ ਇੰਚਾਰਜ ਪ੍ਰਸ਼ਾਸਨ ਰੋਹਨ ਕਪੂਰ ਨੇ ਪੌਦਾਰੋਪਣ, ਸਾਈਬਰ ਕ੍ਰਾਈਮ ਸੁਰੱਖਿਆ ਅਤੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਨਾਲ ਜੁੜਣ ਲਈ ਪ੍ਰੇਰਿਤ ਕੀਤਾ।

ਸੈਮੀਨਾਰ ਦਾ ਬਾਖ਼ੂਬੀ ਮੰਚ ਸੰਚਾਲਨ ਕਰਦੇ ਹੋਏ ਸਨਮੀਤ ਸਿੰਘ ਐਚ ਆਰ ਨੇ ਕਾਨੂੰਨੀ ਸੇਵਾਵਾਂ ਸਬੰਧੀ ਕਈ ਮਹੱਤਵਪੂਰਨ ਜਾਣਕਾਰੀਆਂ ਤੇ ਚਾਨਣਾ ਪਾਇਆ।

# 18 ਤੋਂ 20 ਦਸੰਬਰ ਤੱਕ ਦੁਸ਼ਹਿਰਾ ਗਰਾਊਂਡ ਤਰਨ ਤਾਰਨ ਵਿਖੇ ਲੱਗੇਗਾ ਪੰਜਾਬ ਸਖੀ ਸ਼ਕਤੀ ਮੇਲਾ

**ਤਰਨ ਤਾਰਨ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਸੂਖਮ, ਲਘੂ ਅਤੇ ਮੱਧਮ ਉਦਯੋਗ ਮੰਤਰਾਲੇ (ਐੱਮ.ਐੱਸ.ਐੱਮ.ਈ) ਵੱਲੋਂ ਮਹਿਲਾ ਉੱਦਮੀਆਂ ਦਾ ਸਸ਼ਕਤੀਕਰਨ ਕਰਨ ਲਈ ਉਦਯੋਗ ਵਿਭਾਗ ਦੇ ਸਹਿਯੋਗ ਨਾਲ ਤਰਨ ਤਾਰਨ ਸ਼ਹਿਰ ਵਿਖੇ ਮਿਤੀ 18 ਦਸੰਬਰ ਤੋਂ 20 ਦਸੰਬਰ 2025 ਤੱਕ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਲਗਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਜ਼ਿਲ੍ਹਾ ਤਰਨ ਤਾਰਨ ਦੇ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾਵਾਂ ਅਤੇ ਹੋਰ ਉੱਦਮੀ ਮਹਿਲਾਵਾਂ ਆਪਣੇ ਸਟਾਲ ਲਗਾ ਕੇ ਆਪਣੇ ਵੱਲੋਂ ਤਿਆਰ ਕੀਤੇ ਉਤਪਾਦਾਂ ਨੂੰ ਵੇਚਣਗੀਆਂ।

ਪੰਜਾਬ ਸਖੀ ਸ਼ਕਤੀ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ, ਆਈ.ਏ. ਐੱਸ. ਨੇ ਦੱਸਿਆ ਕਿ 18 ਦਸੰਬਰ ਤੋਂ 20 ਦਸੰਬਰ 2025 ਤੱਕ ਤਿੰਨ ਰੋਜ਼ਾ ਇਹ ਪੰਜਾਬ ਸਖੀ ਸ਼ਕਤੀ ਮੇਲਾ ਤਰਨ ਤਾਰਨ ਦੀ ਦੁਸ਼ਿਹਰਾ ਗਰਾਊਂਡ ਵਿਖੇ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ ਜ਼ਿਲ੍ਹਾ ਤਰਨ ਤਾਰਨ ਦੀ ਮਹਿਲਾਵਾਂ ਜੋ ਸਵੈ-ਸਹਾਇਤਾ ਸਮੂਹਾਂ ਨਾਲ ਜੁੜ ਕੇ ਆਪਣੀ ਉਪਜੀਵਕਾ ਕਮਾ ਰਹੀਆਂ ਹਨ ਵੱਲੋਂ ਆਪਣੇ ਉਤਪਾਦ ਵੇਚੇ ਜਾਣਗੇ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਹੋਰ ਉੱਦਮੀ ਮਹਿਲਾਵਾਂ ਜੋ ਆਪਣੇ ਵੱਖ-ਵੱਖ ਤਰਾਂ ਦੇ ਉਤਪਾਦ ਤਿਆਰ ਕਰ ਰਹੀਆਂ ਹਨ ਉਨ੍ਹਾਂ ਨੂੰ ਵੀ ਏਥੇ ਆਪਣੇ ਉਤਪਾਦ ਵੇਚਣ ਦਾ ਮੌਕਾ ਦਿੱਤਾ ਜਾਵੇਗਾ।



ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਐੱਮ.ਐੱਸ.ਐੱਮ.ਈ ਮੰਤਰਾਲੇ ਵੱਲੋਂ ਪੇਂਡੂ ਤੇ ਸ਼ਹਿਰੀ ਖੇਤਰ ਦੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਸਵੈ-ਸਹਾਇਤਾ ਸਮੂਹਾਂ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੇ ਸਮਾਨ ਨੂੰ ਵੇਚਣ ਲਈ ਪਲੇਟਫ਼ਾਰਮ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੇ ਜ਼ਿਲ੍ਹੇ ਵਿੱਚ ਹੁਨਰ ਦੀ ਕੋਈ ਘਾਟ ਨਹੀਂ ਹੈ ਅਤੇ ਜ਼ਿਲ੍ਹੇ ਦੇ ਸਵੈ-ਸਹਾਇਤਾ ਸਮੂਹਾਂ ਵੱਲੋਂ ਆਪਣੇ ਹੱਥੀਂ ਬਣਾਇਆ ਜੋ ਸਮਾਨ ਬਣਾ ਕੇ ਵੇਚਿਆ ਜਾ ਰਿਹਾ ਹੈ ਉਹ ਉੱਚ ਮਿਆਰੀ ਤੇ ਬਜ਼ਾਰ ਦੇ ਮੁਕਾਬਲੇ ਕਿਫ਼ਾਇਤੀ ਹੈ।

ਉਨ੍ਹਾਂ ਕਿਹਾ ਕਿ ਇਹ ਪੰਜਾਬ ਸਖੀ ਸ਼ਕਤੀ ਮੇਲਾ ਤਿੰਨ ਦਿਨ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਚੱਲੇਗਾ।

ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਹੈ ਕਿ ਉਹ ਇਸ ਮੇਲੇ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਖ਼ਰੀਦਦਾਰੀ ਕਰਨ ਤਾਂ ਜੋ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਸਵਾਣੀਆਂ ਨੂੰ ਲਾਭ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਖੀ ਸ਼ਕਤੀ ਮੇਲੇ ਦੌਰਾਨ ਫੂਡ ਸਟਾਲ ਲੱਗਣਗੇ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ ਸਟਾਲ ਲਗਾ ਕੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਜਾਵੇਗੀ।

# ਡਿਪਟੀ ਕਮਿਸ਼ਨਰ ਨੇ ਫਾਜ਼ਿਲਕਾ ਵਿਖੇ ਰਾਜਪਾਲ ਪੰਜਾਬ ਦੀ ਆਮਦ ਨੂੰ ਲੈ ਕੇ ਸਮਾਗਮ ਵਾਲੇ ਸਥਾਂਨਾਂ ਤੇ ਚੱਲ ਰਹੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਫਾਜ਼ਿਲਕਾ,19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਦੀ ਫਾਜ਼ਿਲਕਾ ਵਿਖੇ ਆਮਦ ਨੂੰ ਲੈ ਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਵੱਲੋਂ ਸਮਾਗਮ ਵਾਲੇ ਸਥਾਂਨਾਂ *ਤੇ ਚੱਲ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਹਨਾਂ ਨਾਲ ਸ. ਸ਼ਿਵਦੁਲਾਰ ਸਿੰਘ ਢਿੱਲੋ (ਆਈਐਸ ਸੇਵਾਮੁਕਤ) ਸਕੱਤਰ ਪੰਜਾਬ ਰੈਡ ਕਰਾਸ ਸੋਸਾਇਟੀ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਾਨਯੋਗ ਰਾਜਪਾਲ ਪੰਜਾਬ ਦੀ ਅਗਵਾਈ ਹੇਠ ਸੰਜੀਵ ਸਿਨੇਮਾ ਚੌਂਕ ਤੋਂ ਘੰਟਾ ਘਰ ਤੱਕ ਨਸ਼ਿਆਂ ਖਿਲਾਫ ਮਾਰਚ ਕੱਢਿਆ ਜਾਵੇਗਾ। ਇਸ ਉਪਰੰਤ ਉਹ ਸ਼ਹੀਦਾਂ ਦੀ ਸਮਾਧ ਆਸਫਵਾਲਾ ਵਾਰ ਮੈਮੋਰੀਅਲ ਵਿਖੇ ਨਤਮਸਤਕ ਹੋਣਗੇ।ਉਨ੍ਹਾਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਮਾਨਯੋਗ ਰਾਜਪਾਲ ਦੀ ਆਮਦ 'ਤੇ ਲਗਾਈ ਗਈ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਤੇ ਇਮਾਨਦਾਰੀ ਵੀਰ ਨਾਲ ਨਿਭਾਉਣ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਨੇ ਪੁਲਿਸ ਵਿਭਾਗ ਨੂੰ ਸੁਰੱਖਿਆਂ ਪੱਖੋਂ ਵੀ ਸਾਰੇ ਪ੍ਰਬੰਧਾਂ ਨੂੰ ਮੁਕੰਮਲ ਕਰਨ ਲਈ ਕਿਹਾ। ਉਨ੍ਹਾਂ ਸਿਹਤ ਵਿਭਾਗ ਨੌ ਮੈਡੀਕਲ ਟੀਮਾਂ ਸਮੇਤ ਹੋਰ ਸਾਰੇ ਭਾਗ ਨਾਲ ਸੰਬੰਧਿਤ ਕੰਮਾਂ ਨੂੰ ਤਰਜੀਹ ਦੇਣ ਲਈ ਕਿਹਾ! ਉਨ੍ਹਾਂ ਨਗਰ ਕੌਂਸਲ, ਪੀਡਬਲਯੂਡੀ, ਟਰਾਂਸਪੋਰਟ, ਮੰਡੀ ਬੋਰਡ, ਵਾਟਰ ਸਪਲਾਈ, ਬਿਜਲੀ ਵਿਭਾਗ ਆਦਿ ਹੋਰਨਾਂ ਵਿਭਾਗਾਂ ਨੂੰ ਆਪੋ-ਆਪਣੇ ਵਿਭਾਗ ਨਾਲ ਸਬੰਧਿਤ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਐਸਐਸਪੀ ਫਾਜ਼ਿਲਕਾ ਗੁਰਮੀਤ ਸਿੰਘ ਹਾਜ਼ਰ ਸਨ।



# ਨਿਤਿਨ ਨਬੀਨ ਨੇ ਰਾਸ਼ਟਰੀ ਕਾਰਜਕਾਰੀ ਪ੍ਰਧਾਨ ਵਜੋਂ ਸੰਭਾਲਿਆ ਅਹੁਦਾ

## *ਕੈਂਥ ਨੇ ਭਾਜਪਾ ਵੱਲੋਂ ਨਿਤਿਨ ਨਬੀਨ ਨੂੰ ਕੌਮੀ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ 'ਤੇ ਕੀਤਾ ਸਵਾਗਤ*

**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਬਿਹਾਰ ਦੇ ਲੋਕ ਨਿਰਮਾਣ ਮੰਤਰੀ ਨਿਤਿਨ ਨਬੀਨ ਨੂੰ ਪਾਰਟੀ ਦੇ ਸਭ ਤੋਂ ਉੱਚੇ ਅਹੁਦਿਆਂ ਵਿੱਚੋਂ ਇੱਕ ਵਿੱਚ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਪਾਰਟੀ ਦੇ ਇਸ ਫੈਸਲੇ ਦਾ ਸਵਾਗਤ ਕਰਦੇ ਹੋਏ, ਭਾਜਪਾ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਉਨ੍ਹਾਂ ਨੂੰ ਭਾਜਪਾ ਦਾ ਕੌਮੀ ਕਾਰਜਕਾਰੀ ਪ੍ਰਧਾਨ ਬਣਨ 'ਤੇ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸ੍ਰੀ ਨਿਤਿਨ ਨਬੀਨ ਇੱਕ ਨੌਜਵਾਨ ਅਤੇ ਮਿਹਨਤੀ ਨੇਤਾ ਹਨ ਜਿਨ੍ਹਾਂ ਕੋਲ ਵਿਆਪਕ ਸੰਗਠਨਾਤਮਕ ਤਜਰਬਾ ਹੈ। ਉਹ ਆਪਣੇ ਨਿਮਰ ਸੁਭਾਅ ਅਤੇ ਜ਼ਮੀਨੀ ਪੱਧਰ 'ਤੇ ਪਹੁੰਚ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਸੱਤ ਸਾਲ ਭਾਰਤੀ ਜਨਤਾ ਯੁਵਾ ਮੋਰਚਾ ਦੀ ਬਿਹਾਰ ਇਕਾਈ ਦੇ ਪ੍ਰਧਾਨ ਵਜੋਂ ਅਤੇ ਬਾਅਦ ਵਿੱਚ ਇਸਦੇ ਕੌਮੀ ਜਨਰਲ ਸਕੱਤਰ ਵਜੋਂ ਸੇਵਾ ਨਿਭਾਈ। ਭਾਜਪਾ ਨੇਤਾ ਸਰਦਾਰ ਕੈਂਥ ਨੇ ਕਿਹਾ ਕਿ ਉਨ੍ਹਾਂ ਨੇ 2006 ਵਿੱਚ ਪਟਨਾ (ਪੱਛਮੀ) ਤੋਂ ਆਪਣੀ ਪਹਿਲੀ ਵਿਧਾਨ ਸਭਾ ਚੋਣ ਜਿੱਤੀ ਸੀ ਅਤੇ ਉਦੋਂ ਤੋਂ ਲਗਾਤਾਰ ਬਾਂਕੀਪੁਰ ਤੋਂ ਜਿੱਤ ਰਹੇ ਹਨ। ਉਨ੍ਹਾਂ ਕੋਲ ਇਸ ਵੇਲੇ ਕਾਨੂੰਨ ਅਤੇ ਨਿਆਂ, ਸ਼ਹਿਰੀ ਵਿਕਾਸ ਅਤੇ ਰਿਹਾਇਸ਼ ਦੇ ਵਿਭਾਗ ਹਨ, ਅਤੇ 2021 ਤੋਂ 2022 ਤੱਕ ਸੜਕ ਨਿਰਮਾਣ ਮੰਤਰੀ ਵਜੋਂ ਸੇਵਾ ਨਿਭਾਈ। ਨਿਤਿਨ ਨਬੀਨ ਨੇ ਵਿਦਿਆਰਥੀ ਰਾਜਨੀਤੀ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਰਾਹੀਂ ਆਪਣਾ ਰਾਜਨੀਤਿਕ ਕਰੀਅਰ ਸ਼ੁਰੂ ਕੀਤਾ, ਜਿਸ ਤੋਂ ਬਾਅਦ ਉਨ੍ਹਾਂ ਨੇ ਪਟਨਾ ਦੀ ਭਾਜਪਾ ਇਕਾਈ ਵਿੱਚ ਇੱਕ ਮਜ਼ਬੂਤ ? ?ਸੰਗਠਨਾਤਮਕ ਅਧਾਰ ਬਣਾਇਆ। ਦਲਿਤ ਨੇਤਾ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਉਨ੍ਹਾਂ ਨੂੰ ਹੁਣ ਕੌਮੀ ਪੱਧਰ 'ਤੇ ਪਾਰਟੀ ਲਈ ਕੰਮ ਕਰਨ ਦਾ ਮੌਕਾ ਮਿਲਿਆ ਹੈ ਅਤੇ ਉਨ੍ਹਾਂ ਦੇ ਸਫਲ ਕਾਰਜਕਾਲ ਦੀ ਕਾਮਨਾ ਕੀਤੀ।



# ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਲੋਂ ਆਈ.ਟੀ.ਆਈ, ਬਟਾਲਾ ਵਿਖੇ ਵਿਦਿਆਰਥੀਆ ਦੀ ਕੈਰੀਅਰ ਕਾਊਸਲਿੰਗ

**ਬਟਾਲਾ,19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਦੀਆਂ ਸਕੀਮਾਂ ਨੂੰ ਘਰ-ਘਰ ਪਹੁੰਚਾਉਣ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਦੇ ਮਕਸਦ ਨਾਲ, ਜਿਲ੍ਹਾ ਰੋਜਗਾਰ ਅਫਸਰ ਸ਼੍ਰੀ ਪਰਸ਼ੋਤਮ ਸਿੰਘ ਵਲੋ ਆਈ.ਟੀ.ਆਈ, ਬਟਾਲਾ ਵਿਖੇ ਵਿਦਿਆਰਥੀਆ ਦੀ ਕੈਰੀਅਰ ਕਾਊਸਲਿੰਗ ਕੀਤੀ ਗਈ।



ਉਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਕਿਵੇ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ, ਉਪਲਬਧ ਰੋਜ਼ਗਾਰ ਦੇ ਮੌਕਿਆਂ ਦਾ ਲਾਭ ਲੈ ਸਕਦੇ ਹਨ ।

ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਚੱਲ ਰਹੀਆ ਵੱਖ ਵੱਖ ਸਕੀਮਾਂ ਤੋਂ ਜਾਣੂ ਕਰਵਾਇਆ ਅਤੇ ਉਹਨਾਂ ਵਲੋਂ ਪ੍ਰਾਰਥੀਆ ਨੂੰ ਡਿਪਲੋਮਾ ਜਾਂ ਡਿਗਰੀ ਪੂਰੀ ਕਰਨ ਤੋਂ ਬਾਅਦ ਸਬੰਧਤ ਖੇਤਰ ਵਿੱਚ ਨਿਪੁੰਨ ਬਣਨ ਦੇ ਤਰੀਕਿਆ ਅਤੇ ਕੈਰੀਅਰ ਸਬੰਧੀ ਉਹਨਾਂ ਦਾ ਮਾਰਗ ਦਰਸ਼ਨ ਕਰਦੇ ਹੋਏ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਗਈ।

ਉਨ੍ਹਾਂ ਨੂੰ ਦੱਸਿਆ ਕਿ ਰੋਜਗਾਰ ਅਤੇ ਕਾਰੋਬਾਰ ਬਿਊਰੋ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿੱਚ ਨੌਕਰੀਆਂ ਦੀ ਸਹੂਲਤ ਪ੍ਰਦਾਨ ਕਰਦਾ ਹੈ। ਸਵੈ-ਰੋਜ਼ਗਾਰ ਨੂੰ ਉਤਸ਼ਾਹਿਤ ਕਰਦੇ ਹੋਏ, ਉਨ੍ਹਾਂ ਨੇ ਕਈ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਪ੍ਰਧਾਨ ਮੰਤਰੀ ਇੰਟਰਨਸ਼ਿਪ ਪ੍ਰੋਗਰਾਮ, ਪੀ.ਐਮ.ਈ.ਜੀ.ਪੀ ਸਕੀਮ ਅਤੇ ਪੰਜਾਬ ਸਰਕਾਰ ਦੀਆਂ ਹੋਰ ਸਵੈ-ਰੋਜ਼ਗਾਰ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ।

ਉਹਨਾਂ ਵਲੋਂ ਵਿਦਿਆਰਥੀਆਂ ਨੂੰ ਆਪਣੇ ਖੇਤਰ ਨਾਲ ਸਬੰਧਤ ਨੌਕਰੀਆਂ ਲਈ ਤਿਆਰੀ ਕਰਨ, ਇੰਟਰਵਿਊ ਤਕਨੀਕਾਂ ਅਤੇ ਮਾਰਕੀਟ ਦੀਆਂ ਜ਼ਰੂਰਤਾਂ ਅਨੁਸਾਰ ਆਪਣੇ ਹੁਨਰਾਂ ਨੂੰ ਅਪਗ੍ਰੇਡ ਕਰਨ ਲਈ ਪ੍ਰੇਰਿਤ ਕੀਤਾ ਗਿਆ।

# ਜੰਗਲੀ ਜੀਵਾਂ ਦੇ ਅੰਗਾਂ ਦੀ ਤਸਕਰੀ ਕਰਦੇ ਤਿੰਨ ਮੁਲਜ਼ਮ ਕਾਬੂ; ਸਾਂਬਰ ਦੇ ਸਿੰਗ, ਹੱਥਾਂ ਜੋੜੀ ਅਤੇ ਜੰਗਲੀ ਬਿੱਲੀ ਦੀ ਜ਼ੇਰ ਬਰਾਮਦ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਜੰਗਲੀ ਜੀਵਾਂ ਦੀ ਸੁਰੱਖਿਆ ਅਤੇ ਉਨਾਂ ਨਾਲ ਜੁੜੇ ਕਰਾਈਮ ਨੂੰ ਰੋਕਣ ਲਈ ਮੁੱਖ ਜੰਗਲੀ ਜੀਵ ਵਾਰਡਨ ਪੰਜਾਬ ਸ੍ਰੀ ਬਸੰਤਾ ਰਾਜ ਕੁਮਾਰ ਆਈ.ਐਫ.ਐਸ., ਸ੍ਰੀ ਸਤਿੰਦਰ ਕੁਮਾਰ ਸਾਗਰ ਆਈ.ਐਫ.ਐਸ. (ਮੁੱਖ ਵਣ ਪਾਲ ਜੰਗਲੀ ਜੀਵ) ਅਤੇ ਸ੍ਰੀ ਵਿਸ਼ਾਲ ਚੌਹਾਨ ਆਈ.ਐਫ.ਐਸ. (ਵਣ ਪਾਲ ਪਾਰਕ ਅਤੇ ਪ੍ਰੋਟੈਕਟਿਡ ਸਰਕਲ) ਵੱਲੋਂ ਜਾਰੀ ਹਦਾਇਤਾਂ, ਜੰਗਲੀ ਜੀਵਾਂ ਦੇ ਨਾਲ ਸੰਬੰਧਿਤ ਕਰਾਈਮ ਲਈ ਜ਼ੀਰੋ ਟਾਲਰੈਂਸ ਨੀਤੀ ਤਹਿਤ ਵਣ ਮੰਡਲ ਅਫਸਰ ਜੰਗਲੀ ਜੀਵ ਮੰਡਲ ਫਿਲੌਰ ਸ਼੍ਰੀ ਵਿਕਰਮ ਸਿੰਘ ਕੁੰਦਰਾ ਆਈ.ਐਫ.ਐਸ. ਜੀ ਵੱਲੋਂ ਜੰਗਲੀ ਜੀਵਾਂ ਦੇ ਅੰਗਾਂ ਦੀ ਤਸਕਰੀ ਸਬੰਧੀ ਗੁਪਤ ਸੂਚਨਾ ਦੇ ਆਧਾਰ ਤੇ ਇੱਕ ਟੀਮ ਸ਼੍ਰੀ ਜਸਵੰਤ ਸਿੰਘ ਵਣ ਰੇਜ ਅਫਸਰ ਜਲੰਧਰ ਦੀ ਅਗਵਾਈ ਵਿੱਚ ਬਣਾਈ ਗਈ।

ਇਸ ਵਿੱਚ ਜਲੰਧਰ ਰੇਂਜ ਤੋਂ ਨਿਰਮਲਜੀਤ ਸਿੰਘ ਬਲਾਕ ਅਫਸਰ, ਮਲਕੀਤ ਸਿੰਘ ਵਣ ਗਾਰਡ,ਨਵਤੇਜ ਸਿੰਘ ਬਾਠ ਅਤੇ ਕਪੂਰਥਲਾ ਰੇਂਜ ਤੋਂ ਰਣਜੀਤ ਸਿੰਘ ਬਲਾਕ ਅਫਸਰ, ਬੋਬਿੰਦਰ ਸਿੰਘ ਅਤੇ ਰਣਬੀਰ ਸਿੰਘ ਉੱਪਲ ਸ਼ਾਮਿਲ ਸਨ।

ਟੀਮ ਵੱਲੋਂ ਨਕੋਦਰ ਵਿੱਚ ਇਕ ਟਰੈਪ ਲਗਾਇਆ ਗਿਆ, ਜਿਸ ਸਬੰਧੀ ਟੀਮ ਦੇ ਮੈਂਬਰ ਨੇ ਗਾਹਕ ਬਣ ਕੇ ਤਸਕਰ ਨਾਲ ਡੀਲ ਕੀਤੀ ਅਤੇ ਮੌਕੇ ਤੇ ਬੋਨੀ ਅਰੋੜਾ ਪੁੱਤਰ ਭਾਰਤ ਭੂਸ਼ਣ ਵਾਸੀ ਨਕੋਦਰ ਡੀਲਵਰੀ ਦੇਣ ਪਹੁੰਚਿਆ ਜਿਸ ਨੂੰ ਟੀਮ ਨੇ ਤੁਰੰਤ ਗ੍ਰਿਫਤਾਰ ਕਰ ਲਿਆ ਜਿਸ ਕੋਲੋਂ ਜੰਗਲੀ ਜੀਵ ਸਾਂਬਰ ਦੇ ਦੋ ਕੱਟੇ ਹੋਏ ਸਿੰਗ ਦੇ ਪੀਸ, ਹੱਥਾਜੋੜੀ ਦੇ 6 ਪੀਸ ਅਤੇ ਜੰਗਲੀ ਬਿੱਲੀ ਦੀ ਜ਼ੇਰ ਬਰਾਮਦ ਕੀਤੀ।

ਪੁੱਛਗਿੱਛ ਦੌਰਾਨ ਬੋਨੀ ਅਰੋੜਾ ਨੇ ਦੱਸਿਆ ਕਿ ਇਹ ਸਮਾਨ ਉਸਨੂੰ ਸ਼ਿਵਮ ਗੁਪਤਾ ਪੁੱਤਰ ਗੁਲਸ਼ਨ ਰਾਏ ਵਾਸੀ ਨਕੋਦਰ ਜੋ ਕਿ (ਦੁਰਗਾ ਦਾਸ ਪੰਸਾਰੀ) ਨਾਮਕ ਦੁਕਾਨ ਕਰਦਾ ਹੈ ਉਸਨੇ ਭੇਜਿਆ ਹੈ। ਟੀਮ ਵੱਲੋਂ ਤੁਰੰਤ ਸ਼ਿਵਮ ਗੁਪਤਾ ਦੀ ਦੁਕਾਨ ਤੇ ਰੇਡ ਕਰਕੇ ਸ਼ਿਵਮ ਗੁਪਤਾ ਤੋਂ ਪੁੱਛਗਿਸ਼ ਕੀਤੀ ਤਾਂ ਉਸਨੇ ਦੱਸਿਆ ਕਿ ਉਹ ਜੰਗਲੀ ਜੀਵਾਂ ਦੇ ਅੰਗਾਂ ਦਾ ਕਾਰੋਬਾਰ ਕਰਦਾ ਹੈ ਤੇ ਇਹ ਸਮਾਨ ਉਸਨੇ ਹੀ ਬੋਨੀ ਅਰੋੜਾ ਨੂੰ ਡਿਲਿਵਰੀ ਕਰਨ ਲਈ ਭੇਜਿਆ ਸੀ ਅਤੇ ਇਹ ਸਮਾਨ ਉਹ ਦੀਪਕ ਉਰਫ ਕਾਲਾ ਪੁੱਤਰ ਵਿਜੇ ਕੁਮਾਰ ਗੁਪਤਾ ਵਾਸੀ ਨਕੋਦਰ ਜ਼ਿਲਾ ਜਲੰਧਰ ਕੋਲੋਂ ਖਰੀਦ ਕਰਦਾ ਹੈ ਜੋ ਕਿ ਨਕੋਦਰ ਵਿਖੇ ਹੀ ਵਲੈਤੀ ਰਾਮ ਪੰਸਾਰੀ ਅਤੇ ਕਰਿਆਨੇ ਦੀ ਦੁਕਾਨ ਕਰਦਾ ਹੈ।

ਟੀਮ ਵੱਲੋਂ ਤੁਰੰਤ ਦੀਪਕ ਉਰਫ ਕਾਲਾ ਦੀ ਦੁਕਾਨ ਤੇ ਰੇਡ ਕੀਤੀ ਤਾਂ ਉਸ ਕੋਲੋਂ ਜੰਗਲੀ ਜੀਵ ਸਾਂਬਰ ਦੇ 2 ਕੱਟੇ ਹੋਏ ਪੀਸ ਅਤੇ ਇੱਕ ਹੱਥਾਜੋੜੀ ਬਰਾਮਦ ਕੀਤੇ, ਦੀਪਕ ਉਰਫ ਕਾਲਾ ਨੇ ਪੁੱਛਗਿਸ਼ ਦੌਰਾਨ ਦੱਸਿਆ ਕਿ ਉਸਨੇ ਹੀ ਸ਼ਿਵਮ ਗੁਪਤਾ ਨੂੰ ਇਹ ਸਮਾਨ ਸਪਲਾਈ ਕੀਤਾ ਹੈ।

ਟੀਮ ਵੱਲੋਂ ਤੁਰੰਤ ਤਿੰਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਬਰਾਮਦ ਸਮਾਨ ਸਮੇਤ ਪੁਲਿਸ ਥਾਣਾ ਨਕੋਦਰ ਵਿਖੇ ਦੋਸ਼ੀ ਪੇਸ਼ ਕਰਕੇ ਦੋਸ਼ੀਆਂ ਖਿਲਾਫ ਜੰਗਲੀ ਜੀਵ ਸੁਰੱਖਿਆ ਐਕਟ 1972 ਸੋਧ 2003 ਦੀਆਂ ਧਰਾਵਾਂ ਤਹਿਤ ਪੁਲਿਸ ਪਰਚਾ ਦਰਜ ਕਰਵਾ ਦਿੱਤਾ ਗਿਆ।

ਇਸ ਮੌਕੇ ਸ੍ਰੀ ਜਸਵੰਤ ਸਿੰਘ ਰੇਂਜ ਅਫਸਰ ਨੇ ਦੱਸਿਆ ਕਿ ਜੰਗਲੀ ਜੀਵਾਂ ਦੇ ਕਾਰੋਬਾਰ ਕਰਨਾ ਸਜ਼ਾਯੋਗ ਅਫ਼ਰਾਧ ਹੈ ਅਤੇ ਅਜਿਹਾ ਕਾਰੋਬਾਰ ਕਰਨ ਵਾਲੇ ਕਿਸੇ ਵੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਓਹਨਾ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਕੇਸ ਨਾਲ ਸਬੰਧਤ ਹੋਰ ਦੋਸ਼ੀਆਂ ਬਾਰੇ ਵੀ ਤਫਤੀਸ਼ ਜਾਰੀ ਹੈ।

## ਪਟਿਆਲਾ ਨੂੰ ਗਰੀਨ ਸਿਟੀ ਬਣਾਉਣ ਵੱਲ ਵੱਡਾ ਕਦਮ : ਸਿਹਤ ਮੰਤਰੀ

# ਸਿਹਤ ਮੰਤਰੀ ਦੀ ਮੌਜੂਦਗੀ 'ਚ ਸ਼ਹਿਰੀ ਵਿਕਾਸ ਯੋਜਨਾਵਾਂ 'ਤੇ ਕੀਤਾ ਵਿਚਾਰ : ਮੇਅਰ



**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਨਗਰ ਨਿਗਮ ਕਾਰਪੋਰੇਸ਼ਨ ਪਟਿਆਲਾ ਵਿਖੇ ਨਿਗਮ ਦੇ ਮੇਅਰ ਕੁੰਦਨ ਗੋਗੀਆ ਅਤੇ ਐਸ.ਈ. ਸਾਹਿਬਾਨ ਅਤੇ ਹੋਰ ਉੱਚ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸ਼ਹਿਰ ਦੇ ਵਿਕਾਸ, ਸਫਾਈ ਪ੍ਰਬੰਧ, ਗਰੀਨ ਸਿਟੀ ਪ੍ਰੋਜੈਕਟ ਅਤੇ ਟ੍ਰੈਫਿਕ ਪ੍ਰਬੰਧਨ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਵਿਸ਼ੇਸ਼ ਗੱਲਬਾਤ ਕੀਤੀ ਗਈ ।

ਮੀਟਿੰਗ ਦੌਰਾਨ ਸ਼ਹਿਰ ਨੂੰ ਗਰੀਨ ਸਿਟੀ ਵਜੋਂ ਵਿਕਸਿਤ ਕਰਨ ਲਈ ਵੱਧ ਤੋਂ ਵੱਧ ਰੁੱਖ ਲਗਾਉਣ, ਪਾਰਕਾਂ ਦੀ ਸੰਭਾਲ, ਸੜਕਾਂ ਦੇ ਕਿਨਾਰੇ ਹਰੇ-ਭਰੇ ਖੇਤਰ ਤਿਆਰ ਕਰਨ ਅਤੇ ਪ੍ਰਦੂਸ਼ਣ ਘਟਾਉਣ ਲਈ ਢੁੱਕਵੇਂ ਕਦਮ ਚੁੱਕਣ ਬਾਰੇ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ, ਨਵੀਆਂ ਸੜਕਾਂ, ਨਾਲੀਆਂ ਅਤੇ ਸਟ੍ਰੀਟ ਲਾਈਟਾਂ ਦੇ ਸੁਧਾਰ ਬਾਰੇ ਵੀ ਯੋਜਨਾਵਾਂ ਤਿਆਰ ਕਰਨ 'ਤੇ ਜ਼ੋਰ ਦਿੱਤਾ ਗਿਆ।

ਦੱਸਣਯੋਗ ਹੈ ਕਿ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਰੇਹੜੀ-ਫੜੀ ਲਗਾਉਣ ਵਾਲਿਆਂ ਲਈ ਨਵੀਆਂ ਅਤੇ ਨਿਯਮਤ ਥਾਵਾਂ ਬਣਾਉਣ ਬਾਰੇ ਵੀ ਖਾਸ ਤੌਰ 'ਤੇ ਵਿਚਾਰ ਕੀਤਾ ਗਿਆ ਤਾਂ ਜੋ ਰੋਜ਼ਗਾਰ ਵੀ ਬਣਿਆ ਰਹੇ ਅਤੇ ਟ੍ਰੈਫਿਕ ਜਾਂ ਸਫਾਈ ਦੀ ਸਮੱਸਿਆ ਵੀ ਪੈਦਾ ਨਾ ਹੋਵੇ। ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਯੋਜਨਾਵਾਂ ਨੂੰ ਜਲਦੀ ਲਾਗੂ ਕੀਤਾ ਜਾਵੇ।

ਇਸ ਮੌਕੇ ਮੇਅਰ ਨੇ ਦੱਸਿਆ ਕਿ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਸ਼ਹਿਰ ਦੇ ਵਿਕਾਸ ਲਈ ਠੋਸ ਕਦਮ ਚੁੱਕੇ ਜਾ ਰਹੇ ਹਨ। ਉਹਨਾਂ ਕਿਹਾ ਕਿ ਨਗਰ ਨਿਗਮ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਪਟਿਆਲਾ ਨੂੰ ਸਾਫ਼-ਸੁਥਰਾ, ਹਰਾ-ਭਰਾ ਅਤੇ ਆਧੁਨਿਕ ਸ਼ਹਿਰ ਬਣਾਉਣ ਲਈ ਸਾਰੇ ਵਿਭਾਗ ਮਿਲਜੁਲ ਕੇ ਕੰਮ ਕਰਨਗੇ।

ਇਸ ਮੌਕੇ ਉਪਰੋਕਤ ਤੋ ਇਲਾਵਾ ਨਗਰ ਨਿਗਮ ਦੇ ਹੋਰ ਕਈ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ।

# ਜੈਮਸ ਪਬਲਿਕ ਸਕੂਲ ਦੇ ਕਾਰਨੀਵਲ ਵਿੱਚ ਹਜ਼ਾਰਾਂ ਦਰਸ਼ਕਾਂ ਦੀ ਭਾਰੀ ਆਮਦ, ਬਣਿਆ ਰਿਕਾਰਡ

## ਐਸਬੀਪੀ (SBP) ਰੀਅਲ ਅਸਟੇਟ ਦੇ ਸਹਿਯੋਗ ਨਾਲ ਐਸ.ਐਸ. ਪ੍ਰਮੋਟਰਜ਼ ਅਤੇ ਧੀਮਾਨ ਪ੍ਰਾਪਰਟੀਜ਼ ਨੇ ਵੀ ਲਗਾਇਆ ਸਟਾਲ





**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੈਮਸ ਪਬਲਿਕ ਸਕੂਲ ਵੱਲੋਂ ਆਯੋਜਿਤ ਕਾਰਨੀਵਲ ਨੇ ਸ਼ਹਿਰ ਵਿੱਚ ਨਵਾਂ ਰਿਕਾਰਡ ਕਾਇਮ ਕਰ ਦਿੱਤਾ, ਜਿੱਥੇ ਲਗਭਗ 6,000 ਦਰਸ਼ਕਾਂ ਦੀ ਭਾਰੀ ਭੀੜ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਕਾਰਨੀਵਲ ਨੇ ਨਾ ਸਿਰਫ਼ ਬੱਚਿਆਂ, ਬਲਕਿ ਮਾਪਿਆਂ ਅਤੇ ਸ਼ਹਿਰ ਵਾਸੀਆਂ ਵਿੱਚ ਵੀ ਖ਼ਾਸ ਉਤਸ਼ਾਹ ਪੈਦਾ ਕੀਤਾ। ਸਕੂਲ ਦੇ ਵਿਹੜੇ ਲੱਗੇ ਇਸ ਕਾਰਨੀਵਲ ਵਿੱਚ ਦਿਨ ਭਰ ਰੌਣਕਾਂ ਰਹੀਆਂ ਅਤੇ ਹਰ ਉਮਰ ਵਰਗ ਦੇ ਲੋਕਾਂ ਨੇ ਮਨੋਰੰਜਨ ਨਾਲ ਭਰਪੂਰ ਸਮਾਂ ਬਿਤਾਇਆ। ਦੱਸਣਯੋਗ ਹੈ ਕਿ ਇਸ ਮੌਕੇ ਕਾਰਨੀਵਲ ਦੌਰਾਨ ਦਿਲਚਸਪ ਸਟਾਲਾਂ, ਨਿੱਕੇ ਬੱਚਿਆਂ ਵਲੋਂ ਸਟੇਜ ਸੰਗੀਤ ਤੇ ਨਾਚ ਦੇ ਪ੍ਰਦਰਸ਼ਨ, ਮਜ਼ੇਦਾਰ ਖੇਡਾਂ, ਰੈਂਪ ਵਾਕ ਅਤੇ ਬੱਚਿਆਂ ਲਈ ਤਿਆਰ ਕੀਤੇ ਵਿਭਿੰਨ ਮਨੋਰੰਜਕ ਸਟਾਲ ਦਰਸ਼ਕਾਂ ਲਈ ਖ਼ਾਸ ਆਕਰਸ਼ਣ ਦਾ ਕੇਂਦਰ ਬਣੇ ਰਹੇ। ਨੰਨ੍ਹੇ-ਮੁੰਨੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਹਰ ਕਿਸੇ ਨੇ ਇਸ ਮੇਲੇ ਦਾ ਖੂਬ ਆਨੰਦ ਲਿਆ। ਇਸ ਕਾਰਨੀਵਲ ਦੌਰਾਨ ਐਸਐਸਬੀ (SBP) ਕਰਾਊਨ ਆਫ਼ ਪੰਜਾਬ ਦੇ ਵਾਈਸ ਪ੍ਰੈਜ਼ੀਡੈਂਟ ਪੰਕਜ ਠਾਕੁਰ ਦੇ ਸਹਿਯੋਗ ਪ੍ਰਸਿੱਧ ਪ੍ਰਾਪਰਟੀਜ਼ ਕਾਰੋਬਾਰੀ ਸੰਜੈ ਸਾਸਨ (ਐਸ ਐਸ ਪ੍ਰਮੋਟਰਜ਼) ਅਤੇ ਯੋਗੇਸ਼ ਕੁਮਾਰ (ਧੀਮਾਨ ਪ੍ਰਾਪਰਟੀਜ਼) ਹਰਵਿੰਦਰ ਹੈਰੀ, ਗੁਰਦੀਪ ਸਿੰਘ ਸਮੇਤ ਐਸਐਸਬੀ ਦੀ ਟੀਮ ਨੇ ਵੀ ਸਟਾਲ ਲਗਾਏ ਗਏ ਜਿੱਥੇ ਹਜ਼ਾਰਾਂ ਲੋਕਾਂ ਨੇ ਵਿਕਸਿਤ ਹੋ ਰਹੀਆਂ ਕਲੋਨੀਆਂ, ਪਲਾਟਾਂ ਆਦਿ ਬਾਰੇ ਕੀਮਤੀ ਜਾਣਕਾਰੀਆਂ ਪ੍ਰਾਪਤ ਕੀਤੀ। ਕਾਰਨੀਵਲ ਵਿੱਚ ਸ਼ਹਿਰ ਦੀਆਂ ਕਈ ਉੱਘੀਆਂ ਸ਼ਖਸ਼ੀਅਤਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਮੁੱਖ ਮਹਿਮਾਨ ਵਜੋਂ ਮੇਅਰ ਪਟਿਆਲਾ ਕੁੰਦਨ ਗੋਗੀਆ, ਸ਼੍ਰੀ ਤੇਜਿੰਦਰ ਮਹਿਤਾ ਚੇਅਰਮੈਨ ਪਲਾਨਿੰਗ ਬੋਰਡ, ਸ਼੍ਰੀ ਰਾਕੇਸ਼ ਕੁਮਾਰ ਬੱਗਾ, ਸੌਰਵ ਬਾਂਸਲ (ਐਲ.ਜੀ.), ਗਰਗ (ਹੈਮਲੇਟ), ਅਰਵਿੰਦਰ ਸਿੰਘ ਪ੍ਰਧਾਨ ਉਮੰਗ ਫਾਊਂਡੇਸ਼ਨ, ਸ਼੍ਰੀਮਤੀ ਮਿੰਨੀ ਸੋਢੀ (ਨੂਰਾਨੀ), ਸ਼੍ਰੀਮਤੀ ਮੇਘਨਾ ਚੋਪੜਾ, ਡਾ. ਪਰਮਿੰਦਰ ਪਾਲ ਸਿੰਘ, ਸ਼੍ਰੀਮਤੀ ਪਰਮਜੀਤ, ਸ਼੍ਰੀਮਤੀ ਸ਼ਮਿੰਦਰ ਸੰਧੂ, ਸ਼੍ਰੀ ਗੁਰਵਿੰਦਰ ਕਾਂਸਲ, ਸ਼੍ਰੀ ਲਖਵਿੰਦਰ, ਸ਼੍ਰੀ ਮਨਮੋਹਨ ਸਿੰਘ ਅਤੇ ਹੋਰ ਬਹੁਤ ਪਤਵੰਤੇ ਲੋਕ ਸ਼ਾਮਲ ਸਨ. ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਡਾ. ਮੰਜਰੀ ਤੇਜਪਾਲ ਨੇ ਦੱਸਿਆ ਕਿ ਕਾਰਨੀਵਲ ਬੱਚਿਆਂ ਨੂੰ ਆਪਣੀ ਰਚਨਾਤਮਕਤਾ ਦਿਖਾਉਣ ਅਤੇ ਉਨ੍ਹਾਂ ਦੇ ਆਤਮ ਵਿਸ਼ਵਾਸ ਵਧਾਉਣ ਲਈ ਸਭ ਤੋਂ ਵੱਡਾ ਮੰਚ ਸਾਬਤ ਹੁੰਦਾ ਹੈ। ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਅਜਿਹੇ ਉਪਰਾਲੇ ਹੋਰ ਸਕੂਲਾਂ ਲਈ ਵੀ ਪ੍ਰੇਰਣਾ ਬਣਦੇ ਹਨ. ਕਾਰਨੀਵਲ ਵਿੱਚ ਸ਼ਾਮਲ ਹੋਏ ਮਾਪਿਆਂ ਨੇ ਸਕੂਲ ਪ੍ਰਬੰਧਨ ਦੀ ਖੁੱਲ ਕੇ ਪ੍ਰਸ਼ੰਸਾ ਕੀਤੀ। ਮਾਪਿਆਂ ਦਾ ਕਹਿਣਾ ਸੀ ਕਿ ਅਜਿਹੇ ਉਪਰਾਲੇ ਬੱਚਿਆਂ ਦੇ ਮੁਢਲੇ ਵਿਕਾਸ ਲਈ ਬਹੁਤ ਲਾਭਕਾਰੀ ਹੁੰਦੇ ਹਨ ਅਤੇ ਹੋਰਨਾਂ ਸਕੂਲਾਂ ਨੂੰ ਵੀ ਇਸ ਤਰ੍ਹਾਂ ਦੇ ਸਮਾਗਮ ਆਯੋਜਿਤ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੇ ਕਾਰਜਕ੍ਰਮਾਂ ਨਾਲ ਬੱਚਿਆਂ ਵਿੱਚ ਸਹਿਯੋਗ, ਸਮਾਜਿਕਤਾ ਅਤੇ ਆਤਮ-ਵਿਸ਼ਵਾਸ ਵਧਦਾ ਹੈ।

# ਪੰਜਾਬ 'ਚ ਗੈਂਗਸਟਰਵਾਦ ਤੇ ਨਜਾਇਜ਼ ਹਥਿਆਰਾਂ ਖ਼ਿਲਾਫ਼ ਜੀਰੋ ਟੋਲਰੈਂਸ: ਡਾ. ਬਲਬੀਰ ਸਿੰਘ

## ਗੋਲੀ ਚਲਾਉਣ ਵਾਲਿਆਂ ਦੇ ਨਾਲ-ਨਾਲ ਸਾਜ਼ਿਸ਼ ਰਚਣ ਵਾਲਿਆਂ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ: ਸਿਹਤ ਮੰਤਰੀ



**ਪਟਿਆਲਾ, 19 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਗੈਂਗਸਟਰਵਾਦ ਅਤੇ ਨਜਾਇਜ਼ ਹਥਿਆਰਾਂ ਖ਼ਿਲਾਫ਼ ਜੀਰੋ ਟੋਲਰੈਂਸ ਦੀ ਨੀਤੀ 'ਤੇ ਕੰਮ ਕਰ ਰਹੀ ਹੈ।ਸਿਹਤ ਮੰਤਰੀ ਅੱਜ ਇੱਥੇ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਪੁੱਜੇ ਹੋਏ ਸਨ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਝਿੱਲ ਵਿਖੇ ਸ਼ਰਾਰਤੀ ਅਨਸਰਾਂ ਵੱਲੋਂ 14 ਦਸੰਬਰ ਦੀ ਸ਼ਾਮ ਨੂੰ ਚਲਾਈ ਗੋਲੀ ਨਾਲ ਜ਼ਖ਼ਮੀ ਹੋਏ ਨੌਜਵਾਨ ਬਲਵਿੰਦਰ ਸਿੰਘ ਭਿੰਦਾ ਦਾ ਹਾਲ-ਚਾਲ ਜਾਣਿਆ। ਉਨ੍ਹਾਂ ਨੇ ਜ਼ਖ਼ਮੀ ਅਤੇ ਉਸਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਅਤੇ ਸਖ਼ਤ ਸਜ਼ਾ ਦਿਵਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨਾਲ ਵੀ ਗੱਲਬਾਤ ਹੋਈ ਹੈ, ਇਸ ਲਈ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਜਾਂਚ ਜਾਰੀ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦਿਵਾਈਆਂ ਜਾਣਗੀਆਂ ਤੇ ਕੋਈ ਵੀ ਬਖ਼ਸ਼ਿਆ ਨਹੀਂ ਜਾਵੇਗੀ।

ਇਸ ਮੌਕੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਪਸ਼ਟ ਕੀਤਾ ਕਿ ਗੋਲੀ ਚਲਾਉਣ ਵਾਲਿਆਂ ਦੇ ਨਾਲ-ਨਾਲ ਸਾਜ਼ਿਸ਼ ਰਚਣ ਵਾਲਿਆਂ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਅਪਰਾਧ ਦੀ ਜੜ੍ਹ ਤੱਕ ਪਹੁੰਚ ਕੇ ਕਾਰਵਾਈ ਕੀਤੀ ਜਾਵੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਹਾਲੀਆ ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪਰਿਸ਼ਦ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਕਿਸੇ ਨਾਲ ਵੀ ਕੋਈ ਧੱਕਾਸ਼ਾਹੀ ਨਹੀਂ ਕੀਤੀ ਸਗੋਂ ਇਹ ਚੋਣਾਂ ਆਜ਼ਾਦ ਅਤੇ ਨਿਰਪੱਖ ਢੰਗ ਨਾਲ ਨੇਪਰੇ ਚੜ੍ਹੀਆਂ ਹਨ। ਉਨ੍ਹਾਂ ਕਿਹਾ ਕਿ ਸੱਤਾਧਾਰੀ ਧਿਰ ਨੇ ਇਨ੍ਹਾਂ ਚੋਣਾਂ ਵਿੱਚ ਬਹੁਤ ਲੋਕਤੰਤਰੀ ਢੰਗ ਨਾਲ ਹਿੱਸਾ ਲਿਆ ਪਰੰਤੂ ਆਪ ਦੇ ਵਰਕਰਾਂ ਨਾਲ ਪਿਛਲੇ ਸਮੇਂ 'ਚ ਰਾਜ ਕਰਦੀਆਂ ਰਹੀਆਂ ਪਾਰਟੀਆਂ ਦੇ ਗੁੰਡਿਆਂ ਨੇ ਧੱਕਾ ਕੀਤਾ ਹੈ।

ਡਾ. ਬਲਬੀਰ ਸਿੰਘ ਨੇ ਮੋਹਾਲੀ ਵਿੱਚ ਇੱਕ ਨੌਜਵਾਨ ਕਬੱਡੀ ਖਿਡਾਰੀ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ ਦੀ ਨਿੰਦਾ ਕਰਦਿਆਂ ਕਿਹਾ ਕਿ ਦੋਸ਼ੀਆਂ ਨੂੰ ਜ਼ਰੂਰ ਸਖ਼ਤ ਸਜਾਵਾਂ ਮਿਲਣਗੀਆਂ। ਉਨ੍ਹਾਂ ਕਿਹਾ ਕਿ ਹਸਪਤਾਲਾਂ ਜਾਂ ਸਰਕਾਰੀ ਅਦਾਰਿਆਂ ਵਿੱਚ ਹਿੰਸਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਹੋਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਜ਼ਮਾਨਤ ਨਹੀਂ ਮਿਲੇਗੀ।

ਸਿਹਤ ਮੰਤਰੀ ਨੇ ਹੋਰ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਜਿਸ ਤਰ੍ਹਾਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਅਰੰਭੀ ਹੋਈ ਹੈ, ਉਸੇ ਤਰ੍ਹਾਂ ਹੀ ਗੈਂਗਸਟਰਵਾਰ ਦੇ ਨਜਾਇਜ਼ ਹਥਿਆਰਾਂ ਵਿਰੁੱਧ ਵੀ ਕੋਈ ਢਿੱਲ ਮੱਠ ਨਹੀਂ ਵਰਤੀ ਜਾ ਰਹੀ ਤੇ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਆਰ.ਪੀ.ਐਸ. ਸਿਬੀਆ ਤੇ ਮੈਡੀਕਲ ਸੁਪਰਡੈਂਟ ਡਾ. ਵਿਸ਼ਾਲ ਚੋਪੜਾ, ਜਸਵੀਰ ਸਿੰਘ ਗਾਂਧੀ ਅਤੇ ਹੋਰ ਮੌਜੂਦ ਸਨ।

# ਜਿੱਥੇ ਇੱਜ਼ਤ ਮਾਣ ਨਾ ਹੋਵੇ, ਉੱਥੇ ਨਹੀਂ ਰਹਿਣਾ ਚਾਹੀਦਾ, ਕੈਪਟਨ ਅਮਰਿੰਦਰ ਸਿੰਘ ਬੀ.ਜੇ.ਪੀ. ਤੋਂ ਅਸਤੀਫ਼ਾ ਦੇਣ

## ਸਰਗਰਮ ਸਿਆਸਤ ਤੋਂ ਕਿਨਾਰਾ ਕਰਕੇ ਪੰਜਾਬੀਆਂ ਦੇ ਭਲੇ ਲਈ ਗੱਲ ਕਰਨ ਕੈਪਟਨ : ਬਰਸਟ

**ਸਮਾਣਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਸ.ਹਰਚੰਦ ਸਿੰਘ ਬਰਸਟ ਨੇ ਇੱਕ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਜੂਨ 1984 ਤੋਂ ਬਾਅਦ ਕਾਂਗਰਸ ਪਾਰਟੀ ਵਿੱਚ ਬਲੂ ਸਟਾਰ ਅਪਰੇਸ਼ਨ ਤੋਂ ਬਾਅਦ ਅਸਤੀਫਾ ਦੇ ਕੇ ਜੋ । ਪੰਜਾਬੀਆਂ ਦਾ ਵਿਸ਼ਵਾਸ ਜਿੱਤਿਆ ਸੀ, ਹੁਣ ਦੋ ਵਾਰੀ ਪੰਜਾਬ ਦੇ ਮੁੱਖ ਮੰਤਰੀ ਰਹਿਣ ਤੋਂ ਬਾਅਦ ਤੁਸੀ ਉਹ ਵਿਸ਼ਵਾਸ ਗਵਾ ਲਿਆ ਹੈ, ਕਿਉਂਕਿ 2002 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬੀਆਂ ਦੇ ਮਸਲੇ ਹੱਲ ਕਰਵਾਉਣ ਲਈ ਤੁਸੀਂ ਕੋਈ ਕਾਰਵਾਈ ਨਹੀਂ ਕੀਤੀ। ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਪੰਜਾਬ ਨੂੰ ਮਿਲਣਾ, ਪੰਜਾਬ ਵਿੱਚ ਰੁਜ਼ਗਾਰ, ਇੰਡਸਟਰੀ, ਖੇਤੀਬਾੜੀ ਅਤੇ ਧਾਰਮਿਕ ਮਸਲਿਆਂ ਨੂੰ ਹੱਲ ਕਰਨ ਵਿੱਚ ਤੁਸੀਂ ਪੂਰੀ ਤਰ੍ਹਾਂ ਨਾਕਾਮ ਰਹੇ ਹੋ। ਵਿਧਾਨ ਸਭਾ ਵਿੱਚ ਜੋ ਪਾਣੀਆਂ ਦੇ ਸਮਝੌਤੇ ਰੱਦ ਕਰਨ ਦਾ ਮਤਾ ਵੀ ਪਾਸ ਕੀਤਾ, ਉਸ ਵਿੱਚ ਵੀ ਧਾਰਾ 5-ਏ ਪਾ ਕੇ ਪੰਜਾਬ ਨਾਲ ਬਹੁਤ ਵੱਡਾ ਧੋਖਾ ਕੀਤਾ, ਕਿਉਂਕਿ ਜੋ ਪਾਣੀ ਦੂਜੇ ਸੂਬਿਆਂ ਨੂੰ ਪੰਜਾਬ ਦੀ ਸਹਿਮਤੀ ਤੋਂ ਬਿਨ੍ਹਾਂ ਰਿਪੇਅਰੀਅਨ ਸਿਧਾਂਤਾਂ ਦੀ ਉਲੰਘਣਾ ਕਰ ਕੇ ਦੂਜੇ ਸੂਬਿਆਂ ਨੂੰ ਜਾ ਰਿਹਾ ਸੀ, ਤੁਸੀਂ ਪੰਜਾਬ ਦੀ ਵਿਧਾਨ ਸਭਾ ਵਿੱਚ ਉਸ ਜਾ ਰਹੇ ਪਾਣੀ ਨੂੰ ਰੈਗੂਲਾਈਜ਼ ਕਰ ਦਿੱਤਾ ਤੇ ਕਿਹਾ ਕਿ ਜਿਨਾ ਪਾਣੀ , ਜਾਂਦਾ ਹੈ, ਉਹ ਜਾਂਦਾ ਰਹੇਗਾ। ਇਹ ਪੰਜਾਬੀਆਂ ਨਾਲ ਧ੍ਰੋਹ ਸੀ ਅਤੇ ਵੱਡੀ ਇਤਿਹਾਸਕ ਭੁੱਲ ਸੀ, ਜਿਸ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤੋਂ ਡਰ [illegible] ਵਾਪਿਸ ਲਈ ਸੀ, ਤੁਸੀਂ ਉਸੇ ਤਰਜ਼ 'ਤੇ ਜਾ ਕੇ ਭਾਵੇਂ ਪਿਛਲੇ ਸਮਝੌਤੇ ਰੱਦ ਕੀਤੇ, ਪਰੰਤੂ ਜਾ ਰਹੇ ਪਾਣੀ ਨੂੰ ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਪੰਜਾਬ ਨਾਲ ਧ੍ਰੋਹ ਕਮਾਇਆ ਹੈ। ਇਸ ਤੋਂ ਇਲਾਵਾ 2002 ਤੋਂ 2007 ਤੱਕ ਅਕਾਲੀ ਸਰਕਾਰ ਵੱਲੋਂ ਕੀਤੇ ਘਪਲਿਆਂ ਬਾਰੇ ਕਮਜ਼ੋਰ ਕੇਸ ਦਰਜ ਕਰਵਾ ਕੇ ਅਕਾਲੀ ਆਗੂਆਂ ਦੇ ਭ੍ਰਿਸ਼ਟਾਚਾਰ ਨੂੰ ਸ਼ਹਿ ਦਿੱਤੀ। 2017 ਤੋਂ ਬਾਅਦ ਪੰਜਾਬ ਦੇ ਦੁਬਾਰਾ ਮੁੱਖ ਮੰਤਰੀ ਬਣਨ ਤੋਂ ਬਾਅਦ 4 ਸਾਲ ਸੀਸਵਾ ਫਾਰਮ ਵਿੱਚ ਐਸ਼ ਪ੍ਰਸਤੀ ਤੋਂ ਇਲਾਵਾ ਕੁਝ ਨਹੀਂ ਕੀਤਾ। ਪੰਜਾਬ ਦੇ ਲੋਕ ਪੰਜਾਬ ਵਿੱਚ ਨਸ਼ਾ ਤਸਕਰਾਂ ਵਿਰੁੱਧ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਇਨਸਾਫ ਦੀ ਆਸ ਰੱਖਦੇ ਸਨ, ਪਰੰਤੂ ਆਪ ਨੇ ਸੀਸਵਾ ਫਾਰਮ ਵਿੱਚ ਬਹਿ ਕੇ ਹੀ ਪੰਜਾਬੀਆਂ ਦੇ ਹਿੱਤਾਂ ਨੂੰ ਭੁੱਲ ਕੇ ਨਿੱਜੀ ਹਿੱਤਾਂ ਵੱਲ ਜ਼ਿਆਦਾ ਧਿਆਨ ਦਿੱਤਾ। ਅੰਤ ਤੁਹਾਡੇ ਆਪਣੇ ਚਹੇਤੇ ਹੀ ਤੁਹਾਨੂੰ ਛੱਡ ਗਏ, ਕਿਉਂਕਿ ਤੁਸੀਂ ਨਿੱਜੀ ਹਿੱਤਾਂ ਤੋਂ ਇਲਾਵਾ ਕਿਸੇ ਦੇ ਕੰਮ ਦੀ ਕਦਰ ਨਹੀਂ ਕੀਤੀ। ਕਾਂਗਰਸ ਪਾਰਟੀ ਵੱਲੋਂ ਦਿੱਤੇ ਮਾਣ ਸਨਮਾਨ ਅਤੇ ਪਿਆਰ ਨੂੰ ਭੁੱਲ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਉਥੇ ਨਾਮੋਸ਼ੀ ਝੱਲਣੀ ਪੈ ਰਹੀ ਹੈ, ਕਿਉਂਕਿ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਪਤਾ ਹੈ ਕਿ ਤੁਸੀਂ ਸਿਰਫ ਨਿੱਜੀ ਹਿੱਤਾਂ ਨੂੰ ਹੀ ਪਹਿਲ ਦਿੰਦੇ ਹੋ। ਆਪਣੇ ਸਾਥੀਆਂ ਅਤੇ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਨਹੀਂ ਕਰਦੇ। ਤੁਹਾਡੇ ਪਿਛਲੇ ਦਿਨਾਂ ਦੌਰਾਨ ਦਿੱਤੇ ਮੀਡੀਆਂ ਮੈਨੇਜਮੇਂਟ ਬਿਆਨ ਤੁਹਾਡੀ ਗਿਰੀ ਸਾਖ ਨੂੰ ਬਹਾਲ ਨਹੀਂ ਕਰ ਸਕਦੇ। ਇਸ ਲਈ ਬਿਹਤਰ ਇਹੀ ਹੈ ਕਿ ਸਿਆਸਤ ਤੋਂ ਸਨਿਆਸ ਲੈ ਕੇ ਆਪਣੀ ਜਿੰਦਗੀ ਮੌਜ ਮਸਤੀ ਨਾਲ ਲੰਮੀ ਉਮਰ ਜੀਉ। ਜਿੱਥੇ ਮਾਣ ਸਤਿਕਾਰ ਨਾ ਹੋਵੇ ਉੱਥੇ ਰਹਿਣਾ ਨਹੀਂ ਚਾਹੀਦਾ। ਇਸ ਲਈ ਬੀ ਜੇ ਪੀ ਤੋਂ ਅਸਤੀਫਾ ਦਿਉ। ਹਰ ਰੋਜ਼ ਨਿਰਾਸ਼ਾ ਅਤੇ ਮਾਯੂਸੀ ਭਰੀ ਬਿਆਨਬਾਜ਼ੀ ਕਰਕੇ ਮਜ਼ਾਕ ਦੇ ਪਾਤਰ ਨਾ ਬਣੋ।



# ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀ ਦੀਆਂ ਵੋਟਾਂ ਦੀ ਗਿਣਤੀ ਅੱਜ, ਸਾਰੇ ਪ੍ਰਬੰਧ ਮੁਕੰਮਲ: ਡਾ. ਪ੍ਰੀਤੀ ਯਾਦਵ

**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਰਿਸ਼ਦ ਪਟਿਆਲਾ ਦੇ 23 ਜ਼ੋਨਾਂ ਅਤੇ 10 ਪੰਚਾਇਤ ਸੰਮਤੀਆਂ ਦੇ 184 ਵਿੱਚੋਂ 169 ਜ਼ੋਨਾਂ ਦੀਆਂ ਚੋਣਾਂ ਲਈ ਵੋਟਾਂ ਦੀ ਗਿਣਤੀ ਲਈ ਬਣਾਏ ਗਏ 10 ਗਿਣਤੀ ਕੇਂਦਰਾਂ ਵਿਖੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਹ ਪ੍ਰਗਟਾਵਾ ਕਰਦਿਆਂ ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਪ੍ਰੀਤੀ ਯਾਦਵ ਨੇ ਕਿਹਾ ਹੈ ਕਿ ਵੋਟਾਂ ਦੀ ਗਿਣਤੀ ਅੱਜ ਸਵੇਰੇ 8 ਵਜੇ ਸ਼ੁਰੂ ਹੋਵੇਗੀ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਇਨ੍ਹਾਂ ਵੋਟਾਂ ਦੀ ਗਿਣਤੀ ਪੂਰੀ ਤਰ੍ਹਾਂ ਨਿਰਪੱਖ, ਸੁਤੰਤਰ, ਸੁਰੱਖਿਅਤ ਅਤੇ ਆਜ਼ਾਦਾਨਾ ਢੰਗ ਨਾਲ ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸੰਮਤੀਆਂ ਲਈ ਹੋਈਆਂ ਚੋਣਾਂ ਦੀ ਗਿਣਤੀ ਲਈ ਸਾਰੇ ਗਿਣਤੀ ਕੇਂਦਰਾਂ ਵਿਖੇ 14-14 ਮੇਜ ਲਗਾਏ ਗਏ ਹਨ। ਲੋੜੀਂਦੇ ਸੁਪਰਵਾਈਜਰ ਤੇ ਸਹਾਇਕ ਅਮਲੇ ਸਮੇਤ ਸੁਰੱਖਿਆ ਪ੍ਰਬੰਧਾਂ ਲਈ ਪੁਲਿਸ ਦੀ ਤਾਇਨਾਤੀ ਕੀਤੀ ਗਈ ਹੈ, ਸਮੁੱਚੇ ਅਮਲੇ ਨੂੰ ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਸਮੇਤ ਗਿਣਤੀ ਦੇ ਨੁਕਤਿਆਂ ਦੀਆਂ ਬਾਰੀਕੀਆਂ ਤੋਂ ਵਿਸਥਾਰ ਵਿੱਚ ਜਾਣੂ ਕਰਵਾਇਆ ਜਾ ਚੁੱਕਾ ਹੈ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਪਟਿਆਲਾ ਬਲਾਕ ਸੰਮਤੀ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਮਹਿੰਦਰਾ ਕਾਲਜ ਵਿਖੇ ਰਿਟਰਨਿੰਗ ਅਧਿਕਾਰੀ ਤੇ ਐਸ.ਡੀ.ਐਮ ਪਟਿਆਲਾ ਹਰਜੋਤ ਕੌਰ ਮਾਵੀ ਦੀ ਅਗਵਾਈ ਹੇਠ, ਪਟਿਆਲਾ ਦਿਹਾਤੀ ਬਲਾਕ ਸੰਮਤੀ ਦੀਆਂ ਵੋਟਾਂ ਦੀ ਗਿਣਤੀ ਸਰਕਾਰੀ ਆਈ.ਟੀ.ਆਈ ਨਾਭਾ ਰੋਡ ਵਿਖੇ ਰਿਟਰਨਿੰਗ ਅਧਿਕਾਰੀ ਇੰਜ. ਵਨੀਤ ਸਿੰਗਲਾ, ਨਾਭਾ ਬਲਾਕ ਸੰਮਤੀ ਦੀਆਂ ਵੋਟਾਂ ਦੀ ਗਿਣਤੀ ਰਿਪੁਦਮਨ ਕਾਲਜ ਨਾਭਾ ਵਿਖੇ ਐਸ.ਡੀ.ਐਮ. ਕੰਨੂ ਗਰਗ ਦੀ ਅਗਵਾਈ ਹੇਠ ਕਰਵਾਈ ਜਾਵੇਗੀ। ਸਨੌਰ ਬਲਾਕ ਦੀਆਂ ਵੋਟਾਂ ਦੀ ਗਿਣਤੀ ਐਸ.ਡੀ.ਐਮ ਦੁਧਨਸਾਧਾਂ ਸੁਖਪਾਲ ਸਿੰਘ ਦੀ ਅਗਵਾਈ ਹੇਠ ਅਤੇ ਭੁਨਰਹੇੜੀ ਬਲਾਕ ਦੀਆਂ ਵੋਟਾਂ ਦੀ ਗਿਣਤੀ ਰਿਟਰਨਿੰਗ ਅਧਿਕਾਰੀ ਤੇ ਏ.ਐਮ.ਡੀ ਪੀਆਰਟੀਸੀ ਨਵਦੀਪ ਕੁਮਾਰ ਦੀ ਅਗਵਾਈ ਹੇਠ ਸਰਕਾਰੀ ਬਹੁਤਕਨੀਕੀ ਕਾਲਜ ਐਸ.ਐਸ.ਟੀ ਨਗਰ ਵਿਖੇ ਹੋਵੇਗੀ।

ਇਸ ਤੋਂ ਬਿਨ੍ਹਾਂ ਰਾਜਪੁਰਾ ਬਲਾਕ ਸੰਮਤੀ ਦੀਆਂ ਵੋਟਾਂ ਦੀ ਗਿਣਤੀ ਮਿਨੀ ਸਕੱਤਰੇਤ ਰਾਜਪੁਰਾ ਵਿਖੇ ਐਸ.ਡੀ.ਐਮ. ਨਮਨ ਮਾਰਕੰਨ ਦੀ ਅਗਵਾਈ ਹੇਠ, ਸਮਾਣਾ ਬਲਾਕ ਦੀ ਗਿਣਤੀ ਪਬਲਿਕ ਕਾਲਜ ਸਮਾਣਾ ਵਿਖੇ ਐਸ.ਡੀ.ਐਮ. ਰਿਚਾ ਗੋਇਲ ਦੀ ਦੇਖ-ਰੇਖ ਹੇਠ, ਬਲਾਕ ਪਾਤੜਾਂ ਦੀ ਗਿਣਤੀ ਕਿਰਤੀ ਕਾਲਜ ਨਿਆਲ ਵਿਖੇ ਐਸ.ਡੀ.ਐਮ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਹੋਵੇਗੀ। ਜਦਕਿ ਘਨੌਰ ਬਲਾਕ ਦੀਆਂ ਵੋਟਾਂ ਦੀ ਗਿਣਤੀ ਰਿਟਰਨਿੰਗ ਅਧਿਕਾਰੀ ਤੇ ਬੀ.ਐਮ.ਐਲ. ਦੇ ਕਾਰਜਕਾਰੀ ਇੰਜੀਨੀਅਰ ਗੁਰਸ਼ਰਨ ਸਿੰਘ ਵਿਰਕ ਦੀ ਅਗਵਾਈ ਹੇਠ ਅਤੇ ਸ਼ੰਭੂ ਕਲਾਂ ਬਲਾਕ ਦੀ ਗਿਣਤੀ ਰਿਟਰਨਿੰਗ ਅਧਿਕਾਰੀ ਤੇ ਪੀ.ਐਸ.ਪੀ.ਸੀ.ਐਲ ਦੇ ਵਧੀਕ ਨਿਗਰਾਨ ਇੰਜੀਨੀਅਰ ਰਾਜਪੁਰਾ ਧਰਮਵੀਰ ਕਮਲ ਦੀ ਅਗਵਾਈ ਹੇਠ ਯੂਨੀਵਰਸਿਟੀ ਕਾਲਜ ਘਨੌਰ ਵਿਖੇ ਹੋਵੇਗੀ।

ਜਿਕਰਯੋਗ ਹੈ ਕਿ ਬਲਾਕ ਸੰਮਤੀਆਂ ਲਈ 606 ਤੇ ਜ਼ਿਲ੍ਹਾ ਪਰਿਸ਼ਦ ਲਈ 113 ਉਮੀਦਵਾਰ ਮੈਦਾਨ ਵਿੱਚ ਸਨ, ਜਿਨ੍ਹਾਂ 'ਚ ਭੁਨਰਹੇੜੀ ਬਲਾਕ 'ਚ 25, ਸਨੌਰ ਬਲਾਕ 'ਚ 47, ਨਾਭਾ ਬਲਾਕ 'ਚ 83, ਪਟਿਆਲਾ ਬਲਾਕ ਸੰਮਤੀ ਲਈ 52, ਪਟਿਆਲਾ ਦਿਹਾਤੀ ਬਲਾਕ 'ਚ 72, ਪਾਤੜਾਂ ਬਲਾਕ 'ਚ 99, ਰਾਜਪੁਰਾ ਬਲਾਕ 'ਚ 58, ਸਮਾਣਾ ਬਲਾਕ 'ਚ 52, ਘਨੌਰ ਬਲਾਕ 'ਚ 58 ਤੇ ਸ਼ੰਭੂ ਕਲਾਂ ਬਲਾਕ ਵਿਖੇ 60 ਉਮੀਦਵਾਰ ਚੋਣ ਮੈਦਾਨ ਵਿੱਚ ਸਨ। ਬਲਾਕ ਸੰਮਤੀਆਂ ਦੇ 15 ਚੋਣ ਹਲਕਿਆਂ ਤੋਂ ਉਮੀਦਵਾਰਾਂ ਦੀ ਚੋਣ ਨਿਰਵਿਰੋਧ ਹੋ ਗਈ ਜਦੋਂਕਿ ਬਾਕੀ ਰਹਿੰਦੇ 169 ਚੋਣ ਹਲਕਿਆਂ ਲਈ ਵੋਟਾਂ ਪੁਆਈਆਂ ਗਈਆਂ ਸਨ।

# ਛੋਟੇ ਬੱਚਿਆਂ ਨੂੰ ਠੰਡ ਤੋਂ ਬਚਾਉਣ ਲਈ ਜਾਗਰੂਕ ਕੀਤਾ



**ਸ਼ੇਰਪੁਰ,1 6 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਤੇ ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ.ਜੀ ਐੱਸ ਭਿੰਡਰ ਦੀ ਅਗਵਾਈ ਵਿੱਚ ਬਲਾਕ ਫਤਿਹਗੜ੍ਹ ਪੰਜਗਰਾਈਆਂ ਵਿਖੇ ਛੋਟੇ ਬੱਚਿਆਂ ਨੂੰ ਨਿਮੋਨੀਆ ਤੋਂ ਬਚਾਅ ਲਈ ਮਾਪਿਆਂ ਨੂੰ ਜਾਣਕਾਰੀ ਦਿੱਤੀ ਗਈ।

ਇਸ ਬਾਰੇ ਬੋਲਦੇ ਹੋਏ ਡਾ.ਭਿੰਡਰ ਨੇ ਕਿਹਾ ਕਿ ਸਮਾਜਿਕ ਜਾਗਰੂਕਤਾ ਅਤੇ ਨਿਮੋਨੀਆ ਨੂੰ ਸਫਲਤਾਪੂਰਵਕ ਖਤਮ ਕਰਨ ਲਈ ਵਿਸ਼ੇਸ਼ ਸਾਂਸ ਪ੍ਰੋਗਰਾਮ ਸਿਹਤ ਵਿਭਾਗ ਵੱਲੋਂ ਚਲਾਇਆ ਜਾ ਰਿਹਾ ਹੈ । ਜਿਸਦਾ ਟੀਚਾ 2025 ਤੱਕ ਬੱਚਿਆਂ ਵਿੱਚ ਨਿਮੋਨੀਆ ਨਾਲ ਹੋਣ ਵਾਲੀਆਂ ਮੌਤਾਂ (ਪੰਜ ਸਾਲ ਤੋਂ ਘੱਟ ਉਮਰ ਦੇ) ਨੂੰ ਪ੍ਰਤੀ 1,000 ਵਿੱਚ 3 ਤੋਂ ਘੱਟ ਕਰਨ ਲਈ ਵਿਸ਼ੇਸ਼ ਯਤਨ ਕਰਨਾ ਹੈ। ਇਸ ਸਮੇਂ ਬਲਾਕ ਐਜੂਕੇਟਰ ਹਰਪ੍ਰੀਤ ਕੌਰ ਨੇ ਦੱਸਿਆ ਨਿਮੋਨੀਆ ਤੋਂ ਛੋਟੇ ਬੱਚਿਆਂ ਨੂੰ ਬਚਾਉਣ ਲਈ ਸ਼ੁਰੂਆਤੀ ਪਛਾਣ (ਤੇਜ਼ ਸਾਹ, ਛਾਤੀ ਵਿੱਚ ਖਿੱਚਣਾ), ਅਤੇ ਰੋਕਥਾਮ (ਟੀਕਾਕਰਨ, ਪੋਸ਼ਣ) ਅਤੇ ਸਮੇਂ ਸਿਰ ਇਲਾਜ ਕਰਵਾਉਣਾ ਹੈ। ਸਾਂਸ ਪ੍ਰੋਗਰਾਮ ਆਮ ਤੌਰ 'ਤੇ ਹਰ ਸਾਲ ਨਵੰਬਰ ਤੋਂ ਫਰਵਰੀ ਤੱਕ ਚੱਲਦਾ ਹੈ।

# ਆਸ਼ਾ ਵਰਕਰਾਂ ਵੱਲੋ ਤਨਖਾਹ ਨਾ ਮਿਲਣ ਤੇ ਜ਼ਿਲਾ ਕਪੂਰਥਲਾ ਵਿਖੇ 26 ਦਸੰਬਰ ਨੂੰ ਧਰਨੇ ਦਾ ਐਲਾਨ



**ਫਗਵਾੜਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੈਮੋਕ੍ਰੇਟਿਕ ਆਸਾਂ ਵਰਕਰ ਫੈਸਿਲੀਟੇਟਰ ਯੂਨੀਅਨ ਕਪੂਰਥਲਾ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਤਨਖਾਹਾਂ ਦੇਣ ਦਾ ਪ੍ਰਬੰਧ ਨਾਂ ਕਰਨ ਅਤੇ ਵਾਧੂ ਕੰਮ ਲੈਣ ਆਬਾ ਆਈਡੀ ਟੋਕਨ ਦੇਣ ਲਈ ਸਾਰਾ ਦਿਨ ਡਿਊਟੀ ਕਰਨ ਲਈ ਮਜਬੂਰ ਕੀਤਾ ਜਾ ਰਿਹਾ।

ਇਸ ਦੇ ਰੋਸ ਵਜੋਂ ਜ਼ਿਲ੍ਹਾ ਕਪੂਰਥਲਾ ਵਿਖੇ ਸਿਵਲ ਸਰਜਨ ਨਾਲ ਮੀਟਿੰਗ ਕੀਤੀ ਗਈ ਅਤੇ ਮੀਟਿੰਗ ਦੌਰਾਨ ਹਾਂ ਪੱਖੀ ਹੁੰਗਾਰਾ ਨਾ ਦੇਣ ਦੇ ਵਿਰੋਧ ਵਜੋਂ ਰੋਹ ਵਿਚ ਆਈਆਂ ਵਰਕਰਾਂ ਨੇ ਜਿਲੇ ਅੰਦਰ 16 ਦਸੰਬਰ ਤੋਂ 26 ਤਰੀਕ ਤੱਕ ਸਮੂਹ ਕੰਮਾਂ ਦਾ ਬਾਈਕਾਟ ਅਤੇ 26 ਦਸੰਬਰ ਨੂੰ ਜ਼ਿਲ੍ਹਾ ਪੱਧਰੀ ਧਰਨੇ ਦਾ ਐਲਾਨ ਅਤੇ ਮੀਟਿੰਗ ਕਰਕੇ ਦੁਬਾਰਾ ਅਗਲੇ ਪ੍ਰੋਗਰਾਮ ਦੀ ਰੂਪ ਰੇਖਾ ਤੈਅ ਕੀਤੇ ਜਾਵੇਗੀ। ਇਹ ਐਲਾਨ ਸੂਬਾਈ ਆਗੂ ਅੰਮਿਤਪਾਲ ਕੌਰ ਜ਼ਿਲ੍ਹਾ ਕਪੂਰਥਲਾ ਪ੍ਰਧਾਨ ਕੁਲਵਿੰਦਰ ਕੌਰ, ਜਰਨ ਸਕੱਤਰ ਬਲਵਿੰਦਰ ਕੌਰ ਟਿੱਬਾ , ਰਾਣੀ ਸਿੱਧੂ, ਹਰਵਿੰਦਰ ਕੌਰ ਨੇ ਕੀਤਾ, ਰੋਸ ਵਜੋਂ ਅੱਜ ਜ਼ਿਲ੍ਹਾ ਕਪੂਰਥਲਾ ਦੇ ਸਮੁੱਚੇ ਬਲਾਕ ਕੇਂਦਰਾਂ ਅੰਦਰ ਐਸ, ਐਮ ਓ ਸਾਹਿਬ ਨੂੰ ਰੋਸ ਪੱਤਰ ਦਿਤੇ ਗਏ। ਅੱਜ ਬਲਾਕ ਫਗਵਾੜਾ ਵਿਖੇ ਬਲਾਕ ਪ੍ਰਧਾਨ ਰਜਿੰਦਰ ਪਾਲ ਕੌਰ ਦੀ ਅਗਵਾਈ ਹੇਠ ਬਲਾਕ ਟਿੱਬਾ ਪਰਮਜੀਤ ਕੌਰ ਦੀ ਅਗਵਾਈ ਹੇਠ ਬਲਾਕ ਢਿੱਲਵਾਂ ਮਨਜੀਤ ਕੌਰ ਦੀ ਅਗਵਾਈ ਹੇਠ ਬਲਾਕ ਅਰਬਨ ਕਪੂਰਥਲਾ ਰਾਣੀ ਸਿੱਧੂ ਦੀ ਅਗਵਾਈ ਹੇਠ ਬਲਾਕ ਕਾਲਾ ਸੰਘਿਆਂ ਹਰਵਿੰਦਰ ਕੌਰ ਦੀ ਅਗਵਾਈ ਹੇਠ ਐਸ ਐਮ ਓ ਦੂਆਰਾ ਰੋਸ ਪੱਤਰ ਦਿਤੇ ਗਏ।

# ਸਾਹਿਤਕਾਰ ਸ੍ਰੀ ਆਰਿਫ ਹਲੀਮ ਦੀ ਯਾਦ ਵਿੱਚ ਬੈਠਕ ਦਾ ਆਯੋਜਨ

**ਮਲੇਰਕੋਟਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਮਸ਼ਹੂਰ ਕਵੀ ਅਤੇ ਸਾਹਿਤਕਾਰ ਸ੍ਰੀ ਆਰਿਫ ਹਲੀਮ ਇਸ ਫ਼ਾਨੀ ਦੁਨੀਆਂ ਤੋਂ ਰੁਖਸਤ ਹੋ ਗਏ ਸਨ। ਇਹਨਾਂ ਦੀ ਯਾਦ ਵਿੱਚ ਇੱਕ ਬੈਠਕ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸਾਬਕਾ ਸਿੱਖਿਆ ਮੰਤਰੀ ਚੌਧਰੀ ਅਬਦੁਲ ਗਫਾਰ ਨੇ ਕੀਤੀ। ਉਹਨਾਂ ਨੇ ਆਪਣੇ ਸਾਹਿਪਾਠੀ ਸ੍ਰੀ ਆਰਿਫ ਹਲੀਮ ਦੇ ਨਾਲ ਗੁਜ਼ਾਰੇ ਹੋਏ ਸਮੇਂ ਦਾ ਜ਼ਿਕਰ ਕੀਤਾ ਅਤੇ ਆਰਿਫ ਹਲੀਮ ਨੂੰ ਇੱਕ ਚੰਗੇ ਦੋਸਤ ਦੇ ਤੌਰ ਤੇ ਯਾਦ ਕੀਤਾ। ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਨਵੇਦ ਅਸਲਮ ਨੇ ਕਿਹਾ ਕਿ ਸ੍ਰੀ ਆਰਿਫ ਹਲੀਮ ਦਾ ਪਿਆਰ ਭਰਿਆ ਹੱਥ ਹਮੇਸ਼ਾ ਮੇਰੇ ਸਿਰ ਤੇ ਰਿਹਾ।

ਸਰਪ੍ਰਸਤ ਅਦਾਰਾ ਅਸਦੁੱਲਾ ਅੰਸਾਰੀ, ਡਾਕਟਰ ਮੁਹੰਮਦ ਸ਼ਬੀਰ, ਸ੍ਰੀ ਲਤੀਫ ਥਿੰਦ, ਹਾਜੀ ਮੁਹੰਮਦ ਇਕਬਾਲ, ਅਯਾਜ਼ ਐਡਵੋਕੇਟ ਅਤੇ ਸਾਜਿਦ ਇਸਹਾਕ ਨੇ ਸ੍ਰੀ ਆਰਿਫ ਹਲੀਮ ਨੂੰ ਇੱਕ ਚੰਗੇ ਸਾਹਿਤਕਾਰ ਅਤੇ ਸ਼ਾਇਰ ਦੇ ਤੌਰ ਤੇ ਯਾਦ ਕੀਤਾ। ਅਦਾਰਾ ਅਦਬ ਏ ਇਸਲਾਮੀ ਹਿੰਦ, ਪੰਜਾਬ ਸਰਕਲ ਦੇ ਪ੍ਰਬੰਧ ਅਧੀਨ ਹੋਈ ਇਸ ਬੈਠਕ ਵਿੱਚ ਅਦਾਰੇ ਦੇ ਪ੍ਰਧਾਨ ਸ੍ਰੀ ਰਮਜਾਨ ਸਈਦ ਵੱਲੋਂ ਇੱਕ ਸ਼ੋਕ ਮਤਾ ਪੇਸ਼ ਕੀਤਾ ਗਿਆ।

# ਸਮਾਣਾ ਵਿੱਚ ਚੋਰਾਂ ਦੇ ਹੌਸਲੇ ਬੁਲੰਦ ਦੁਕਾਨ ਦਾ ਜਿੰਦਰਾ ਤੋੜ ਕੇ ਨਗਦੀ ਸਮੇਤ ਸਮਾਨ ਚੋਰੀ



**ਸਮਾਣਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਰਾਤ ਅਣਪਛਾਤੇ ਤਾਂ ਦੁਕਾਨ ਦਾ ਸਟਰ ਚੁੱਕਿਆ ਚੋਰਾਂ ਵੱਲੋਂ ਸਮਾਣਾ-ਚੀਕਾ ਰੋਡ 'ਤੇ ਇੱਕ ਹਲਵਾਈ ਦੀ ਦੁਕਾਨ 'ਤੇ ਲੱਗੇ ਸ਼ਟਰ ਦੇ ਜਿੰਦਰੇ ਤੋੜ ਕੇ ਦੁਕਾਨ ਵਿਚ ਪਿਆ ਸਮਾਨ, ਸੀ.ਸੀ.ਟੀ.ਵੀ. ਕੈਮਰਾ, ਡੀ.ਵੀ.ਆਰ, ਇੰਟਰਨੈਟ ਸਿਸਟਮ, ਗੈਸ ਸਿਲੰਡਰ ਅਤੇ ਗੱਲੇ ਵਿਚ ਪਈ ਨਗਦੀ ਚੋਰੀ ਕਰਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਜਾਣਕਾਰੀ ਦਿੰਦਿਆਂ ਦੁਕਾਨ ਮਾਲਕ ਹਰਭਜਨ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾਂ ਵਾਂਗ ਐਤਵਾਰ ਰਾਤ ਨੂੰ ਆਪਣੀ ਦੁਕਾਨ ਬੰਦ ਕਰਕੇ ਗਏ।
ਹੋਇਆ ਸੀ 'ਤੇ ਉਕਤ ਸਮਾਨ ਗਾਇਬ ਸੀ, ਜਿਸ ਦੀ ਉਨ੍ਹਾਂ ਸੂਚਨਾ ਸਿਟੀ ਪੁਲਿਸ ਨੂੰ ਦਿੱਤੀ।

# ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਵੱਲੋਂ ਮੰਗਾਂ ਮਨਵਾਉਣ ਲਈ ਵਣ ਵਿਭਾਗ ਦੇ ਅਧਿਕਾਰੀਆਂ ਨੂੰ ਨੋਟਿਸ ਦੇਣ ਦਾ ਫੈਸਲਾ




**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ 1680 ਜਿਲਾ ਕਮੇਟੀ ਪਟਿਆਲਾ ਦੀ ਮੀਟਿੰਗ ਵੱਖ-ਵੱਖ ਵਿਭਾਗਾਂ ਨਾਲ ਸੰਬੰਧਤ ਮੰਗਾਂ ਜਿਵੇਂ ਕੱਚੇ ਕਾਮਿਆਂ ਨੂੰ ਪੱਕਾ ਕਰਵਾਉਣਾ ਦੇ ਇਸ਼ੂਆਂ ਤੋਂ ਹੋਈ। ਇਸ ਵਿੱਚ ਜੰਗਲਾਤ ਵਿਭਾਗ, ਜੰਗਲਾਤ ਨਿਗਮ ਅਤੇ ਜੰਗਲੀ ਜੀਵ ਰਹਿੰਦੇ ਜੰਗਲੀ ਜੀਵ ਕਰਮਚਾਰੀਆਂ ਨੂੰ ਪੱਕਾ ਕਰਵਾਉਣ ਅਤੇ ਬਣਦੇ ਬਕਾਏ ਦਿਵਾਉਣ ਅਤੇ ਕੰਮ ਤੋਂ ਫਾਰਗ ਕੀਤੇ ਕਾਮਿਆਂ ਨੂੰ ਵਾਪਿਸ ਕੰਮ ਤੇ ਹਾਜਰ ਕਰਵਾਉਣ, ਰਹਿੰਦੀਆਂ ਤਨਖਾਹਾਂ ਜਾਰੀ ਕਰਵਾਉਣ ਦੇ ਸਬੰਧ ਵਿੱਚ ਆਪਣੀ ਜਦੋ ਜਹਿਦ ਕਰਨ ਲਈ ਪੰਜਾਬ ਸਰਕਾਰ / ਵਣ ਵਿਭਾਗ ਦੇ ਅਧਿਕਾਰੀਆਂ ਨੂੰ ਨੋਟਿਸ ਦੇਣ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਫੈਡਰੇਸ਼ਨ ਦੇ ਪ੍ਰਧਾਨ ਜਗਮੋਹਨ ਸਿੰਘ ਨੋਲੱਖਾ, ਮੱਖਣ ਸਿੰਘ , ਵੇਦ ਪ੍ਰਕਾਸ਼ ਆਬਕਾਰੀ ਵਿਭਾਗ ਵਿਚੋਂ ਸ਼ਾਮਿਲ ਹੋਏ ਅਤੇ ਵੱਖ-ਵੱਖ ਰੇਜਾਂ ਵਿਚੋਂ ਤ੍ਰਿਲੋਚਨ ਗਿਰ ਮਾੜੂ, ਤ੍ਰਿਲੋਚਨ ਮੰਡੋਲੀ, ਦਰਸ਼ਨ ਸਿੰਘ ਮੱਲੇਵਾਲ, ਗੁਰਮੇਲ ਬੰਮਣਾ, ਗੁਰਿੰਦਰ ਗੁਰੀ ਭਾਦਸੋਂ, ਹਰਭੀਮ ਸਿੰਘ, ਪਾਲਾ ਗੁਰਦਿਆਲਪੁਰਾ, ਕਾਲਾ ਰਾਮ ਭਾਦਸੋਂ, ਅਵਤਾਰ ਸਿੰਘ ਭਾਦਸੋ ਆਦਿ ਹਾਜਰ ਸਨ।

# ਆਈਆਈਟੀ ਰੋਪੜ ਵਿਖੇ ਭੌਤਿਕ ਵਿਗਿਆਨ ਸਿੱਖਿਆ 'ਤੇ ਗਲੋਬਲ ਕਾਨਫਰੰਸ ਦਾ ਆਯੋਜਨ; ਮਾਹਿਰਾਂ ਨੇ ਏਆਈ, ਕੁਆਂਟਮ ਲਰਨਿੰਗ 'ਤੇ ਚਰਚਾ ਕੀਤੀ




**ਰੋਪੜ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਤਕਨੀਕੀ ਸੰਸਥਾ (ਆਈਆਈਟੀ) ਰੋਪੜ ਨੇ ਸੋਮਵਾਰ ਨੂੰ ਅੰਤਰਰਾਸ਼ਟਰੀ ਭੌਤਿਕ ਵਿਗਿਆਨ ਸਿੱਖਿਆ ਕਾਨਫਰੰਸ (ਆਈਸੀਪੀਈ) 2025 ਦਾ ਉਦਘਾਟਨ ਕੀਤਾ, ਜੋ ਤੇਜ਼ੀ ਨਾਲ ਵਿਕਸਤ ਹੋ ਰਹੇ ਵਿਗਿਆਨਕ ਅਤੇ ਤਕਨੀਕੀ ਦ੍ਰਿਸ਼ਟੀਕੋਣਾਂ ਦੇ ਸੰਦਰਭ ਵਿੱਚ ਭੌਤਿਕ ਵਿਗਿਆਨ ਸਿੱਖਿਆ ਨੂੰ ਮੁੜ ਸੋਚਣ ਅਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੰਜ ਦਿਨਾਂ ਦੀ ਵਿਸ਼ਵਵਿਆਪੀ ਮੀਟਿੰਗ ਹੈ। ਇਹ ਕਾਨਫਰੰਸ 16 ਤੋਂ 20 ਦਸੰਬਰ, 2025 ਤੱਕ ਅੰਤਰਰਾਸ਼ਟਰੀ ਸ਼ੁੱਧ ਅਤੇ ਅਨੁਪ੍ਰਯੁਕਤ ਭੌਤਿਕ ਵਿਗਿਆਨ ਸੰਘ (ਆਈਯੂਪੀਏਪੀ) ਦੇ ਸਹਿਯੋਗ ਨਾਲ ਆਯੋਜਿਤ ਕੀਤੀ ਜਾ ਰਹੀ ਹੈ। ਭਾਰਤ ਅਤੇ ਵਿਦੇਸ਼ਾਂ ਦੇ ਭੌਤਿਕ ਵਿਗਿਆਨੀਆਂ, ਸਿੱਖਿਅਕਾਂ, ਖੋਜਕਰਤਾਵਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਇਕੱਠੇ ਲਿਆਉਂਦੇ ਹੋਏ, ਆਈਸੀਪੀਈ 2025 ਦਾ ਉਦੇਸ਼ ਭੌਤਿਕ ਵਿਗਿਆਨ ਸਿੱਖਿਆ ਵਿੱਚ ਸਮਕਾਲੀ ਚੁਣੌਤੀਆਂ ਦਾ ਹੱਲ ਕਰਨਾ ਅਤੇ ਨਕਲੀ ਬੁੱਧੀ ਅਤੇ ਕੁਆਂਟਮ ਤਕਨੀਕਾਂ ਵਰਗੇ ਉਭਰਦੇ ਖੇਤਰਾਂ ਦੇ ਅਨੁਰੂਪ ਨਵੀਨਤਾਕਾਰੀ ਸਿੱਖਿਆ ਅਤੇ ਸਿੱਖਣ ਦੇ ਤਰੀਕਿਆਂ ਦੀ ਖੋਜ ਕਰਨਾ ਹੈ।

ਉਦਘਾਟਨ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਭਾਰਤ ਸਰਕਾਰ ਦੇ ਪ੍ਰਧਾਨ ਵਿਗਿਆਨਕ ਸਲਾਹਕਾਰ, ਰਾਸ਼ਟਰੀ ਵਿਗਿਆਨ ਚੇਅਰ ਅਤੇ ਭਾਰਤੀ ਵਿਗਿਆਨ ਸੰਸਥਾ (ਆਈਆਈਐਸਸੀ), ਬੰਗਲੁਰੂ ਵਿਖੇ ਭੌਤਿਕ ਵਿਗਿਆਨ ਦੇ ਪ੍ਰੋਫੈਸਰ, ਪ੍ਰੋ. ਅਜੇ ਕੁਮਾਰ ਸੂਦ ਹਾਜ਼ਰ ਹੋਏ। ਭਾਰਤੀ ਵਿਗਿਆਨ ਸਿੱਖਿਆ ਅਤੇ ਖੋਜ ਸੰਸਥਾ (ਆਈਆਈਐਸਈਆਰ) ਮੋਹਾਲੀ ਦੇ ਨਿਰਦੇਸ਼ਕ ਪ੍ਰੋ. ਅਨਿਲ ਕੁਮਾਰ ਤ੍ਰਿਪਾਠੀ ਸਤਿਕਾਰਯੋਗ ਮਹਿਮਾਨ ਵਜੋਂ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਸਭਾ ਨੂੰ ਸੰਬੋਧਨ ਕਰਦੇ ਹੋਏ, ਪ੍ਰੋ. ਸੂਦ ਨੇ ਭਾਰਤ ਦੇ ਵਿਗਿਆਨਕ ਵਾਤਾਵਰਣ ਨੂੰ ਮਜ਼ਬੂਤ ਕਰਨ ਅਤੇ ਨਵੀਨਤਾ ਨੂੰ ਵਧਾਵਾ ਦੇਣ ਵਿੱਚ ਭੌਤਿਕ ਵਿਗਿਆਨ ਸਿੱਖਿਆ ਦੀ ਮਹੱਤਵਪੂਰਨ ਭੂਮਿਕਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਵਿਗਿਆਨਕ ਚੁਣੌਤੀਆਂ ਲਈ ਤਿਆਰ ਕਰਨ ਹੇਤੁ ਖਾਸ ਤੌਰ 'ਤੇ ਨਕਲੀ ਬੁੱਧੀ, ਕੁਆਂਟਮ ਵਿਗਿਆਨ ਅਤੇ ਵਰਚੁਅਲ ਪ੍ਰਯੋਗਸ਼ਾਲਾਵਾਂ ਵਰਗੇ ਖੇਤਰਾਂ ਵਿੱਚ ਆਧੁਨਿਕ ਸਿੱਖਿਆ ਪਹੁੰਚਾਂ ਦੀ ਲੋੜ 'ਤੇ ਜ਼ੋਰ ਦਿੱਤਾ।

ਉਦਘਾਟਨ ਵਿੱਚ ਉੱਘੇ ਸਿੱਖਿਆ ਸ਼ਾਸਤਰੀ ਵੀ ਸ਼ਾਮਲ ਹੋਏ, ਜਿਨ੍ਹਾਂ ਵਿੱਚ IUPAP ਕਮਿਸ਼ਨ ਆਨ ਫਿਜ਼ਿਕਸ ਐਜੂਕੇਸ਼ਨ (314) ਦੀ ਚੇਅਰਪਰਸਨ ਅਤੇ ਸਿਡਨੀ ਯੂਨੀਵਰਸਿਟੀ ਵਿਖੇ ਸਾਇੰਸ ਐਜੂਕੇਸ਼ਨ ਦੀ ਪ੍ਰੋਫੈਸਰ ਪ੍ਰੋ. ਮੰਜੁਲਾ ਸ਼ਰਮਾ; IUPAP CAD ਦੇ ਮੈਂਬਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਾਬਕਾ ਵਾਈਸ-ਚਾਂਸਲਰ ਪ੍ਰੋ. ਅਰੁਣ ਕੁਮਾਰ ਗਰੋਵਰ; ਇੰਡੀਅਨ ਐਸੋਸੀਏਸ਼ਨ ਆਫ਼ ਫਿਜ਼ਿਕਸ ਟੀਚਰਜ਼ (IAPT) ਦੇ ਪ੍ਰਧਾਨ ਪ੍ਰੋ. ਪੀ.ਕੇ. ਆਹਲੂਵਾਲੀਆ ਅਤੇ ਪਦਮ ਸ਼੍ਰੀ ਪ੍ਰੋ. ਐਚ.ਸੀ. ਵਰਮਾ ਸ਼ਾਮਲ ਸਨ। ਆਈਸੀਪੀਈ 2025 ਵਿਸ਼ਿਆਂ ਦੀ ਵਿਸ਼ਾਲ ਸ਼੍ਰੇਣੀ 'ਤੇ ਕੇਂਦ੍ਰਿਤ ਹੈ, ਜਿਸ ਵਿੱਚ ਭੌਤਿਕ ਵਿਗਿਆਨ ਦੀ ਸਿੱਖਿਆ ਵਿੱਚ ਨਕਲੀ ਬੁੱਧੀ ਦਾ ਏਕੀਕਰਨ, ਕੁਆਂਟਮ ਮਕੈਨਿਕਸ ਅਤੇ ਕੁਆਂਟਮ ਤਕਨੀਕਾਂ ਵਿੱਚ ਸਿੱਖਿਆ, ਵਰਚੁਅਲ ਪ੍ਰਯੋਗਸ਼ਾਲਾਵਾਂ ਅਤੇ ਸਿਮੂਲੇਸ਼ਨ-ਅਧਾਰਿਤ ਸਿੱਖਿਆ, ਸਰਗਰਮ ਸਿੱਖਿਆ ਵਿਧੀਆਂ, ਭੌਤਿਕ ਵਿਗਿਆਨ ਵਿੱਚ ਲਿੰਗ ਸਮਾਨਤਾ ਅਤੇ ਸਮਾਵੇਸ਼ਤਾ, ਅਤੇ ਹੱਥੋਂ-ਹੱਥ ਸਿੱਖਿਆ ਲਈ ਘੱਟ ਲਾਗਤ ਵਾਲੇ ਪ੍ਰਯੋਗਾਤਮਕ ਉਪਕਰਣਾਂ ਦਾ ਵਿਕਾਸ ਸ਼ਾਮਲ ਹੈ।

# ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਕੀਤੇ ਜਾ ਰਹੇ ਹਨ ਉਪਰਾਲੇ ਸ਼ਲਾਘਾਯੋਗ




**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਪੰਜਾਬ ਰੈੱਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ, ਪੰਜਾਬ ਸਾਕੇਤ ਹਸਪਤਾਲ ਪਟਿਆਲਾ ਵੱਲੋਂ ਇੰਡੀਅਨ ਰੈਡ ਕਰਾਸ ਸੁਸਾਇਟੀ ਪੰਜਾਬ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਸਾਬਕਾ ਆਈ ਏ ਐਸ ਅਧਿਕਾਰੀ ਦੀ ਸਰਪ੍ਰਸਤੀ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਪੰਜਾਬ ਰੈਡ ਕਰਾਸ ਜ਼ਿਲ੍ਹਾ ਪੁਨਰਵਾਸ ਕੇਂਦਰ ਪੰਜਾਬ ਸਾਕੇਤ ਹਸਪਤਾਲ ਪਟਿਆਲਾ ਦੇ ਪ੍ਰੋਜੈਕਟ ਡਾਇਰੈਕਟਰ ਗਵਰਨਰ ਐਵਾਰਡੀ ਪਰਮਿੰਦਰ ਕੌਰ ਮਨਚੰਦਾ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਰੁਪਿੰਦਰ ਕੌਰ, ਸਾਬਕਾ ਪ੍ਰਿੰਸੀਪਲ ਆਸਾ ਸ਼ਰਮਾ,ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਦੇ ਕੌਂਸਲਰ ਪਰਮਿੰਦਰ ਕੌਰ ਵਰਮਾ, ਰਣਜੀਤ ਕੌਰ ਕੌਂਸਲਰ,ਕੌਂਸਲਰ ਜਸਪ੍ਰੀਤ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਬ੍ਰਹਮਜੋਤ ਸਿੰਘ ਲਾਅ ਵਿਦਿਆਰਥੀ ਓ ਪੀ ਜਿੰਦਲ ਗੋਲਬਲ ਯੂਨੀਵਰਸਿਟੀ ਸੋਨੀਪਤ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਨੇ ਸ਼ਿਰਕਤ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਪੁਨਰਵਾਸ ਕੇਂਦਰ ਦੀ ਪ੍ਰੋਜੈਕਟ ਡਾਇਰੈਕਟਰ ਗਵਰਨਰ ਐਵਾਰਡੀ ਪਰਮਿੰਦਰ ਕੌਰ ਮਨਚੰਦਾ ਅਤੇ ਉਹਨਾਂ ਦੀ ਟੀਮ ਵੱਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਲੜੀਵਾਰ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤਾ ਜੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਵਿੱਚ ਪਬਲਿਕ ਅਤੇ ਨੌਜਵਾਨਾਂ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ , ਤਾਂ ਹੀ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਬਣਾ ਸਕਾਂਗੇ। ਇਸ ਮੌਕੇ ਪੰਜਾਬ ਰੈਡ ਕਰਾਸ ਸਾਕੇਤ ਹਸਪਤਾਲ ਪਟਿਆਲਾ ਦੀ ਟੀਮ ਨੂੰ ਸਰਟੀਫਿਕੇਟ,ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ।

# ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਆਯੋਜਿਤ



**ਪਟਿਆਲਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਸ੍ਰ. ਅਮਰਜੀਤ ਸਿੰਘ ਬਾਬਾ ਜੀ ਦੀ ਪ੍ਰਧਾਨਗੀ ਹੇਠ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋਈ।

ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਬਿਜਲੀ ਨਿਗਮ ਦੀ ਤਕਰੀਬਨ 165 ਏਕੜ ਜਮੀਨ ਵੇਚਣ ਅਤੇ ਬਿਜਲੀ ਸੋਧ ਬਿੱਲ 2025 ਵਿੱਚ ਸੋਧਾਂ ਕਰਨ, 32 ਲੇਬਰ ਕਾਨੂੰਨਾਂ ਨੂੰ ਖਤਮ ਕਰਕੇ ਕੇਵਲ 4 ਲੇਬਰ ਕੋਡ ਬਣਾਉਣ ਅਤੇ ਬਿਜਲੀ ਮੁਲਾਜਮਾਂ ਦੀਆਂ ਪਿਛਲੇ ਕਾਫੀ ਲੰਮੇ ਸਮੇਂ ਤੋਂ ਲਮਕਾ ਅਵਸਥਾ ਵਿੱਚ ਪਈਆਂ ਮੰਗਾਂ ਦਾ ਹੱਲ ਨਾ ਕੱਢਣ ਬਾਰੇ ਜਿਵੇਂ ਕਿ ਪੰਜਾਬ ਦੇ ਮੁਲਾਜਮਾਂ ਨੂੰ / ਪੈਨਸ਼ਨਰਜ਼ ਨੂੰ ਮਹਿੰਗਾਈ ਭੱਤੇ ਦੀਆਂ 16 ਪ੍ਰਤੀਸ਼ਤ ਕਿਸ਼ਤਾਂ ਨਾ ਦੇਣ, ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਿਕ ਤਨਖਾਹ ਸਕੇਲ ਅਤੇ ਪੈਨਸ਼ਨ ਰਿਵਾਇਜ ਨਾ ਕਰਨ, ਮਿਤੀ 01-01-2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਜ਼ ਨੂੰ 2.59 ਦੀ ਬਜਾਏ 2.45 ਨਾਲ ਪੈਨਸ਼ਨ ਫਿਕਸ ਕਰਨ ਵਿਰੁੱਧ ਭਾਰੀ ਰੋਸ ਜਾਹਰ ਕੀਤਾ ਗਿਆ, ਬੁਲਾਰਿਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਮੰਗਾਂ ਦਾ ਜਲਦੀ ਤੋਂ ਜਲਦੀ ਹੱਲ ਕੱਢਿਆ ਜਾਵੇ ਅਤੇ ਬਿਜਲੀ ਨਿਗਮ ਦੀ 165 ਏਕੜ ਜਮੀਨ ਵੇਚਣੀ ਬੰਦ ਕੀਤੀ ਜਾਵੇ। ਮੀਟਿੰਗ ਵਿੱਚ ਬਾਬਾ ਅਮਰਜੀਤ ਸਿੰਘ ਪ੍ਰਧਾਨ, ਵਿਨੋਦ ਸਲਵਾਨ, ਪਰਮਜੀਤ ਸਿੰਘ ਦਸੂਹਾ, ਐਮ.ਐਲ. ਕਪਿਲਾ, ਬੀ.ਐਸ. ਸੇਖੋਂ, ਬਲਵਿੰਦਰ ਸਿੰਘ ਪਸਿਆਣਾ, ਰਾਮ ਸਰਨ, ਜਗਦੀਸ਼ ਰਾਏ ਰਾਮਪੁਰਾ, ਜਗਦੇਵ ਸਿੰਘ ਮਾਨ, ਪਰਮਜੀਤ ਜਲੰਧਰ, ਲਖਵੀਰ ਸਿੰਘ ਕਰਤਾਰਪੁਰ, ਅਸ਼ਵਨੀ ਜਲੰਧਰ, ਸੁਖਦੇਵ ਸਿੰਘ ਕੈਸ਼ੀਅਰ, ਅਵਤਾਰ ਸਿੰਘ ਬੰਮਰਾਹ, ਹਰਜਿੰਦਰ ਸਿੰਘ ਚੌਹਾਨ, ਮਲਕੀਤ ਸਿੰਘ ਕੰਗ, ਕੰਵਰ ਜਸਵਿੰਦਰ ਪਾਲ, ਸ਼ਿਵਦੇਵ ਸਿੰਘ ਪਟਿਆਲਾ, ਬਲਵਿੰਦਰ ਸਿੰਘ ਮੁਕੇਰੀਆਂ, ਪਰਮਿੰਦਰ ਸਿੰਘ, ਗੁਰਦੀਪ ਸਿੰਘ, ਸੁਰਿੰਦਰ ਸਿੰਘ ਸ਼ਾਹਪੁਰ ਕੰਡੀ, ਸਤੀਸ਼ ਕੁਮਾਰ, ਮਹਿੰਦਰ ਸਿੰਘ ਫਿਰੋਜਪੁਰ, ਪਵਿੱਤਰ ਸਿੰਘ, ਲਖਵੀਰ ਸਿੰਘ ਸੰਧੂ, ਆਦਿ ਹਾਜਰ ਸਨ।

# ਕਿਸਾਨ ਸੇਵਾ ਅਪਣਾਉਂਦੇ ਹੋਏ ਸੂਬੇ ਦੀ ਮੰਡੀਆਂ ਨੂੰ ਬਨਾਉਣ ਰੋਲ ਮਾਡਲ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

## ➢ ਆਧੁਨਿਕ, ਪਾਰਦਰਸ਼ੀ ਅਤੇ ਕਿਸਾਨ ਹਿਤੇਸ਼ੀ ਮੰਡੀ ਵਿਵਸਥਾ ਬਨਾਉਣ ➢ ਫਸਲ ਖਰੀਦ ਲਈ 12 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ 1 ਲੱਖ 64 ਹਜਾਰ ਕਰੋੜ ਰੁਪਏ ਪਾਏ

**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨ ਸੇਵਾ ਨੂੰ ਵਿਕਲਪ ਦੱਸਦੇ ਹੋਏ ਸੂਬੇ ਦੀ ਮੰਡੀਆਂ ਨੂੰ ਅਜਿਹਾ ਮਾਡਲ ਬਨਾਉਣ ਜਿਸ ਦਾ ਅਨੁਸਰਣ ਪੂਰਾ ਦੇਸ਼ ਕਰੇ। ਇਸ ਤੋਂ ਇਲਾਵਾ, ਮੰਡੀ ਫੀਸ ਵਸੂਲੀ, ਵਿਵਹਾਰ ਵਿੱਚ ਸੌ-ਫੀਸਦੀ ਇਮਾਨਦਾਰੀ ਵਰਤਣ ਅਤੇ ਕਿਸਾਨਾਂ ਦਾ ਭਰੋਸਾ ਬਨਾਉਣ। ਇਸ ਦੇ ਨਾਲ ਹੀ ਮੰਡੀਆਂ ਨੂੰ ਦੇਸ਼ ਦੀ ਸੱਭ ਤੋਂ ਆਧੁਨਿਕ, ਪਾਰਦਰਸ਼ੀ ਅਤੇ ਕਿਸਾਨ ਹਿਤੇਸ਼ੀ ਮੰਡੀ ਵਿਵਸਥਾ ਬਣਾਈ ਜਾਵੇ।

ਮੁੱਖ ਮੰਤਰੀ ਮਾਰਕਟਿੰਗ ਬੋਰਡ ਦੇ ਨਵੇਂ ਨਿਯੁਕਤ ਅਧਿਕਾਰੀਆਂ ਦੇ ਨਾਲ ਆਯੋਜਿਤ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਮਾਰਕਿਟ ਕਮੇਟੀਆਂ ਦੇ ਚੇਅਰਮੈਨ ਅਤੇ ਵਾਇਸ ਚੇਅਰਮੈਨ ਤੋਂ ਇਲਾਵਾ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ, ਸੰਗਠਨ ਮਹਾਮੰਤਰੀ ਫਨੀਂਦਰ ਨਾਥ ਸ਼ਰਮਾ, ਸੂਬਾ ਮਹਾਮੰਤਰੀ ਸੁਰੇਂਦਰ ਪੁਨਿਆ, ਡਾ. ਅਰਚਣਾ ਗੁਪਤਾ, ਮੁੱਖ ਮੰਤਰੀ ਦੇ ਓਐਸਡੀ ਬੀਬੀ ਭਾਰਤੀ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਮਾਰਕਟਿੰਗ ਬੋਰਡ ਦੇ ਅਧਿਕਾਰੀਆਂ ਦੀ ਨੀਂਹ ਅੰਨਦਾਤਾ ਦੀ ਖੁਸ਼ਹਾਲੀ ਅਤੇ ਸੂਬੇ ਦੀ ਅਰਥਵਿਵਸਥਾ ਦੀ ਮਜਬੂਤੀ ਟਿਕੀ ਹੋਈ ਹੈ। ਮੰਡੀ ਵਿਵਸਥਾ ਕਿਸਾਨਾਂ ਦੇ ਪਸੀਨੇ ਦੀ ਕਮਾਈ ਨੂੰ ਸਹੀ ਮੁੱਲ ਅਤੇ ਸਨਮਾਨ ਦਿਵਾਉਣ ਦਾ ਸੱਭ ਤੋਂ ਮਹਤੱਵਪੂਰਣ ਮਾਧਿਅਮ ਹੈ ਜਿਸ ਨਾਲ ਕਿਸਾਨ ਮਜਬੂਤ ਹੋਵੇਗਾ ਤਾਂ ਹਰਿਆਣਾ ਸੂਬਾ ਮਜਬੂਤ ਹੁੰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮਾਰਕਿਟ ਕਮੇਈਆਂ ਸਿਰਫ ਸਰਕਾਰੀ ਦਫਤਰ ਨਹੀਂ ਹਨ, ਸਗੋਂ ਗ੍ਰਾਮੀਣ ਅਰਥਵਿਵਸਥਾ ਦੇ ਸ਼ਕਤੀ ਕੇਂਦਰ ਹਨ। ਇਸ ਲਈ ਸੱਭ ਤੋਂ ਵੱਡੀ ਜਿਮੇਵਾਰੀ ਮੰਡੀਆਂ ਦਾ ਸਹੀ ਪ੍ਰਬੰਧਨ ਕਰਨਾ ਹੈ। ਨਾਲ ਹੀ, ਕਿਸਾਨ ਅਤੇ ਵਪਾਰੀ ਦੇ ਆਪਸੀ ਸਬੰਧਾਂ ਨੂੰ ਹੋਰ ਵੱਧ ਭਰੋਸੇਯੋਗ ਤੇ ਮਜਬੂਤ ਬਨਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀਆਂ ਵਿੱਚ ਅਜਿਹੀ ਵਿਵਸਥਾ ਬਨਾਉਣਾ ਹੈ ਜਿੱਥੇ ਕਿਸਾਨ ਨੂੰ ਉਪਜ ਲਿਆਉਂਦੇ ਹੀ ਸਹੀ ਮਾਪ, ਮੁੱਲ ਅਤੇ ਸਮੇਂ 'ਤੇ ਭੁਗਤਾਨ ਮਿਲੇ ਅਤੇ ਵਪਾਰੀ ਨੂੰ ਗੁਣਵੱਤਾਪੂਰਣ ਉਤਪਾਦ ਅਤੇ ਵਪਾਰ ਕਰਨ ਦਾ ਬਿਹਤਰ ਮਾਹੌਲ ਮਿਲੇ।

ਮੁੱਖ ਮੰਤਰੀ ਨੇ ਕਿਹਾ ਕਿ ਮਾਰਕਿਟ ਕਮੇਟੀਆਂ ਨੇ ਪਿਛਲੇ ਕੁੱਝ ਸਾਲਾਂ ਵਿੱਚ ਡਿਜੀਟਲ ਕ੍ਰਾਂਤੀ ਨੂੰ ਅਪਨਾਉਣ ਵਿੱਚ ਸ਼ਲਾਘਾਯੋਗ ਕੰਮ



ਕੀਤਾ ਹੈ। ਈ-ਖਰੀਦ ਅਤੇ ਡੀਬੀਟੀ ਨੂੰ ਸਫਲਤਾਪੂਰਵਕ ਯਕੀਨੀ ਕੀਤਾ ਹੈ ਤਾਂ ਜੋ, ਕਿਸਾਨ ਦੇ ਖਾਤੇ ਵਿੱਚ ਉਸ ਦੀ ਫਸਲ ਦਾ ਪੈਸਾ ਸਿੱਧ ਅਤੇ ਸਮੇਂ 'ਤੇ ਪਹੁੰਚੇ। ਵਿਦਿਆਰਥੀਆਂ ਦੀ ਭੂਮਿਕਾ ਨੂੰ ਖਤਮ ਕਰ, ਕਿਸਾਨਾਂ ਨੂੰ ਉਸ ਦੀ ਮਿਹਨਤ ਦਾ ਪੂਰਾ ਹੱਕ ਦਿਵਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗੇਟ ਪਾਸ ਜਾਰੀ ਕਰਨ ਤੋਂ ਲੈ ਕੇ ਮੰਡੀ ਫੀਸ ਦੀ ਵਸੂਲੀ ਤੱਕ ਹਰ ਪ੍ਰਕ੍ਰਿਆ ਨੂੰ ਪੁਰੀ ਤਰ੍ਹਾ ਡਿਜੀਟਲ ਬਨਾਉਣਾ ਹੋਵੇਗਾ, ਤਾਂ ਜੋ ਕੰਮ ਵਿੱਚ ਪਾਰਦਰਸ਼ਿਤਾ ਬਣੀ ਰਹੇ। ਭ੍ਰਿਸ਼ਟਾਚਾਰ ਦੀ ਜੜ੍ਹਾਂ ਕੱਟਣ ਲਈ ਸਾਨੂੰ ਹੋਰ ਵੱਧ ਤਕਨਾਲੋਜੀ ਨੂੰ ਅਪਨਾਉਣਾ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੀ ਸਾਰੀ 24 ਫਸਲਾਂ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ 'ਤੇ ਕੀਤੀ ਜਾ ਰਹੀ ਹੈ। ਹੁਣ ਤੱਕ 12 ਲੱਖ ਕਿਸਾਨਾਂ ਦੇ ਖਾਤਿਆਂ ਵਿੱਚ ਫਸਲ ਖਰੀਦ ਦੇ 1 ਲੱਖ 64 ਹਜਾਰ ਕਰੋੜ ਰੁਪਏ ਪਾਏ ਜਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਖਰੀਫ ਸੀਜਨ 2024 ਤੋਂ ਕਿਸਾਨਾਂ ਦੀ ਫਸਲ ਖਰੀਦ ਦਾ ਪੈਸਾ ਫਸਲ ਦਾ ਗੇਟ ਪਾਸ ਕੱਟਣ ਦੇ 48 ਘੰਟੇ ਦੇ ਅੰਦਰ ਡੀਬੀਟੀ ਰਾਹੀਂ ਦਿੱਤਾ ਜਾ ਰਿਹਾ ਹੈ। ਪੂਰੇ ਸੂਬੇ ਦੀ ਮੰਡੀਆਂ ਵਿੱਚ ਸ਼ੈਫ, ਪੀਣ ਦਾ ਪਾਣੀ, ਪਖਾਨੇ ਅਤੇ ਕਿਸਾਨਾਂ ਲਈ ਰੇਸਟ ਹਾਊਸ ਮੁੱਢਲੀ ਸਹੂਲਤਾਂ ਨੂੰ ਬਿਹਤਰ ਬਨਾਉਣ ਦਾ ਕੰਮ ਤੇਜੀ ਨਾਲ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਫੱਲ-ਸਬਜੀ ਉਤਪਾਦਕ ਕਿਸਾਨਾਂ ਲਈ ਫਾਰਮ-ਗੇਟ ਦੇ ਕੋਲ ਕੋਲਡ ਸਟੋਰੇਜ ਦੀ ਵਿਵਸਥਾ ਕਰਨਾ ਸਰਕਾਰ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਨੇ ਕਿਹਾ ਕਿ ਮਾਰਕਿਟ ਕਮੇਟੀਆਂ ਦੇ ਅਧਿਕਾਰੀ ਆਪਣੇ ਖੇਤਰ ਵਿੱਚ ਪੀਪੀਪੀ ਮਾਡਲ ਤਹਿਤ ਕੋਲਡ ਸਟੋਰੇਜ ਸਥਾਪਿਤ ਕਰਨ ਦੇ ਪ੍ਰਸਤਾਵਾਂ ਨੂੰ ਪ੍ਰਾਥਮਿਕਤਾ ਦੇਣ। ਮੰਡੀਆਂ ਤੱਕ ਪਹੁੰਚਣ ਵਾਲੀ ਸੜਕਾਂ ਦੀ ਮੁਰੰਮਤ ਅਤੇ ਕਨੈਕਟੀਵਿਟੀ ਨੂੰ ਬਿਹਤਰ ਬਨਾਉਣ ਤਾਂ ਜੋ, ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਉਪਜ ਲਿਆਉਣ ਵਿੱਚ ਕੋਈ ਪਰੇਸ਼ਾਨੀ ਨਾ ਹੋਵੇ।ਮੁੱਖ ਮੰਤਰੀ ਨੇ ਕਿਹਾ ਕਿ ਮਾਰਕਿਟ ਕਮੇਟੀ ਦੇ ਕਰਮਚਾਰੀਆਂ ਦੀ ਕਾਰਜਸ਼ੈਲੀ ਅਤੇ ਵਿਵਸਥਾਵਾਂ ਮੰਡੀ ਵਿਵਸਥਾ ਦਾ ਅਸਲੀ ਚਿਹਰਾ ਹੁੰਦਾ ਹੈ। ਇਸ ਲਈ ਇਹ ਯਕੀਨੀ ਕੀਤਾ ਜਾਵੇ ਕਿ ਮਾਰਕਿਟ ਕਮੇਟੀ ਦੇ ਕਰਮਚਾਰੀ ਕਿਸਾਨ ਦੇ ਪ੍ਰਤੀ ਸੰਵੇਦਨਸ਼ੀਲ ਹੋਣ। ਉਨ੍ਹਾਂ ਨੂੰ ਨਵੀਨਤਮ ਸਰਕਾਰੀ ਨੀਤੀਆਂ, ਈ-ਪੋਰਟਲ ਦੀ ਵਰਤੋ ਅਤੇ ਕਿਸਾਨ ਤੋਂ ਨਿਰਮਤਾ ਨਾਲ ਸੰਵਾਦ ਕਰਨ ਦੀ ਸਹੀ ਸਿਖਲਾਈ ਦਿੱਤੀ ਜਾਵੇਗੀ।ਮੁੱਖ ਮੰਤਰੀ ਨੇ ਕਿਹਾ ਕਿ ਹਰਿਤ ਮੰਡੀ, ਖੁਸ਼ਹਾਲ ਕਿਸਾਨ ਨਾਮਕ ਨਵੀਂ ਪਹਿਲ ਸ਼ੁਰੂ ਕੀਤੀ ਜਾਵੇ। ਇਸ ਨਾਲ ਕਿਸਾਨ ਨੂੰ ਰਿਵਾਇਤੀ ਫਸਲਾਂ ਤੋਂ ਇਲਾਵਾ ਮੰਡੀਆਂ ਵਿੱਚ ਫੱਲ ਅਤੇ ਸਬਜੀਆਂ ਲਈ ਵੱਖ ਸੈਕਸ਼ਨ ਨੂੰ ਮਜਬੂਤ ਕਰਨਾ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਹਰ ਮੰਡੀ ਵਿੱਚ ਕਿਸਾਨ ਸਹਾਇਤਾ ਕੇਂਦਰ ਸਥਾਪਿਤ ਕਰਨ, ਜਿੱਥੇ ਸ਼ਿਕਾਇਤਾਂ ਤੁਰੰਤ ਦਰਜ ਹੋਣ ਅਤੇ ਉਨ੍ਹਾਂ ਦਾ ਸਮੇਂਬੱਧ ਢੰਗ ਨਾਲ ਹੱਲ ਯਕੀਨੀ ਕਰਨ ਤਾਂ ਜੋ ਕਿਸਾਨ ਨੂੰ ਕਿਸੇ ਵੀ ਸ਼ਿਕਾਇਤ ਲਈ ਦਫਤਰਾਂ ਦੇ ਚੱਕਰ ਨਾ ਲਗਾਉਣੇ ਪੈਣ।

ਮੁੱਖ ਮੰਤਰੀ ਨੇ ਕਿਹਾ ਕਿ ਮਾਰਕਿਟ ਕਮੇਟੀਆਂ ਵਿੱਚ ਬਿਜਲੀ ਦੀ ਜਰੂਰਤਾਂ ਨੂੰ ਪੂਰਾ ਕਰਨ ਲਈ ਸੌਰ ਉਰਜਾ ਨੂੰ ਅਪਨਾਉਣਾ ਚਾਹੀਦਾ ਹੈ। ਇਸ ਨਾਲ ਬਿਜਲੀ ਦਾ ਬਿੱਲ ਘੱਟ ਹੋਵੇਗਾ ਅਤੇ ਵਾਤਾਵਰਣ ਸਰੰਖਣ ਵਿੱਚ ਵੀ ਅਹਿਮ ਯੋਗਦਾਨ ਦਿੱਤਾ ਜਾ ਸਕੇਗਾ। ਇਸ ਤੋਂ ਇਲਾਵਾ ਹਰਿਤ ਉਰਜਾ ਨੂੰ ਪ੍ਰੋਤਸਾਹਨ ਦੇਣ ਅਤੇ ਪਾਣੀ ਦੀ ਬਰਬਾਦੀ ਰੋਕਣ ਲਈ ਮੰਡੀਆਂ ਵਿੱਚ ਜਰੂਰੀ ਰੂਪ ਨਾਲ ਰੇਨ ਵਾਟਰ ਹਾਰਵੇਸਟਿੰਗ ਸਟਰਕਚਰ ਨੂੰ ਸਥਾਪਿਤ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਕੁਦਰਤੀ ਖੇਤਰ ਕਰਨ ਵਾਲੇ ਕਿਸਾਨਾਂ ਦੀ ਉਪਜ ਵੇਚਣ ਲਹੀ ਮੰਡੀਆਂ ਵਿੱਚ ਵਿਸ਼ੇਸ਼ ਸਥਾਨ ਅਤੇ ਪ੍ਰਾਥਮਿਕਤਾ ਦਿੱਤੀ ਜਾਣੀ ਚਾਹੀਦੀ ਹੈ। ਇਹ ਭਵਿੱਖ ਦੀ ਖੇਤੀ ਹੈ ਅਤੇ ਇਸ ਨੂੰ ਬਹੁਤ ਵੱਧ ਪ੍ਰੋਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਮਹਿਲਾ ਕਿਸਾਨਾਂ ਵੱਲੋਂ ਲਿਆਈ ਗਈ ਉਪਜ ਨੂੰ ਵੇਚਣ ਅਤੇ ਮਹਿਲਾ ਵਪਾਰੀਆਂ ਲਈ ਮੰਡੀਆਂ ਵਿੱਚ ਸੁਰੱਖਿਅਤ ਸਥਾਨ ਯਕੀਨੀ ਕਰਨ ਅਤੇ ਅਰਥਵਿਵਸਥਾ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੂੰ ਵਧਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਮੰਡੀਆਂ ਵਿੱਚ ਸਵੱਛਤਾ ਬਣਾਏ ਰੱਖਣਾ ਸਾਡੀ ਸਮੂਹਿਕ ਜਿਮੇਵਾਰੀ ਹੈ। ਇਸ ਦੇ ਲਈ ਮੰਡੀਆਂ ਵਿੱਚ ਨਿਯਮਤ ਰੂਪ ਨਾਲ ਸਫਾਈ ਮੁਹਿੰਮ ਚਲਾਉਣ ਅਤੇ ਗੰਦਗੀ ਫੈਲਾਉਣ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਕਰਨ। ਸਾਫ-ਸੁਥਰੀ ਮੰਡੀ ਵਪਾਰ ਅਤੇ ਸਿਹਤ ਦੋਨਾਂ ਲਈ ਬਿਹਤਰ ਹਨ।

# ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਮੁਹਿੰਮ



**ਯਮੁਨਾਨਗਰ, 19 ਦਸੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਦੀ ਟੀਮ ਨੇ ਸ਼ਹਿਰ ਦੇ ਮੁੱਖ ਬਾਜ਼ਾਰ ਮੀਰਾ ਬਾਈ ਮਾਰਕੀਟ ਵਿੱਚ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਮੁਹਿੰਮ ਚਲਾਈ। ਮੁਹਿੰਮ ਦੌਰਾਨ ਸੀ ਐੱਸ ਆਈ ਅਨਿਲ ਨੈਨ ਨੇ ਚਾਰ ਦੁਕਾਨਦਾਰਾਂ ਦਾ ਨਾਜਾਇਜ਼ ਕਬਜ਼ਿਆਂ ਅਤੇ ਤਿੰਨ ਦਾ ਕੂੜਾ ਸੁੱਟਣ ਲਈ ਚਲਾਨ ਕੀਤਾ। ਇਹ ਕਾਰਵਾਈ ਨਗਰ ਨਿਗਮ ਕਮਿਸ਼ਨਰ ਮਹਾਂਬੀਰ ਪ੍ਰਸਾਦ ਦੇ ਨਿਰਦੇਸ਼ਾਂ 'ਤੇ ਕੀਤੀ ਗਈ। ਨਗਰ ਨਿਗਮ ਕਮਿਸ਼ਨਰ ਮਹਾਂਬੀਰ ਪ੍ਰਸਾਦ ਦੇ ਨਿਰਦੇਸ਼ਾਂ 'ਤੇ ਵਾਰਡ 1 ਤੋਂ 7 ਲਈ ਸੀ ਐੱਸ ਆਈ ਹਰਜੀਤ ਸਿੰਘ, ਵਾਰਡ 8 ਤੋਂ 15 ਲਈ ਸੀ ਐੱਸ ਆਈ ਅਨਿਲ ਨੈਨ ਅਤੇ ਵਾਰਡ 16 ਤੋਂ 22 ਲਈ ਸੀ ਐੱਸ ਆਈ ਵਿਨੋਦ ਬੇਨੀਵਾਲ ਦੀ ਅਗਵਾਈ ਹੇਠ ਕਬਜ਼ਾ ਵਿਰੋਧੀ ਦਸਤੇ ਬਣਾਏ ਗਏ ਸਨ। ਕੁਝ ਦਿਨ ਪਹਿਲਾਂ ਨਗਰ ਨਿਗਮ ਦੀ ਟੀਮ ਨੇ ਮੀਰਾ ਬਾਈ ਮਾਰਕੀਟ ਤੋਂ ਕਬਜ਼ੇ ਹਟਾਏ ਸਨ, ਜਿੱਥੇ ਸੀ ਐੱਸ ਆਈ ਅਨਿਲ ਨੈਨ ਨੇ ਦੁਕਾਨਦਾਰਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਹ ਦੁਬਾਰਾ ਕਬਜ਼ਾ ਕਰਦੇ ਹਨ ਤਾਂ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਸਾਮਾਨ ਜ਼ਬਤ ਕੀਤਾ ਜਾਵੇਗਾ।

ਦੇਰ ਸ਼ਾਮ ਅਨਿਲ ਨੈਨ ਦੀ ਅਗਵਾਈ ਵਿੱਚ ਇੱਕ ਨਗਰ ਨਿਗਮ ਦੀ ਟੀਮ ਮੀਰਾ ਬਾਈ ਮਾਰਕੀਟ ਵਾਪਸ ਆਈ । ਟੀਮ ਨੇ ਵਰਕਸ਼ਾਪ ਰੋਡ ਤੋਂ ਮੀਰਾ ਬਾਈ ਮਾਰਕੀਟ ਤੱਕ ਕਬਜ਼ੇ ਹਟਾਉਣੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਚਾਰ ਦੁਕਾਨਦਾਰਾਂ ਨੂੰ ਕਬਜ਼ੇ ਕਰਨ ਲਈ ਚਲਾਨ ਜਾਰੀ ਕੀਤੇ ਅਤੇ ਉਨ੍ਹਾਂ ਦਾ ਸਾਮਾਨ ਜ਼ਬਤ ਕਰ ਲਿਆ। ਇਸ ਤੋਂ ਇਲਾਵਾ ਬਾਜ਼ਾਰ ਵਿੱਚ ਕੁਝ ਦੁਕਾਨਦਾਰਾਂ ਨੇ ਖੁੱਲ੍ਹੇਆਮ ਕੂੜਾ ਸੁੱਟ ਦਿੱਤਾ ਸੀ ਇਸ ਲਈ ਤਿੰਨ ਦੁਕਾਨਦਾਰਾਂ ਦੇ ਚਲਾਨ ਕੀਤੇ।

# ਚੋਣ ਅਬਜਰਵਰ ਲਵਜੀਤ ਕਲਸੀ ਨੇ ਸਟਰਾਂਗ ਰੂਮਾਂ ਦਾ ਦੌਰਾ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਤਰਨ ਤਾਰਨ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲਾ ਪਰਿਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਲਈ ਜ਼ਿਲਾ ਤਰਨ ਤਾਰਨ ਵਿੱਚ ਨਿਯੁਕਤ ਕੀਤੇ ਚੋਣ ਅਬਜਰਵਰ ਸ੍ਰੀਮਤੀ ਲਵਜੀਤ ਕਲਸੀ, ਪੀਸੀਐਸ ਵੱਲੋਂ ਬੀਤੀ ਦੇਰ ਸ਼ਾਮ ਜ਼ਿਲ੍ਹੇ ਦੇ ਵੱਖ-ਵੱਖ ਸਟਰਾਂਗ ਰੂਮਾਂ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਗਿਆ। ਜ਼ਿਲਾ ਤਰਨ ਤਾਰਨ ਵਿੱਚ ਬਣਾਏ ਗਏ ਸਟਰਾਂਗ ਰੂਮਾਂ ਵਿੱਚ ਸਖਤ ਸੁਰੱਖਿਆ ਪਹਿਰੇ ਹੇਠ ਬੈਲਟ ਬਕਸੇ ਰੱਖੇ ਗਏ ਹਨ ਅਤੇ ਇਹਨਾਂ ਸਟਰਾਂਗ ਰੂਮਾਂ ਨੂੰ ਉਮੀਦਵਾਰਾਂ ਦੀ ਹਾਜ਼ਰੀ ਵਿੱਚ ਸੀਲ ਬੰਦ ਕੀਤਾ ਗਿਆ ਹੈ।

ਚੋਣ ਅਬਜਰਵਰ ਸ੍ਰੀਮਤੀ ਕਲਸੀ ਵੱਲੋਂ ਬੀਤੀ ਦੇਰ ਸ਼ਾਮ ਵੱਖ-ਵੱਖ ਸਟਰਾਂਗ ਰੂਮਾਂ ਦਾ ਦੌਰਾ ਕਰਕੇ ਉਥੇ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਉੱਪਰ ਤਸੱਲੀ ਜ਼ਾਹਿਰ ਕੀਤੀ।

ਉਨ੍ਹਾਂ ਦੱਸਿਆ ਕਿ ਬੈਲਟ ਬਕਸੇ ਬਲਾਕ-ਵਾਈਜ਼ ਬਣਾਏ ਗਏ ਵੱਖ-ਵੱਖ 8 ਸਟਰਾਂਗ ਰੂਮਾਂ ਵਿੱਚ ਸਖਤ ਨਿਗਰਾਨੀ ਹੇਠ ਰੱਖੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਪੰਚਾਇਤ ਸੰਮਤੀ ਤਰਨ ਤਾਰਨ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਕਾਲਜ, ਨੂਰਦੀ ਰੋਡ, ਤਰਨ ਤਾਰਨ ਵਿਖੇ ਬਣਾਇਆ ਗਿਆ ਹੈ।

ਪੰਚਾਇਤ ਸੰਮਤੀ ਖਡੂਰ ਸਾਹਿਬ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਕਾਲਜ, (ਖੱਬਾ ਪਾਸਾ) ਖਡੂਰ ਸਾਹਿਬ, ਪੰਚਾਇਤ ਸੰਮਤੀ ਚੋਹਲਾ ਸਾਹਿਬ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ, ਚੋਹਲਾ ਸਾਹਿਬ, ਪੰਚਾਇਤ ਸੰਮਤੀ ਨਾਗੋਕੇ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਕਾਲਜ (ਸੱਜਾ ਪਾਸਾ), ਖਡੂਰ ਸਾਹਿਬ, ਪੰਚਾਇਤ ਸੰਮਤੀ ਪੱਟੀ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਗੋਬਿੰਦ ਸਿੰਘ ਸਰਕਾਰੀ ਹਾਈ ਸਕੂਲ (ਲੜਕੇ) ਕੈਰੋਂ, ਪੰਚਾਇਤ ਸੰਮਤੀ ਨੌਸ਼ਹਿਰਾ ਪੰਨੂਆਂ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸਕੈਂਡਰੀ ਸਕੂਲ (ਲੜਕੇ) ਸਰਹਾਲੀ ਕਲਾਂ, ਪੰਚਾਇਤ ਸੰਮਤੀ ਭਿੱਖੀਵਿੰਡ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਬਹੁ-ਤਕਨੀਕੀ ਕਾਲਜ ਅਤੇ ਪੰਚਾਇਤ ਸੰਮਤੀ ਵਲਟੋਹਾ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ (ਲੜਕੀਆਂ) ਆਦਰਸ਼, ਵਲਟੋਹਾ ਵਿਖੇ ਬਣਾਇਆ ਗਿਆ ਹੈ ਅਤੇ ਇਨ੍ਹਾਂ ਥਾਵਾਂ ਤੇ ਹੀ 17 ਦਸੰਬਰ 2025 ਨੂੰ ਵੋਟਾਂ ਦੀ ਗਿਣਤੀ ਹੋਵੇਗੀ।

ਇਸ ਮੌਕੇ ਉਹਨਾਂ ਨਾਲ ਐਸਡੀਐਮ ਤਰਨ ਤਾਰਨ ਸ੍ਰੀ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਪੰਜਵੀਂ ਜਮਾਤ ਤਕ ਲਾਗੂ ਰਹਿਣਗੇ ਹੁਕਮ; ਹਾਈਬ੍ਰਿਡ ਮੋਡ 'ਤੇ ਚਲ ਰਹੇ ਸਨ ਸਕੂਲ



**ਨਵੀਂ ਦਿੱਲੀ, 19 ਦਸੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਰਾਜਧਾਨੀ ਵਿਚ ਪ੍ਰਦੂਸ਼ਣ ਦਾ ਪੱਧਰ ਬੇਹੱਦ ਗੰਭੀਰ ਹਾਲਤ ਵਿਚ ਪੁੱਜ ਗਿਆ ਹੈ ਜਿਸ ਕਾਰਨ ਦਿੱਲੀ ਸਰਕਾਰ ਨੇ ਸਕੂਲਾਂ ਨੂੰ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਹਾਈਬ੍ਰਿਡ ਮੋਡ ਤੋਂ ਆਨਲਾਈਨ ਮੋਡ ਵਿੱਚ ਤਬਦੀਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਦੱਸਣਾ ਬਣਦਾ ਹੈ ਕਿ ਹਾਈਬ੍ਰਿਡ ਮੋਡ ਅਨੁਸਾਰ ਸਕੂਲਾਂ ਦੀ ਮਰਜ਼ੀ ਹੁੰਦੀ ਹੈ, ਉਹ ਵਿਦਿਆਰਥੀਆਂ ਨੂੰ ਆਨਲਾਈਨ ਵੀ ਪੜ੍ਹਾ ਸਕਦੇ ਹਨ ਤੇ ਲੋੜ ਪੈਣ 'ਤੇ ਵਿਦਿਆਰਥੀਆਂ ਨੂੰ ਸਕੂਲ ਵੀ ਸੱਦ ਸਕਦੇ ਹਨ।

ਦਿੱਲੀ ਵਿਚ ਪਿਛਲੇ ਹਫਤੇ ਤੋਂ ਪ੍ਰਦੂਸ਼ਣ ਵਧ ਰਿਹਾ ਹੈ ਤੇ ਇੱਥੇ ਧੂੰਏਂ ਦੀ ਸੰਘਣੀ ਚਾਦਰ ਛਾਈ ਰਹਿੰਦੀ ਹੈ ਜਿਸ ਕਾਰਨ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਘੇਰ ਰਹੀਆਂ ਹਨ। ਇਕ ਰਿਪੋਰਟ ਅਨੁਸਾਰ ਹਸਪਤਾਲਾਂ ਵਿਚ ਸਾਹ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਵਧ ਗਈਆਂ ਹੈ। ਇਸ ਤੋਂ ਇਲਾਵਾਂ ਪ੍ਰਦੂਸ਼ਣ ਕਾਰਨ ਲੋਕਾਂ ਦੇ ਪਾਲਤੂ ਜਾਨਵਰਾਂ ਨੂੰ ਵੀ ਕਈ ਸਮੱਸਿਆਵਾਂ ਆ ਰਹੀਆਂ ਹਨ ਕੌਮੀ ਰਾਜਧਾਨੀ ਦਿੱਲੀ ਵਿਚ ਪ੍ਰਦੂਸ਼ਣ ਦਾ ਪੱਧਰ ਬਹੁਤ ਵੱਧ ਗਿਆ ਹੈ। ਇੱਥੇ ਏ ਕਿਊ ਆਈ 498 ਦਰਜ ਕੀਤਾ ਗਿਆ ਹੈ ਜੋ ਗੰਭੀਰ ਸ਼੍ਰੇਣੀ ਵਿੱਚ ਆਉਂਦਾ ਹੈ। ਦਿੱਲੀ ਵਿੱਚ 38 ਨਿਗਰਾਨੀ ਕੇਂਦਰਾਂ 'ਤੇ ਹਵਾ ਦੀ ਗੁਣਵੱਤਾ 'ਗੰਭੀਰ' ਸ਼੍ਰੇਣੀ ਵਿੱਚ ਦਰਜ ਕੀਤੀ ਗਈ। ਜਹਾਂਗੀਰਪੁਰੀ ਵਿੱਚ 498 ਦਾ ਏ ਕਿਊ ਆਈ ਦਰਜ ਕੀਤਾ ਗਿਆ। ਵਜ਼ੀਰਪੁਰ ਹਵਾ ਗੁਣਵੱਤਾ ਨਿਗਰਾਨੀ ਸਟੇਸ਼ਨ ਨੇ ਦਿਨ ਦੌਰਾਨ ਵੱਧ ਤੋਂ ਵੱਧ ਏ ਕਿਊ ਆਈ 500 ਦਰਜ ਕੀਤਾ। ਕੌਮੀ ਰਾਜਧਾਨੀ ਵਿਚ ਅੱਜ ਵੀ ਸੰਘਣੀ ਧੁੰਦ ਰਹੀ ਤੇ ਇੱਥੇ ਸੰਘਣੀ ਧੁੰਦ ਲਈ ਓਰੈਂਜ ਅਲਰਟ ਜਾਰੀ ਕੀਤਾ ਗਿਆ ਹੈ। ਦਿੱਲੀ ਤੋ ਇਲਾਵਾ ਇਸ ਦੇ ਨਾਲ ਦੇ ਖੇਤਰਾਂ ਵਿਚ ਵੀ ਏ ਕਿਊ ਆਈ ਸਾਢੇ ਚਾਰ ਸੌ ਤੋਂ ਉਤੇ ਦਰਜ ਕੀਤਾ ਗਿਆ।

ਕੌਮੀ ਰਾਜਧਾਨੀ ਵਿਚ ਪ੍ਰਦੂਸ਼ਣ ਦਾ ਪੱਧਰ ਦੋ ਦਿਨ ਪਹਿਲਾਂ ਵਧ ਗਿਆ ਸੀ ਜਿਸ ਕਾਰਨ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ (CAQM) ਨੇ ਗ੍ਰੇਡਿਡ ਰਿਸਪਾਂਸ ਐਕਸ਼ਨ ਪਲਾਨ (GRAP-IV) ਦੇ ਚੌਥੇ ਪੜਾਅ ਤਹਿਤ ਪਾਬੰਦੀਆਂ ਲਾ ਦਿੱਤੀਆਂ ਸਨ। ਦਿੱਲੀ ਵਿੱਚ ਜ਼ਹਿਰੀਲੇ ਧੂੰਏਂ ਦੀ ਚਾਦਰ ਛਾਈ ਹੋਈ ਹੈ। ਜ਼ਿਕਰਯੋਗ ਹੈ ਕਿ ਲੋਕਾਂ ਨੇ ਦਿੱਲੀ ਵਿਚ ਪ੍ਰਦੂਸ਼ਣ ਵਧਣ ਤੇ ਸਰਕਾਰ ਦੇ ਇਸ ਨਾਲ ਨਾ ਨਜਿੱਠਣ ਨੂੰ ਲੈ ਕੇ ਪ੍ਰਦਰਸ਼ਨ ਵੀ ਕੀਤਾ ਸੀ।

# ਚਰਖੀ ਦਾਦਰੀ ਵਿਚ ਰੋਡਵੇਜ਼ ਦੀ ਬੱਸ ਤੇ ਸਕੂਲ ਬੱਸ ਦੀ ਟੱਕਰ

**ਚਰਖੀ ਦਾਦਰੀ, 19 ਦਸੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਚਰਖੀ ਦਾਦਰੀ ਜ਼ਿਲ੍ਹੇ ਵਿਚ ਐਤਵਾਰ ਸਵੇਰੇ ਦਾਦਰੀ-ਬਿਰੋਹੜ ਰੋਡ 'ਤੇ ਪਿੰਡ ਭਾਗਵੀ ਨੇੜੇ ਹਰਿਆਣਾ ਰੋਡਵੇਜ਼ ਦੀ ਬੱਸ ਤੇ ਇਕ ਨਿੱਜੀ ਸਕੂਲ ਬੱਸ ਦੀ ਆਹਮੋ ਸਾਹਮਣੀ ਜ਼ੋਰਦਾਰ ਟੱਕਰ ਹੋ ਗਈ। ਹਾਦਸਾ ਇੰਨਾ ਜ਼ਬਰਦਸਤ ਸੀ ਕਿ ਰੋਡਵੇਜ਼ ਬੱਸ ਦੀ ਟੱਕਰ ਨਾਲ ਨਿੱਜੀ ਸਕੂਲ ਬੱਸ ਦੇ ਪਰਖੱਖੇ ਉੱਡ ਗਏ।



ਇਸ ਦਰਦਨਾਕ ਹਾਦਸੇ ਵਿੱਚ ਦਾਦਰੀ ਸ਼ਹਿਰ ਦੇ ਆਰੀਅਨ ਸਕੂਲ ਵਿੱਚ 11ਵੀਂ ਜਮਾਤ ਦੀ ਵਿਦਿਆਰਥਣ ਇਸ਼ੀਕਾ (ਪੁੱਤਰੀ ਵਿਜੈ ਕੁਮਾਰ) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ 18 ਹੋਰ ਸਕੂਲੀ ਵਿਦਿਆਰਥਣਾਂ ਗੰਭੀਰ ਜ਼ਖਮੀ ਹੋ ਗਈਆਂ। ਇਸ ਤੋਂ ਇਲਾਵਾ ਤਿੰਨ ਅਧਿਆਪਕ, ਰੋਡਵੇਜ਼ ਬੱਸ ਅਤੇ ਸਕੂਲ ਬੱਸ ਦੇ ਡਰਾਈਵਰ ਅਤੇ ਕੰਡਕਟਰ ਅਤੇ ਦੋ ਹੋਰ ਸਵਾਰੀਆਂ ਵੀ ਜ਼ਖਮੀ ਹੋ ਗਈਆਂ।ਜਾਣਕਾਰੀ ਅਨੁਸਾਰ ਆਰੀਅਨ ਸਕੂਲ ਦੀ ਬੱਸ ਬੱਚਿਆਂ ਨੂੰ ਪ੍ਰਤਾਪਗੜ੍ਹ ਦੇ ਵਿਦਿਅਕ ਦੌਰੇ 'ਤੇ ਲੈ ਕੇ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ। ਟੱਕਰ ਕਾਰਨ ਘਟਨਾ ਸਥਾਨ 'ਤੇ ਹਫੜਾ-ਦਫੜੀ ਮਚ ਗਈ। ਸਥਾਨਕ ਲੋਕਾਂ ਨੇ ਫੌਰੀ ਪੁਲੀਸ ਤੇ ਐਂਬੂਲੈਂਸ ਨੂੰ ਸੂਚਿਤ ਕੀਤਾ।

ਹਾਦਸੇ ਮਗਰੋਂ ਜ਼ਖ਼ਮੀਆਂ ਨੂੰ ਦਾਦਰੀ ਸਿਵਲ ਹਸਪਤਾਲ ਅਤੇ ਦੋ ਨਿੱਜੀ ਹਸਪਤਾਲਾਂ ਵਿੱਚ ਇਲਾਜ ਲਈ ਦਾਖਲ ਕਰਵਾਇਆ ਗਿਆ। ਜ਼ਖਮੀਆਂ ਦੇ ਪਰਿਵਾਰਕ ਮੈਂਬਰ ਵੀ ਹਸਪਤਾਲ ਪਹੁੰਚ ਗਏ ਹਨ। ਮ੍ਰਿਤਕ ਵਿਦਿਆਰਥਣ ਇਸ਼ਿਕਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਦਾਦਰੀ ਸਿਵਲ ਹਸਪਤਾਲ ਵਿੱਚ ਰੱਖਿਆ ਗਿਆ ਹੈ।

ਘਟਨਾ ਦੀ ਜਾਣਕਾਰੀ ਮਿਲਣ 'ਤੇ ਡੀਐਸਪੀ ਹੈੱਡਕੁਆਰਟਰ ਧੀਰਜ ਕੁਮਾਰ, ਦਾਦਰੀ ਅਤੇ ਝੱਜਰ ਪੁਲੀਸ ਨਾਲ ਘਟਨਾ ਸਥਾਨ ਅਤੇ ਹਸਪਤਾਲ ਪਹੁੰਚੇ। ਇਸ ਦੌਰਾਨ ਸੀਟੀਐਮ ਪ੍ਰੀਤੀ ਰਾਵਲ ਵੀ ਜ਼ਖ਼ਮੀਆਂ ਦੀ ਹਾਲਤ ਬਾਰੇ ਪੁੱਛਗਿੱਛ ਕਰਨ ਲਈ ਸਿਵਲ ਹਸਪਤਾਲ ਪਹੁੰਚੀ। ਪੁਲੀਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਨੇ ਜ਼ਖਮੀਆਂ ਲਈ ਹਰ ਸੰਭਵ ਵਧੀਆ ਇਲਾਜ ਦਾ ਭਰੋਸਾ ਦਿੱਤਾ ਹੈ ਅਤੇ ਸਥਿਤੀ ਦੀ ਨਿਗਰਾਨੀ ਕਰ ਰਿਹਾ ਹੈ।

# ਧੁੰਦ ਕਰਕੇ 30 ਤੋਂ ਵੱਧ ਵਾਹਨ ਟਕਰਾਏ, ਦੋ ਮੌਤਾਂ

**ਮਹਿਮ (ਰੋਹਤਕ), 19 ਦਸੰਬਰ**
**--ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਮਹਿਮ ਵਿਚ ਹਿਸਾਰ ਦਿੱਲੀ ਤੇ ਰੋਹਤਕ ਭਿਵਾਨੀ ਰੋਡ ਦੇ ਚੌਰਾਹੇ 'ਤੇ ਐਤਵਾਰ ਸਵੇਰੇ ਧੁੰਦ ਕਰਕੇ 30 ਤੋਂ ਵੱਧ ਵਾਹਨ ਆਪਸ ਵਿਚ ਟਕਰਾ ਗਏ। ਹਾਦਸੇ ਵਿਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ ਔਰਤਾਂ ਤੇ ਬੱਚਿਆਂ ਸਮੇਤ 24 ਹੋਰ ਜ਼ਖਮੀ ਹੋ ਗਏ, ਜੋ ਰੋਹਤਕ ਪੀਜੀਆਈ ਤੇ ਵੱਖ ਵੱਖ ਹਸਪਤਾਲਾਂ ਵਿਚ ਜ਼ੇਰੇ ਇਲਾਜ ਹਨ। ਹਾਦਸੇ ਬਾਰੇ ਪਤਾ ਲੱਗਦੇ ਹੀ ਪੁਲੀਸ ਟੀਮਾਂ ਤੇ ਨੇੜਲੇ ਪਿੰਡਾਂ ਦੇ ਲੋਕ ਮੌਕੇ 'ਤੇ ਪਹੁੰਚੇ ਅਤੇ ਬਚਾਅ ਕਾਰਜ ਸ਼ੁਰੂ ਕੀਤਾ। ਮ੍ਰਿਤਕਾਂ ਦੀ ਪਛਾਣ ਚਰਖੀ ਦਾਦਰੀ ਦੇ ਆਸ਼ੀਸ਼ (30) ਅਤੇ ਜੀਂਦ ਦੇ ਸੋਹਣ ਲਾਲ (35) ਵਜੋਂ ਹੋਈ ਹੈ।



ਜਾਣਕਾਰੀ ਅਨੁਸਾਰ ਸੰਘਣੀ ਧੁੰਦ ਕਾਰਨ ਐਤਵਾਰ ਸਵੇਰੇ ਗ੍ਰੀਨ ਐਕਸਪ੍ਰੈਸਵੇਅ 1524 'ਤੇ ਭਿਆਨਕ ਸੜਕ ਹਾਦਸਾ ਵਾਪਰਿਆ। ਹਿਸਾਰ-ਦਿੱਲੀ ਅਤੇ ਰੋਹਤਕ-ਭਿਵਾਨੀ ਸੜਕਾਂ ਦੇ ਕਰਾਸਿੰਗ ਵਿਚਕਾਰ 30 ਤੋਂ ਵੱਧ ਵਾਹਨ ਇੱਕ ਤੋਂ ਬਾਅਦ ਇੱਕ ਟਕਰਾ ਗਏ। ਇਸ ਦੁਖਦਾਈ ਹਾਦਸੇ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦਰਜਨਾਂ ਜ਼ਖਮੀ ਹੋ ਗਏ।

ਚਸ਼ਮਦੀਦਾਂ ਅਨੁਸਾਰ ਅੱਜ ਸਵੇਰੇ ਐਕਸਪ੍ਰੈਸਵੇਅ 'ਤੇ ਦਿਸਣ ਹੱਦ ਬਹੁਤ ਘੱਟ ਸੀ। ਧੁੰਦ ਕਾਰਨ ਡਰਾਈਵਰ ਅੱਗੇ ਵਾਹਨਾਂ ਨੂੰ ਨਹੀਂ ਦੇਖ ਸਕੇ, ਜਿਸ ਕਾਰਨ ਅਚਾਨਕ ਬ੍ਰੇਕ ਲਗਾਈ ਗਈ ਤੇ ਪਿੱਛਿਓਂ ਆ ਰਹੇ ਵਾਹਨਾਂ ਨਾਲ ਟਕਰਾ ਗਏ। ਇਸ ਕਾਰਨ ਲੰਮਾ ਟਰੈਫਿਕ ਜਾਮ ਹੋ ਗਿਆ। ਹਾਦਸੇ ਦੀ ਜਾਣਕਾਰੀ ਮਿਲਦੇ ਹੀ ਪੁਲੀਸ ਮੌਕੇ 'ਤੇ ਪਹੁੰਚੀ। ਨੇੜਲੇ ਪਿੰਡ ਵਾਸੀਆਂ ਨੇ ਵੀ ਬਚਾਅ ਅਤੇ ਰਾਹਤ ਕਾਰਜਾਂ ਵਿੱਚ ਸਹਾਇਤਾ ਕੀਤੀ। ਜ਼ਖਮੀਆਂ ਨੂੰ ਤੁਰੰਤ ਐਂਬੂਲੈਂਸ ਰਾਹੀਂ ਪੀਜੀਆਈ ਰੋਹਤਕ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਕਈਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

ਪੁਲੀਸ ਨੇ ਮ੍ਰਿਤਕਾਂ ਦੀਆਂ ਲਾਸ਼ਾਂ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀਆਂ ਹਨ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਘਟਨਾ ਤੋਂ ਬਾਅਦ, ਐਕਸਪ੍ਰੈਸਵੇਅ 'ਤੇ ਲੰਬੇ ਸਮੇਂ ਲਈ ਆਵਾਜਾਈ ਵਿੱਚ ਵਿਘਨ ਪਿਆ ਸੀ, ਜਿਸ ਨੂੰ ਪੁਲੀਸ ਨੇ ਨੁਕਸਾਨੇ ਗਏ ਵਾਹਨਾਂ ਨੂੰ ਹਟਾਉਣ ਤੋਂ ਬਾਅਦ ਹੌਲੀ-ਹੌਲੀ ਬਹਾਲ ਕਰ ਦਿੱਤਾ।

ਪ੍ਰਸ਼ਾਸਨ ਨੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਘਟਨਾਵਾਂ ਤੋਂ ਬਚਣ ਲਈ ਧੁੰਦ ਦੌਰਾਨ ਐਕਸਪ੍ਰੈਸਵੇਅ ਅਤੇ ਹਾਈਵੇਅ 'ਤੇ ਯਾਤਰਾ ਕਰਦੇ ਸਮੇਂ ਰਫ਼ਤਾਰ 'ਤੇ ਕੰਟਰੋਲ ਬਣਾ ਕੇ ਰੱਖਣ ਅਤੇ ਫੋਗ ਲਾਈਟਾਂ ਦੀ ਵਰਤੋਂ ਕਰਨ।

# ਰੁਕਮਣੀ ਸਕੂਲ ਵਿੱਚ ਕਾਰਨੀਵਲ

**ਸ਼ਾਹਬਾਦ ਮਾਰਕੰਡਾ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਤਾ ਰੁਕਮਣੀ ਰਾਏ ਆਰੀਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਕਾਰਨੀਵਲ ਮੇਲਾ ਲਾਇਆ ਗਿਆ ਜਿਸ ਦਾ ਉਦਘਾਟਨ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਦੀਪ ਗੁਪਤਾ, ਮੀਤ ਪ੍ਰਧਾਨ ਰਮਨ ਕਾਂਤਾ ਤੇ ਪ੍ਰਬੰਧਕ ਰਾਮ ਲਾਲ ਬੰਸਲ ਨੇ ਕੀਤਾ। ਸਮਾਗਮ ਵਿੱਚ ਵੱਖ ਵੱਖ ਸੰਸਥਾਵਾਂ ਦੇ ਮੁਖੀਆਂ ਮਾਤਾ ਰੁਕਮਣੀ ਸਕੂਲ ਖਰੀਂਡਵਾ ਦੀ ਪ੍ਰਿੰਸੀਪਲ ਬਿਬਨਦੀਪ ਕੌਰ, ਆਰੀਆ ਕੰਨਿਆ ਕਾਲਜ ਦੀ ਪ੍ਰਿੰਸੀਪਲ ਡਾ. ਆਰਤੀ ਤਰੇਹਨ ਤੇ ਪ੍ਰਿੰਸੀਪਲ ਆਸ਼ੀਮਾ ਬੱਤਰਾ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਆਏ ਮਹਿਮਾਨਾਂ ਨੇ ਇਸ ਮੇਲੇ ਦੇ ਸ਼ਾਨਦਾਰ ਪ੍ਰਬੰਧਾਂ ਦੀ ਸਕੂਲ ਪ੍ਰਬੰਧਨ ਨੂੰ ਵਧਾਈ ਦਿੱਤੀ। ਸਕੂਲ ਦੀ ਪ੍ਰਿੰਸੀਪਲ ਡਾ. ਅੰਜੂ ਪਰਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੇਲੇ ਵਿਚ ਕਈ ਤਰ੍ਹਾਂ ਦੀਆਂ ਦਿਲਚਸਪ ਗਤੀਵਿਧੀਆਂ ਸ਼ਾਮਲ ਸਨ। ਵੱਖ ਵੱਖ ਖਾਣ ਪੀਣ ਦੇ ਸਟਾਲ, ਦਿਲਚਸਪ ਖੇਡਾਂ, ਬੱਚਿਆਂ ਲਈ ਟੈਟੂ, ਜੰਪਿਗ ਗੇਮਜ਼, ਹਰਿਆਣਾ ਤੇ ਤਿਲੰਗਾਨਾ ਦੀਆਂ ਪੇਸ਼ਕਾਰੀਆਂ ਨੇ ਸਾਰਿਆਂ ਦਾ ਧਿਆਨ ਆਪਣੇ ਵਲ ਖਿੱਚਿਆ। ਸੰਗੀਤ ਤੇ ਨਾਚ ਪ੍ਰਦਰਸ਼ਨਾਂ ਨੇ ਵੀ ਸਭ ਦਾ ਮਨ ਮੋਹ ਲਿਆ। ਸਮਾਗਮ ਦੇ ਅੰਤ ਵਿਚ ਕੱਢੇ ਗਏ ਲੱਕੀ ਡਰਾਅ ਨੇ ਵਿਦਿਆਰਥੀਆਂ ਤੇ ਮਾਪਿਆਂ ਵਿਚ ਉਤਸ਼ਾਹ ਭਰ ਦਿੱਤਾ। ਸਕੂਲ ਪ੍ਰਿੰਸੀਪਲ ਡਾ. ਅੰਜੂ ਪਰਮਾਰ ਨੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਵਿਚ ਆਤਮ ਵਿਸ਼ਵਾਸ, ਲੀਡਰਸ਼ਿਪ, ਹੁਨਰ ਤੇ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਦੇ ਹਨ।

# ਬਹਾਦਰੀ ਦੀ ਵਿਰਾਸਤ: ਪੰਜਵੀਂ ਤੇ ਚੌਥੀ ਪੀੜ੍ਹੀ ਵਿੱਚੋਂ ਬਣੇ ਫੌਜੀ ਅਫਸਰ



**ਚੰਡੀਗੜ੍ਹ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਹਰਾਦੂਨ ਦੀ ਇੰਡੀਅਨ ਮਿਲਟਰੀ ਅਕੈਡਮੀ (ਆਈਐਮਏ) ਵਿਚ 525 ਨਵੇਂ ਕੈਡਿਟਾਂ ਨੂੰ ਭਾਰਤੀ ਫੌਜ ਵਿਚ ਕਮਿਸ਼ਨ ਮਿਲਿਆ ਹੈ। ਇਨ੍ਹਾਂ ਵਿੱਚੋਂ ਇੱਕ ਲੈਫਟੀਨੈਂਟ ਸਰਤਾਜ ਸਿੰਘ ਨੂੰ ਪੰਜ ਪੀੜ੍ਹੀਆਂ ਦੀ ਫੌਜੀ ਵਿਰਾਸਤ ਮਿਲਣ ਦਾ ਮਾਣ ਹਾਸਲ ਹੋਇਆ ਹੈ। ਸਰਤਾਜ ਤੋਂ ਇਲਾਵਾ ਦੋ ਜਣੇ ਹੋਰ ਹਨ, ਇਹ ਉਨ੍ਹਾਂ ਪਰਿਵਾਰਾਂ ਤੋਂ ਆਏ ਸਨ ਜਿਨ੍ਹਾਂ ਦੀਆਂ ਚਾਰ ਪੀੜ੍ਹੀਆਂ ਨੇ ਫੌਜੀ ਵਰਦੀ ਪਾਈ।

ਇਸ ਪਾਸਿੰਗ ਆਊਟ ਪਰੇਡ ਦੀ ਫੌਜ ਦੇ ਮੁਖੀ ਜਨਰਲ ਉਪੇਂਦਰ ਦਿਵੇਦੀ ਵਲੋਂ ਸਮੀਖਿਆ ਕੀਤੀ ਗਈ। ਲੈਫਟੀਨੈਂਟ ਸਰਤਾਜ ਸਿੰਘ 20 ਜਾਟ ਵਿੱਚ ਕਮਿਸ਼ਨਡ ਹੋਇਆ। ਉਸ ਦੇ ਪਿਤਾ ਬ੍ਰਿਗੇਡੀਅਰ ਉਪਿੰਦਰ ਪਾਲ ਸਿੰਘ ਦੀ ਵੀ ਇਹੀ ਯੂਨਿਟ ਸੀ। ਲੈਫਟੀਨੈਂਟ ਸਰਤਾਜ ਸਿੰਘ ਉਨ੍ਹਾਂ ਪੀੜ੍ਹੀਆਂ ਵਿਚੋਂ ਹੈ ਜਿਸ ਦੀਆਂ ਜੜ੍ਹਾਂ 1897 ਤੋਂ ਫੌਜ ਵਿਚ ਹਨ। ਉਨ੍ਹਾਂ ਦੇ ਪੁਰਖੇ ਸਿਪਾਹੀ ਕਿਰਪਾਲ ਸਿੰਘ ਨੇ 36 ਸਿੱਖ ਰੈਜੀਮੈਂਟ ਵਜੋਂ ਅਫਗਾਨ ਮੁਹਿੰਮ ਵਿੱਚ ਹਿੱਸਾ ਲਿਆ ਸੀ ਜਿਸ ਨੇ ਹਿੰਮਤ ਅਤੇ ਕੁਰਬਾਨੀ ਨਾਲ ਫੌਜੀ ਪ੍ਰੰਪਰਾ ਅੱਗੇ ਤੋਰੀ।

ਇਸ ਪ੍ਰੰਪਰਾ ਨੂੰ ਉਨ੍ਹਾਂ ਦੇ ਪੜਦਾਦਾ 2 ਫੀਲਡ ਰੈਜੀਮੈਂਟ ਦੇ ਸੂਬੇਦਾਰ ਅਜਮੇਰ ਸਿੰਘ ਨੇ ਹੋਰ ਮਜ਼ਬੂਤ ??ਕੀਤਾ ਜੋ ਦੂਜੇ ਵਿਸ਼ਵ ਯੁੱਧ ਵਿੱਚ ਬੀੜ ਹਕੀਮ ਵਿਚ ਲੜੇ ਸਨ ਅਤੇ ਬਹਾਦਰੀ ਲਈ ਬ੍ਰਿਟਿਸ਼ ਇੰਡੀਆ ਦਾ ਦੁਰਲੱਭ ਆਰਡਰ ਪ੍ਰਾਪਤ ਕੀਤਾ ਸੀ। ਉਨ੍ਹਾਂ ਦੇ ਦਾਦਾ ਜੀ ਬ੍ਰਿਗੇਡੀਅਰ ਹਰਵੰਤ ਸਿੰਘ ਨੇ 1965 ਅਤੇ 1971 ਦੀਆਂ ਭਾਰਤ-ਪਾਕਿ ਜੰਗਾਂ ਵਿੱਚ ਬਹਾਦਰੀ ਦੇ ਨਵੇਂ ਕਿੱਸੇ ਲਿਖੇ। ਉਨ੍ਹਾਂ ਦੇ ਚਾਚਾ ਕਰਨਲ ਹਰਵਿੰਦਰ ਪਾਲ ਸਿੰਘ ਨੇ 1999 ਦੇ ਕਾਰਗਿਲ ਯੁੱਧ ਦੌਰਾਨ ਸਿਆਚਿਨ ਵਿੱਚ ਪਰਿਵਾਰਕ ਪ੍ਰੰਪਰਾ ਨੂੰ ਕਾਇਮ ਰੱਖਿਆ।ਇੰਡੀਅਨ ਮਿਲਟਰੀ ਅਕੈਡਮੀ ਨੇ ਕਿਹਾ ਕਿ ਸਰਤਾਜ ਦੀ ਮਾਂ ਵਾਲੇ ਪਾਸੇ ਵੀ ਕਹਾਣੀ ਓਨੀ ਹੀ ਪ੍ਰੇਰਨਾਦਾਇਕ ਹੈ ਜਿਸ ਦੇ ਪਰਿਵਾਰ ਵਿਚੋਂ ਕੈਪਟਨ ਹਰਭਗਤ ਸਿੰਘ, ਕੈਪਟਨ ਗੁਰਮੇਲ ਸਿੰਘ (ਸੇਵਾਮੁਕਤ), ਕਰਨਲ ਗੁਰਸੇਵਕ ਸਿੰਘ (ਸੇਵਾਮੁਕਤ) ਅਤੇ ਕਰਨਲ ਇੰਦਰਜੀਤ ਸਿੰਘ ਵਰਗੇ ਅਫਸਰਾਂ ਨੇ ਪਹਿਲੇ ਵਿਸ਼ਵ ਯੁੱਧ, ਦੂਜੇ ਵਿਸ਼ਵ ਯੁੱਧ, 1971 ਦੀ ਜੰਗ ਅਤੇ ਉਸ ਤੋਂ ਬਾਅਦ ਵੀ ਇਹ ਵਰਦੀ ਸ਼ਾਨਦਾਰ ਢੰਗ ਨਾਲ ਪਾਈ। ਅਜਿਹੇ ਮਾਹੌਲ ਵਿੱਚ ਵੱਡਾ ਹੋ ਕੇ ਸਰਤਾਜ ਨੇ ਸੇਵਾ, ਅਨੁਸ਼ਾਸਨ ਅਤੇ ਦੇਸ਼ ਭਗਤੀ ਨੂੰ ਵਿਚਾਰਾਂ ਵਜੋਂ ਨਹੀਂ, ਸਗੋਂ ਜੀਵਨ ਦੇ ਇੱਕ ਢੰਗ ਵਜੋਂ ਗ੍ਰਹਿਣ ਕੀਤਾ। ਉਸ ਲਈ ਕਮਿਸ਼ਨਿੰਗ ਸਿਰਫ਼ ਇੱਕ ਨਿੱਜੀ ਮੀਲ ਪੱਥਰ ਨਹੀਂ ਹੈ; ਇਹ ਉਹ ਪਲ ਹੈ ਜਦੋਂ ਇਹ ਵਿਰਾਸਤ ਉਸ ਦੀ ਜ਼ਿੰਮੇਵਾਰੀ ਬਣ ਜਾਂਦੀ ਹੈ। ਉਸ ਦੀ ਯਾਤਰਾ ਨੌਜਵਾਨਾਂ ਨੂੰ ਯਾਦ ਦਿਵਾਉਂਦੀ ਹੈ ਕਿ ਸੱਚਾ ਸਨਮਾਨ ਨਾਮ ਰਾਹੀਂ ਵਿਰਾਸਤ ਵਿੱਚ ਨਹੀਂ ਮਿਲਦਾ, ਸਗੋਂ ਪਹਿਲਾਂ ਆਏ ਲੋਕਾਂ ਦੀਆਂ ਨੈਤਿਕ ਕਦਰਾਂ ਕੀਮਤਾਂ ਤੇ ਮਾਰੇ ਮਾਅਰਕੇ 'ਤੇ ਖਰਾ ਉਤਰ ਕੇ ਪ੍ਰਾਪਤ ਹੁੰਦਾ ਹੈ।

ਲੈਫਟੀਨੈਂਟ ਹਰਮਨਮੀਤ ਸਿੰਘ ਗੀਨ ਵੀ ਫੌਜੀ ਪਰਿਵਾਰ ਵਿਚੋਂ ਹੈ। ਉਸ ਦੇ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਫੌਜ ਵਿਚ ਰਹੀਆਂ ਹਨ।

ਉਨ੍ਹਾਂ ਦੇ ਪੜਦਾਦਾ ਨੇ ਸਿੱਖ ਰੈਜੀਮੈਂਟ ਵਿੱਚ ਸੇਵਾ ਕੀਤੀ, ਜਿਸ ਨਾਲ ਚਾਰ ਪੀੜ੍ਹੀਆਂ ਤੱਕ ਫੈਲੀ ਵਿਰਾਸਤ ਲਈ ਮੰਚ ਤਿਆਰ ਹੋਇਆ। ਉਨ੍ਹਾਂ ਦੇ ਦਾਦਾ ਜੀ ਸਿਗਨਲਜ਼ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਦੇ ਦੋ ਭਰਾਵਾਂ ਨੇ 1965 ਦੀ ਭਾਰਤ-ਪਾਕਿ ਜੰਗ ਵਿੱਚ ਆਰਟਿਲਰੀ ਰੈਜੀਮੈਂਟ ਦੇ ਅਫਸਰਾਂ ਵਜੋਂ ਲੜਾਈ ਲੜੀ। ਉਨ੍ਹਾਂ ਵਿੱਚੋਂ ਇੱਕ ਕੈਪਟਨ ਉਜਾਗਰ ਸਿੰਘ ਨੂੰ ਬਹਾਦਰੀ ਲਈ ਸੈਨਾ ਮੈਡਲ ਨਾਲ ਨਿਵਾਜਿਆ ਗਿਆ ਸੀ।

ਹਰਮਨਮੀਤ ਦੇ ਪਿਤਾ ਕਰਨਲ ਹਰਮੀਤ ਸਿੰਘ ਇਸ ਵੇਲੇ ਮਰਾਠਾ ਲਾਈਟ ਇਨਫੈਂਟਰੀ ਵਿੱਚ ਸੇਵਾ ਨਿਭਾ ਰਹੇ ਹਨ। ਇਹ ਉਹੀ ਰੈਜੀਮੈਂਟ ਹੈ ਜਿਸ ਵਿੱਚ ਹਰਮਨਮੀਤ ਸ਼ਾਮਲ ਹੋਇਆ ਹੈ। ਮਿਲਟਰੀ ਕਾਲਜ ਆਫ਼ ਟੈਲੀਕਮਿਊਨੀਕੇਸ਼ਨ ਇੰਜੀਨੀਅਰਿੰਗ ਦੇ ਕੈਡੇਟ ਟ੍ਰੇਨਿੰਗ ਵਿੰਗ ਵਿੱਚ ਸਿਲਵਰ ਮੈਡਲ ਜੇਤੂ ਹਰਮਨਮੀਤ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਮੋਹਰੀ ਰਿਹਾ ਹੈ।ਲੈਫਟੀਨੈਂਟ ਯੁਵਰਾਜ ਸਿੰਘ ਨੁਘਾਲ ਆਪਣੇ ਪਰਿਵਾਰ ਦੀ ਚੌਥੀ ਪੀੜ੍ਹੀ ਵਿਚੋਂ ਹੈ। ਉਸ ਦੇ ਪਿਤਾ ਨੂੰ 7 ਮਕੈਨਾਈਜ਼ਡ ਇਨਫੈਂਟਰੀ ਵਿੱਚ ਕਮਿਸ਼ਨ ਕੀਤਾ ਗਿਆ ਸੀ ਅਤੇ ਉਸ ਤੋਂ ਪਹਿਲਾਂ ਉਸ ਦੇ ਦਾਦਾ ਨੇ 16 ਗ੍ਰੇਨੇਡੀਅਰਜ਼ ਵਿੱਚ ਵਿਸ਼ੇਸ਼ ਤੌਰ 'ਤੇ ਸੇਵਾ ਕੀਤੀ ਸੀ। ਯੁਵਰਾਜ ਦੇ ਪੜਦਾਦਾ ਨੇ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ 7 ਜਾਟ ਵਿੱਚ ਸੇਵਾ ਕੀਤੀ ਸੀ।

# ਗੁਰਦੁਆਰਾ ਸ੍ਰੀ ਪ੍ਰੀਵਾਰ ਵਿਛੋੜਾ ਸਾਹਿਬ 'ਚ ਸ਼ਹੀਦੀ ਜੋੜ ਮੇਲ ਸਮਾਪਤ



**ਘਨੌਲੀ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਨਾਏ ਜਾ ਰਹੇ ਸ਼ਹੀਦੀ ਪੰਦਰਵਾੜੇ ਅਧੀਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਅਗਵਾਈ ਅਧੀਨ ਗੁਰਦੁਆਰਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ ਵਿਖੇ ਚੱਲ ਰਹੇ ਸ਼ਹੀਦੀ ਜੋੜ ਮੇਲ ਦੀ ਅੱਜ ਸਮਾਪਤੀ ਹੋ ਗਈ। ਅੱਜ ਸਵੇਰੇ ਪੰਜ ਅਖੰਡ ਪਾਠਾਂ ਦੇ ਭੋਗ ਪਾਉਣ ਤੋਂ ਬਾਅਦ ਧਾਰਮਿਕ ਦੀਵਾਨ ਸਜਾਏ ਗਏ, ਜਿਸ ਦੌਰਾਨ ਸੰਗਤ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪਰਿਵਾਰ ਅਤੇ ਹੋਰ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਸਿਜਦਾ ਕੀਤਾ। ਸਮਾਪਤੀ ਸਮਾਰੋਹ ਮੌਕੇ ਭਾਈ ਊਦੈ ਸਿੰਘ ਦੀਵਾਨ ਹਾਲ ਵਿੱਚ ਸਜੀ ਧਾਰਮਿਕ ਸਟੇਜ ਤੋਂ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਤੇ ਸਾਬਕਾ ਮੰਤਰੀ ਡਾ ਦਲਜੀਤ ਸਿੰਘ ਚੀਮਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼ਹੀਦੀ ਪੰਦਰਵਾੜੇ ਦੇ ਦਿਨਾਂ ਅੰਦਰ ਖੁਸ਼ੀ ਦੇ ਸਮਾਗਮਾਂ ਤੋਂ ਪਰਹੇਜ਼ ਕੀਤਾ ਜਾਵੇ। ਸ਼ਹੀਦੀ ਸਮਾਗਮ ਦੌਰਾਨ ਪੰਥ ਪ੍ਰਸਿੱਧ ਕੀਰਤਨੀ, ਰਾਗੀ ਅਤੇ ਢਾਡੀ ਜਥਿਆਂ ਤੋਂ ਇਲਾਵਾ ਸ੍ਰੀ ਪਰਿਵਾਰ ਵਿਛੋੜਾ ਸਾਹਿਬ ਸਕੂਲ ਦੇ ਬੱਚਿਆਂ ਨੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਸੰਗਤ ਨੂੰ ਜਾਣੂ ਕਰਵਾਇਆ। ਇਸ ਮੌਕੇ ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਦੇ ਮੁਖੀ ਬਾਬਾ ਸਤਨਾਮ ਸਿੰਘ, ਸਾਬਕਾ ਸਿੱਖਿਆ ਮੰਤਰੀ ਡਾ ਦਲਜੀਤ ਸਿੰਘ ਚੀਮਾ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ, ਮੈਨੇਜਰ ਗੁਰਦੁਆਰਾ ਪਤਾਲਪੁਰੀ ਸਾਹਿਬ ਅਮਰਜੀਤ ਸਿੰਘ ਜਿੰਦਵੜੀ, ਮੈਨੇਜਰ ਗੁਰਦੁਆਰਾ ਭੱਠਾ ਸਾਹਿਬ ਜਸਵੀਰ ਸਿੰਘ ਘੁੰਗਰਾਲੀ ਸਿੰਘਾਂ ਨੇ ਹਾਜ਼ਰੀ ਭਰੀ।

# ਨਗਰ ਕੌਂਸਲ ਪ੍ਰਧਾਨ ਖ਼ਿਲਾਫ਼ ਬੇਭਰੋਸਗੀ ਮਤਾ ਪਾਸ

**ਬਸੀ ਪਠਾਣਾਂ, 19 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਸੀ ਪਠਾਣਾਂ ਨਗਰ ਕੌਂਸਲ ਦੇ ਪ੍ਰਧਾਨ ਵਿਰੁੱਧ ਪਾਇਆ ਬੇਭਰੋਸਗੀ ਦਾ ਮਤਾ ਅੱਜ ਪਾਸ ਹੋ ਗਿਆ। ਜ਼ਿਕਰਯੋਗ ਹੈ ਕਿ ਨਗਰ ਕੌਂਸਲ ਦੇ 11 ਕੌਂਸਲਰਾਂ ਵੱਲੋਂ 13 ਨਵੰਬਰ ਨੂੰ ਪ੍ਰਧਾਨ ਰਵਿੰਦਰ ਕੁਮਾਰ ਰਿੰਕੂ ਖ਼ਿਲਾਫ਼ ਬੇਭਰੋਸਗੀ ਦਾ ਪੱਤਰ ਦਿੱਤਾ ਗਿਆ ਸੀ ਜਿਸ 'ਤੇ ਕਾਰਵਾਈ ਕਰਦਿਆਂ ਕਾਰਜਸਾਧਕ ਅਫ਼ਸਰ ਵੱਲੋਂ ਅੱਜ 15 ਦਸੰਬਰ ਨੂੰ ਮੀਟਿੰਗ ਰੱਖੀ ਗਈ ਸੀ।

ਅੱਜ ਹੋਈ ਮੀਟਿੰਗ ਤੋਂ ਪਹਿਲਾਂ ਪ੍ਰਧਾਨ ਰਵਿੰਦਰ ਕੁਮਾਰ ਰਿੰਕੂ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ ਸੀ ਕਿ ਸਿਹਤ ਠੀਕ ਨਾ ਹੋਣ ਕਾਰਨ ਉਹ ਮੀਟਿੰਗ ਵਿੱਚ ਨਹੀਂ ਆ ਸਕਦੇ ਅਤੇ ਉਨ੍ਹਾਂ ਇਸ ਸਬੰਧੀ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾ ਦਿੱਤਾ ਹੈ।

ਅੱਜ ਸ਼ਾਮ ਚਾਰ ਵਜੇ ਹੋਈ ਮੀਟਿੰਗ 'ਚ ਕਾਰਜਸਾਧਾਕ ਅਫ਼ਸਰ ਮਨਵੀਰ ਸਿੰਘ ਗਿੱਲ, ਤਹਿਸੀਲਦਾਰ ਅਵਤਾਰ ਸਿੰਘ ਅਤੇ 11 ਨਗਰ ਕੌਂਸਲਰ ਹਾਜ਼ਰ ਸਨ। ਅਧਿਕਾਰੀਆਂ ਦੀ ਮੌਜੂਦਗੀ ਵਿੱਚ ਮੌਜੂਦਾ ਪ੍ਰਧਾਨ ਖ਼ਿਲਾਫ਼ ਬੇਭਰੋਸਗੀ ਦਾ ਮਤਾ 11 ਵੋਟਾਂ ਨਾਲ ਪਾਸ ਕਰਕੇ ਸੀਨੀਅਰ ਕੌਂਸਲਰ ਅਤੇ ਸਾਬਕਾ ਪ੍ਰਧਾਨ ਪਰਵਿੰਦਰ ਸਿੰਘ ਸੱਲ੍ਹ ਨੂੰ ਚੇਅਰਮੈਨ ਨਿਯੁਕਤ ਕੀਤਾ।

ਮੀਟਿੰਗ ਨਾਲ 'ਆਪ' ਦੀ ਅੰਦਰੂਨੀ ਧੜੇਬੰਦੀ ਵੀ ਖੁੱਲ੍ਹ ਕੇ ਸਾਹਮਣੇ ਆ ਗਈ ਕਿਉਂਕਿ ਪਾਰਟੀ ਦੇ ਮੌਜੂਦਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਦੇ ਧੜੇ ਵੱਲੋਂ 'ਆਪ' ਦੇ ਐੱਸ ਸੀ ਸੈੱਲ ਦੇ ਸੂਬਾਈ ਪ੍ਰਧਾਨ ਗੁਰਪ੍ਰੀਤ ਸਿੰਘ ਜੀ ਪੀ ਦੇ ਧੜੇ ਦੇ ਰਵਿੰਦਰ ਕੁਮਾਰ ਰਿੰਕੂ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਉਤਾਰਨ ਦਾ ਮਤਾ ਪਾਸ ਕੀਤਾ ਗਿਆ।

ਮਿੰਨੀ ਕਹਾਣੀ

# ਕਰਮਾਂ ਵਾਲੀ



ਪ੍ਰਤੀਕ ਨੇ ਦਫ਼ਤਰ 'ਚੋਂ ਸਿੱਧਾ ਘਰ ਜਾਣ ਦੀ ਬਜਾਏ ਬਜ਼ਾਰ ਚੋਂ ਕੁਝ ਮਿਠਾਈਆਂ ਤੇ ਫਲ ਖਰੀਦ ਕੇ ਗੱਡੀ ਬਿਰਧ ਆਸ਼ਰਮ ਵੱਲ ਮੋੜ ਲਈ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਉਸ ਦੀ ਮਾਂ ਉਸ ਨੂੰ ਪੂਰੇ ਸਾਲ ਬਾਅਦ ਵੇਖ ਕੇ ਬੜਾ ਖ਼ੁਸ਼ ਹੋਵੇਗੀ। ਹੋਇਆ ਵੀ ਇਓਂ ਹੀ ਜਦੋਂ ਪ੍ਰਤੀਕ ਨੇ ਮਾਂ ਕੋਲ ਜਾ ਕੇ ਮਾਂ ਕਹਿ ਕੇ ਨਮਸਕਾਰ ਬੁਲਾਈ ਤਾਂ ਮਾਂ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ। ਉਸ ਨੇ ਪੁੱਤ ਨੂੰ ਘੁੱਟ ਕੇ ਗਲਵਕੜੀ 'ਚ ਲੈ ਲਿਆ। ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਚਿਰਾਂ ਦੀ ਗਵਾਚੀ ਚੀਜ਼ ਲੱਭ ਗਈ ਹੋਵੇ। ਪ੍ਰਤੀਕ ਨੇ ਮਿਠਾਈ ਤੇ ਫਲਾਂ ਦਾ ਲਿਫ਼ਾਫ਼ਾ ਕੋਲ ਰੱਖਦਿਆਂ ਕੁਝ ਸਮੇਂ ਬਾਅਦ ਕਿਹਾ ਕਿ ਘਰ ਲਈ ਲੇਟ ਹੋ ਰਿਹਾਂ, ਬੱਚੇ ਇੰਤਜ਼ਾਰ ਕਰਦੇ ਹੋਣਗੇ।

ਕੋਲ ਬੈਠੀ ਬਜ਼ੁਰਗ ਔਰਤ ਨੇ ਪ੍ਰਤੀਕ ਨੂੰ ਸਵਾਲੀਆ ਅੰਦਾਜ਼ 'ਚ ਆਖਿਆ ਕਿ ਇਹ ਤੇਰੀ ਬੁੜੀ ਮਾਂ ਵੀ ਤਾਂ ਪੂਰੇ ਵਰ੍ਹੇ ਦੀ ਤੇਰੀ ਰਾਹ ਦੇਖ ਰਹੀ ਹੈ। ਉਸ ਦੀ ਗੱਲ ਕੱਟਦਿਆਂ ਪ੍ਰਤੀਕ ਦੀ ਮਾਂ ਨੇ ਕਿਹਾ ਕਿ ਕੋਈ ਨਾ ਭੈਣੇ ਉਨ੍ਹਾਂ ਮਾਪਿਆਂ ਤੋਂ ਤਾਂ ਕਿਤੇ ਕਰਮਾਂ ਵਾਲੀ ਹਾਂ, ਜਿਨ੍ਹਾਂ ਦੀ ਔਲਾਦ ਮਰ ਮੁੱਕ ਜਾਂਦੀ ਏ। ਦਿਲ ਨੂੰ ਤਸੱਲੀ ਤਾਂ ਹੈ ਵੀ ਮੇਰਾ ਪੁੱਤ ਵੀ ਹੈ ਇਸ ਜਗ 'ਤੇ। ਇਸ ਗੱਲ ਨੇ ਪ੍ਰਤੀਕ ਦੇ ਦਿਲ 'ਤੇ ਅਜਿਹਾ ਅਸਰ ਕਰਿਆ ਕਿ ਉਸ ਦੀਆਂ ਅੱਖਾਂ 'ਚ ਪਾਣੀ ਆ ਗਿਆ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਮੈਂ ਸੱਚ-ਮੁੱਚ ਜਿਉਂਦਾ ਹਾਂ? ਉਹ ਭੱਜ ਕੇ ਕਮਰੇ 'ਚੋਂ ਉੱਠਿਆ ਤੇ ਬਿਰਧ ਆਸ਼ਰਮ ਵਾਲਿਆਂ ਕੋਲ ਕਾਗ਼ਜ਼ ਪੱਤਰ ਦੀ ਕਾਰਵਾਈ ਪੂਰੀ ਕਰ ਕੇ ਮਾਂ ਨੂੰ ਆਪਣੇ ਨਾਲ ਚੱਲਣ ਲਈ, ਗੱਡੀ 'ਚ ਬੈਠਣ ਲਈ ਕਿਹਾ। ਮਾਂ ਦੇ ਹੰਝੂ ਰੋਕਿਆਂ ਨਹੀਂ ਸੀ ਰੁਕ ਰਹੇ। ਓਧਰ ਜਿਓਂ ਹੀ ਘਰ ਦੇ ਗੇਟ 'ਤੇ ਆ ਕੇ ਪ੍ਰਤੀਕ ਨੇ ਹਾਰਨ ਵਜਾਇਆ ਤਾਂ ਘਰਵਾਲੀ ਨੇ ਗੇਟ ਖੋਲ੍ਹਿਆ ਜਿਓਂ ਹੀ ਪ੍ਰਤੀਕ ਗੱਡੀ 'ਚੋਂ ਉਤਰਨ ਲੱਗਿਆ ਤਾਂ ਉਸ ਦੀ ਪਤਨੀ ਨੇ ਖਿਝ ਕੇ ਕਿਹਾ 'ਕਿੱਧਰ ਮਰਨ ਗਿਆ ਸੀ, ਕਿਹੜਾ ਵੇਲਾ ਹੋ ਗਿਆ।

ਪ੍ਰਤੀਕ ਨੇ ਗੱਡੀ 'ਚੋਂ ਮਾਂ ਨੂੰ ਬਾਹਰ ਕੱਢਦਿਆਂ ਕਿਹਾ ਕਿ ਹੁਣ ਤਕ ਮਰਿਆ ਹੀ ਹੋਇਆ ਸੀ। ਅੱਜ ਤਾਂ ਮੈਂ ਜਿਉਂਦਾ ਹੋ ਕੇ ਆਇਆ ਹਾਂ। ਇਹ ਕਹਿ ਕੇ ਪ੍ਰਤੀਕ ਮਾਂ ਨੂੰ ਮੋਢੇ ਦਾ ਸਹਾਰਾ ਦਿੰਦਾ ਹੋਇਆ ਕਮਰੇ ਵੱਲ ਲੈ ਗਿਆ।

• **ਹਰਪ੍ਰੀਤ ਕੌਰ ਘੁੰਨਸ,** *ਮੋਬਾ. : 97795-20194*

## ਗ਼ਜ਼ਲਾਂ



ਵੇਖਦਾ ਹਾਂ ਬੇਕਸੂਰ 'ਤੇ ਜਦੋਂ ਜ਼ੁਲਮ ਹੁੰਦਾ।
ਰਿਸਦਾ ਮੇਰੇ ਸੀਨੇ 'ਚ ਵੀ ਜ਼ਖ਼ਮ ਹੁੰਦਾ।

ਖੌਲ ਰਿਹੈ ਮੇਰੇ ਜਿਸਮ ਦਾ ਸਿਦਕ,
ਰੋਕ ਦਿੰਦਾ ਨਫ਼ਸ ਜੇਕਰ ਦਮ ਹੁੰਦਾ।

ਬਣ ਰਿਹੈ ਦੁਸ਼ਮਣ ਇਨਸਾਨ ਦਾ ਬੇਈਮਾਨ
ਰਿਸ਼ਤਾ ਮੁਹੱਬਤ ਦਾ ਪਵਿੱਤਰ ਨਜ਼ਮ ਹੁੰਦਾ।

ਪੰਛੀ ਵੀ ਆਪਸ ਵਿਚ ਕਰਨ ਗੁਫ਼ਤਗੂ,
ਸਿਤਮ ਦਫ਼ਨ ਕਰਨਾ ਇਨਸਾਨ ਦਾ ਧਰਮ ਹੁੰਦਾ।

ਜਿਨ੍ਹਾਂ ਦੀ ਬਦੌਲਤ ਮਾਣ ਰਹੇ ਹਾਂ ਅਜ਼ਾਦੀ,
ਕਦਰ ਕਰੀਏ ਕੁਝ ਸਾਡਾ ਵੀ ਕਰਮ ਹੁੰਦਾ।

• **ਮੇਜਰ ਸਿੰਘ ਰਾਜਗੜ੍ਹ,** *ਮੋਬਾਈਲ : 98766-64204*

ਵੈਰੀ ਕੰਧਾਂ ਦੇ ਕੰਨਾਂ 'ਤੇ ਪਰਦਾ ਪਾਈ ਜਾਂਦੇ ਨੇ।
ਸੱਚ ਦਬਾ ਕੇ ਝੂਠ ਸੁਣਾ ਕੇ ਫਾਹੇ ਲਾਈ ਜਾਂਦੇ ਨੇ।

ਤੀਲ੍ਹੀ ਲਾ ਕੇ ਪਿੱਛੇ ਹੋਣਾ ਮੁੱਢ ਕਦੀਮੀ ਆਦਤ ਹੈ,
ਮਹਿਲਾਂ ਵਾਲੇ ਰਾਜੇ ਕੱਚੇ ਕੋਠੇ ਢਾਹੀ ਜਾਂਦੇ ਨੇ।

ਅਪਣੇ ਨੀਂਗਰ ਦੂਜੇ ਢੀਂਗਰ ਲੱਗਣ ਰੱਜੇ-ਪੁੱਜੇ ਨੂੰ,
ਸਾਡੇ ਘਰ ਵਿਚ ਮਾਤਮ ਪਾ ਕੇ ਢੋਲ ਵਜਾਈ ਜਾਂਦੇ ਨੇ।

ਸਾਨੂੰ ਦੱਸਣ ਆਟੇ ਦੇ ਦੀਵੇ ਜੋ ਬਣ ਉਸਤਾਦ ਰਹੇ,
ਉਹ ਲੋਕਾਂ ਦੀ ਬੋਲੀ ਲਾ ਕੇ ਨੋਟ ਕਮਾਈ ਜਾਂਦੇ ਨੇ।

ਹਰ ਵੋਟਾਂ ਵਾਰੀ ਬਣ ਜਾਂਦੇ ਮਿੱਟੀ ਮਾਧੋ ਲੋਕੀ,
ਨੇਤਾ ਲਾਰੇ ਲੱਪੇ ਲਾ ਕੇ ਵੋਟ ਪਵਾਈ ਜਾਂਦੇ ਨੇ।

ਅੰਨ੍ਹੇ ਨੇ ਸਭ, ਰਾਜਾ ਕਾਣਾ ਹਰ ਕੋਈ ਭੁੱਖਾ ਭਾਣਾ,
ਲੋਕੀ ਕੱਟਣ ਭੁੱਖਾਂ ਰਾਜੇ ਲੁੱਟ ਮਚਾਈ ਜਾਂਦੇ ਨੇ।

ਲੋਕ 'ਭਨੋਟ' ਫੜਾਂ ਮਾਰਨ ਜੋ ਭਿੱਜੀ ਬਿੱਲੀ ਬਣ ਜਾਂਦੇ,
ਜਿਹੜੇ ਹੱਕਾਂ ਖ਼ਾਤਿਰ ਲੜਦੇ ਸੀਸ ਕਟਾਈ ਜਾਂਦੇ ਨੇ।



• **ਜਤਿੰਦਰ ਭਨੋਟ,** *ਮੋਬਾਈਲ : 98780-41593*

# ਮੋਹਖੋਰਾ ਤੇ ਬੀਬਾ ਲੇਖਕ ਸੀ ਬੰਤ ਸਿੰਘ ਚੱਠਾ



ਨਿਰੰਜਣ ਬੋਹਾ

ਮੋਬਾਈਲ : 89682-82700

*ਬੰਤ ਸਿੰਘ ਚੱਠਾ ਜਿੰਨਾ ਮੋਹਖੋਰਾ ਬੰਦਾ ਸੀ ਓਨਾ ਹੀ ਕੋਰਾ ਕਰਾਰਾ ਵੀ। ਜੇ ਕਿਸੇ ਕਾਰਨ ਉਹ ਵਿਗੜ ਜਾਂਦਾ ਤਾਂ ਛੇਤੀ ਕੀਤਿਆਂ ਸੂਤ ਨਾ ਆਉਂਦਾ। ਉਸ ਦੇ ਪਿਆਰ ਵਿਚ ਬੱਚਿਆਂ ਜਿਹੀ ਮਾਸੂਮੀਅਤ ਤੇ ਨਿਰਛਲਤਾ ਸੀ ਪਰ ਵਿਗੜਨ 'ਤੇ ਉਹ ਹੈਂਕੜਖੋਰ ਬਣ ਜਾਂਦਾ। ਪਿਆਰ ਨਾਲ ਤੋਰੋ ਤਾਂ ਸੈਂਕੜੇ ਮੀਲ ਤੁਹਾਡੇ ਨਾਲ ਤੁਰਨ ਲਈ ਤਿਆਰ ਪਰ ਕੋਈ ਰੋਹਬ ਨਾਲ ਗੱਲ ਕਰੇ ਤਾਂ ਇਕ ਪੈਰ ਵੀ ਨਾ ਪੁੱਟਦਾ ਤੇ ਨਾ ਹੀ ਕਿਸੇ ਟੁੰਡੀ ਲਾਟ ਦੀ ਪਰਵਾਹ ਕਰਦਾ ਸੀ...*

'ਯਾਰ ਬੋਹੇ ! ਬੰਤ ਸਿੰਘ ਚੱਠਾ ਤੇਰੇ ਨਾਲ ਬਹੁਤ ਨਰਾਜ਼ ਐ, ਉਹ ਤਾਂ ਤੈਨੂੰ ਗਾਲ੍ਹਾਂ ਕੱਢਦੈ। ਸਾਡੇ ਸਾਂਝੇ ਦੋਸਤ ਕਹਾਣੀਕਾਰ ਦਰਸ਼ਨ ਜੋਗਾ ਨੇ ਇਕ ਦਿਨ ਮਿਲਣ 'ਤੇ ਮੈਨੂੰ ਦੱਸਿਆ ਤੇ ਮੇਰੀ ਪ੍ਰਤੀਕਿਰਿਆ ਜਾਣਨ ਲਈ ਮੇਰੇ ਮੂੰਹ ਵੱਲ ਵੇਖਣ ਲੱਗਾ'। 'ਬਾਈ ਜਿਹੜੇ ਬੰਦੇ ਨਾਲ ਨੇੜਤਾ ਹੁੰਦੀ ਐ ਉਹ ਨਰਾਜ਼ ਵੀ ਹੁੰਦੇ ਤੇ ਗਾਲ੍ਹਾਂ ਵੀ ਉਹੀ ਕੱਢਦੈ। ਨਹੀਂ ਕਿਵੇਂ ਕੋਈ ਖਾ ਲੂ ਕਿਸੇ ਤੋਂ ਗਾਲ੍ਹਾਂ'। ਜੋਗੇ ਦੀ ਗੱਲ ਸੁਣ ਕੇ ਮੈਂ ਮੁਸਕਰਾ ਪਿਆ ਸਾਂ ਤੇ ਉਸ ਦੀਆਂ ਆਦਤਾਂ ਤੋਂ ਜਾਣੂ ਉਹ ਮੇਰੀ ਮੁਸਕਰਾਹਟ ਦੇ ਜਵਾਬ ਵਿਚ ਕੇਵਲ ਮੁਸਕਰਾਇਆ ਹੀ ਨਹੀਂ ਸਗੋਂ ਹੱਸਣ ਵੀ ਲੱਗ ਪਿਆ ਸੀ।

ਦਰਸ਼ਨ ਜੋਗਾ ਦੇ ਦੱਸਣ ਤੋਂ ਪਹਿਲਾਂ ਵੀ ਮੈਨੂੰ ਪਤਾ ਸੀ ਕਿ ਬੰਤ ਸਿੰਘ ਚੱਠਾ ਮੇਰੇ ਨਾਲ ਨਰਾਜ਼ ਹੈ। ਭਲਾ ਉਹ ਇਸ ਗੱਲ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਕਿ ਮੈਂ ਉਸ ਦੇ ਪਿੰਡ ਤੋਂ ਕੇਵਲ ਚਾਰ ਕੁ ਕਿਲੋ ਮੀਟਰ ਦੂਰ ਭੁੱਚੋ ਮੰਡੀ ਆਪਣੇ ਸਹੁਰੇ ਆ ਕੇ ਉਸ ਨੂੰ ਬਿਨਾਂ ਮਿਲੇ ਮਿਲ ਵਾਪਸ ਚੱਲਿਆ ਗਿਆ ਹੋਵਾਂ, ਜਦੋਂ ਕਿ ਉਹ ਮੈਨੂੰ ਆਪਣੇ ਨਵੇਂ ਮਕਾਨ ਦੀ ਉਸਾਰੀ ਦੀ ਸੂਚਨਾ ਵੀ ਫੋਨ 'ਤੇ ਦੇ ਚੁੱਕਾ ਸੀ। ਫਿਰ ਉਸ ਦਾ ਨਵਾਂ ਨਾਵਲ ਵੀ ਤਾਂ ਆਇਆ ਸੀ ਪਰ ਮੈਂ ਆਪਣੇ ਹੀ ਰੁਝੇਵਿਆਂ ਵਿਚ ਉਲਝਿਆ ਉਸ ਨੂੰ ਫੋਨ 'ਤੇ ਵਧਾਈ ਵੀ ਤਾਂ ਨਹੀਂ ਦੇ ਸਕਿਆ।

ਮੈਨੂੰ ਇਹ ਯਕੀਨ ਸੀ ਕਿ ਚੱਠਾ ਮੇਰੇ ਨਾਲ ਨਰਾਜ਼ ਤਾਂ ਹੋ ਸਕਦਾ ਹੈ ਪਰ ਲੰਮਾ ਸਮਾਂ ਨਰਾਜ਼ ਰਹਿ ਨਹੀਂ ਸਕਦਾ। ਫਿਰ ਉਸ ਨੂੰ ਮਨਾਉਣ ਦਾ ਗੁਰ ਵੀ ਤਾਂ ਮੈਨੂੰ ਆਉਂਦਾ ਸੀ। ਭੁੱਚੋ ਗਿਆ ਤਾਂ ਬਿਨਾਂ ਉਸ ਨੂੰ ਸੂਚਨਾ ਦਿੱਤੇ ਪੂਹਲੀ ਪਹੁੰਚ, ਉਸ ਦੇ ਘਰ ਦੀ ਬੈੱਲ ਜਾ ਖੜਕਾਈ। ਕਿੱਧਰ ਗਈ ਉਸ ਦੀ ਨਰਾਜ਼ਗੀ ਤੇ ਕਿੱਧਰ ਗਿਆ ਉਸ ਦਾ ਗੁੱਸਾ। ਉਸ ਦੀ ਜੱਫ਼ੀ ਦਾ ਨਿੱਘ ਮੈਨੂੰ ਅਹਿਸਾਸ ਕਰਵਾ ਰਿਹਾ ਸੀ ਕਿ ਉਸ ਦਾ ਮੇਰੇ ਪ੍ਰਤੀ ਪਿਆਰ ਤਾਂ ਅਸਲੀ ਹੈ ਪਰ ਨਰਾਜ਼ਗੀ ਬਿਲਕੁਲ ਨਕਲੀ।

ਬੰਤ ਸਿੰਘ ਚੱਠਾ ਜਿੰਨਾ ਮੋਹਖੋਰਾ ਬੰਦਾ ਸੀ ਓਨਾ ਹੀ ਕੋਰਾ ਕਰਾਰਾ ਵੀ ਸੀ। ਜੇ ਇਕ ਵਾਰ ਕਿਸੇ ਕਾਰਨ ਉਹ ਵਿਗੜ ਜਾਂਦਾ ਤਾਂ ਛੇਤੀ ਕੀਤਿਆਂ ਸੂਤ ਨਾ ਆਉਂਦਾ। ਉਸ ਦੇ ਪਿਆਰ ਵਿਚ ਬੱਚਿਆਂ ਜਿਹੀ ਮਾਸੂਮੀਅਤ ਤੇ ਨਿਰਛਲਤਾ ਹੈ ਪਰ ਵਿਗੜਣ 'ਤੇ ਉਹ ਹੈਂਕੜਖੋਰ ਵੀ ਬਣ ਜਾਂਦਾ ਹੈ। ਪਿਆਰ ਨਾਲ ਤੋਰੋ ਤਾਂ ਉਹ ਸੈਂਕੜੇ ਮੀਲ ਤੁਹਾਡੇ ਨਾਲ ਤੁਰਨ ਲਈ ਤਿਆਰ ਹੈ ਪਰ ਕੋਈ ਰੋਹਬ ਨਾਲ ਗੱਲ ਕਰੇ ਤਾਂ ਇਕ ਪੈਰ ਵੀ ਨਾ ਪੁੱਟਦਾ ਤੇ ਨਾ ਹੀ ਕਿਸੇ ਟੁੰਡੀ ਲਾਟ ਦੀ ਪਰਵਾਹ ਕਰਦਾ ਸੀ। ਚੱਠੇ ਨਾਲ ਮੇਰੀ ਸਾਂਝ ਬਹੁਤ ਪੁਰਾਣੀ ਹੈ। ਜਦੋਂ ਮੈਂ ਅਲੜ੍ਹ ਜਿਹੀ ਉਮਰੇ ਪਿਆਰ ਕਵਿਤਾਵਾਂ ਲਿਖ ਲਿਖ ਕਾਪੀਆਂ ਭਰਦਾ ਰਹਿੰਦਾ ਸਾਂ ਤਾਂ ਉਸ ਵੇਲੇ ਉਹ ਬੋਹਾ ਦੇ ਨੇੜਲੇ ਪਿੰਡ ਰਾਮਪੁਰ ਮੰਡੇਰ ਦੇ ਸਕੂਲ ਵਿਚ ਅਧਿਆਪਕ ਸੀ ਤੇ ਉਸ ਦੀਆਂ ਦੋ ਕਹਾਣੀਆਂ ਦੀਆਂ ਕਿਤਾਬਾਂ 'ਗੁਲਾਬ ਦੇ ਫੁੱਲ' ਤੇ 'ਤੂੰ ਝੂਠ ਬੋਲਿਆ ਸੀ' ਵੀ ਛਪ ਚੁੱਕੀਆਂ ਸਨ। ਕਿਸੇ ਨਵੇਂ ਤੇ ਸਿਖਾਂਦਰੂ ਲੇਖਕ ਲਈ ਦੋ ਕਿਤਾਬਾਂ ਦਾ ਲੇਖਕ ਵਿਸ਼ੇਸ਼ ਖਿਚ ਰੱਖਦਾ ਹੈ ਤੇ ਇਸ ਖਿੱਚ ਕਾਰਨ ਹੀ ਮੈਂ ਸੰਗਦੇ ਸੰਗਦੇ ਆਪਣੀਆਂ ਕਵਿਤਾਵਾਂ ਦੀ ਡਾਇਰੀ ਲੈ ਕੇ ਉਸ ਕੋਲ ਗਿਆ ਸਾਂ। ਉਸ ਮੈਨੂੰ ਥਾਪੜਾ ਤਾਂ ਦਿੱਤਾ ਨਾਲੇ ਕਵਿਤਾ ਲਿਖਣ ਲਈ ਕੁਝ ਜ਼ਰੂਰੀ ਨੁਕਤੇ ਵੀ ਦੱਸੇ ਸਨ। ਉਸ ਦੇ ਸੁਝਾਅ 'ਤੇ ਹੀ ਮੈਂ ਪਿਆਰ ਕਵਿਤਾਵਾਂ ਦੇ ਨਾਲ ਤੇ ਲੋਕਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦੀਆਂ ਕਵਿਤਾਵਾਂ ਲਿਖਣ ਦੀ ਕੋਸ਼ਿਸ਼ ਵੀ ਕਰਨ ਲੱਗ ਪਿਆ ਸਾਂ। ਮੇਰੇ ਤੇ ਚੱਠੇ ਵਿਚਕਾਰ ਪਹਿਲਾਂ ਗੁਰੂ ਚੇਲੇ ਵਾਲੇ ਸਬੰਧ ਸਨ ਪਰ ਜਿਉਂ ਜਿਉਂ ਮੈਂ ਸਾਹਿਤ ਦੇ ਖੇਤਰ ਨਾਲ ਗੰਭੀਰਤਾ ਨਾਲ ਜੁੜਦਾ ਗਿਆ ਸਾਡੇ ਸਬੰਧ ਵੀ ਦੋਸਤਾਨਾ ਹੁੰਦੇ ਗਏ।

ਚੱਠਾ ਰਾਮ ਪੁਰ ਮੰਡੇਰ ਤੋਂ ਬਦਲੀ ਕਰਵਾਕੇ ਆਪਣੇ ਪਿੰਡ ਪੂਹਲੀ ਵੱਲ ਚੱਲਿਆ ਗਿਆ ਤੇ ਰੋਜ਼ੀ ਰੋਟੀ ਦਾ ਚੱਕਰ ਮੈਨੂੰ ਬਾਘੇਪਰਾਣੇ ਲੈ ਗਿਆ। ਅਸੀਂ ਕਦੇ ਕਦਾਈ ਸਾਹਿਤਕ ਸਮਾਗਮਾਂ 'ਤੇ ਜ਼ਰੂਰ ਮਿਲਦੇ ਪਰ ਪਹਿਲਾਂ ਵਾਂਗ ਨਹੀਂ ਬੱਸ ਰਸਮੀ ਜਿਹੀ ਮੁਲਾਕਾਤ ਹੀ ਹੁੰਦੀ ਸੀ ਸਾਡੀ। 1982 ਵਿਚ ਮੇਰਾ ਵਿਆਹ ਭੁੱਚੋ ਮੰਡੀ ਵਿਚ ਹੋ ਗਿਆ ਤਾਂ ਸਾਡੇ ਮਿਲਦੇ ਰਹਿਣ ਦਾ ਵੀ ਨਵਾਂ ਸਬੱਬ ਬਣ ਗਿਆ। ਸਹੁਰੇ ਜਾਂਦਾ ਤਾਂ ਦੋ ਤਿੰਨ ਘੰਟੇ ਚੱਠੇ ਕੋਲ ਵੀ ਲਾ ਆਉਂਦਾ। ਅਸੀਂ ਸਾਹਿਤ ਤੇ ਸਾਹਿਤਕਾਰਾਂ ਬਾਰੇ ਕਿੰਨੀਆਂ ਹੀ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਤੇ ਆਪਣੀਆਂ ਰਚਨਾਵਾਂ ਵੀ ਇਕ ਦੂਜੇ ਨੂੰ ਸੁਣਾ ਕੇ ਉਨ੍ਹਾਂ 'ਤੇ ਚਰਚਾ ਕਰਦੇ। ਚੱਠੇ ਬਾਈ ਤੈਨੂੰ ਕਹਾਣੀਆਂ ਦੀਆਂ ਦੋ ਕਿਤਾਬਾਂ ਛਪਵਾਇਆਂ ਮੁਦਤਾਂ ਬੀਤ ਗਈਆ ਹਨ। ਅਖ਼ਬਾਰਾਂ, ਮੈਗਜ਼ੀਨਾਂ ਵਿਚ ਕਹਾਣੀਆਂ ਛਪਵਾ, ਸਾਂਭ ਰੱਖਣ ਨਾਲ ਕਿਸੇ ਨੇ ਇਨ੍ਹਾਂ ਦਾ ਗੰਭੀਰ ਨੋਟਿਸ ਨਹੀਂ ਲੈਣਾ। ਇਨ੍ਹਾਂ ਨੂੰ ਕਿਤਾਬੀ ਰੂਪ ਕਿਉਂ ਨਹੀਂ ਦਿੰਦੇ ਤੁਸੀ? ਉਸ ਨੂੰ ਮੇਰਾ ਸੁਆਲ ਸੀ।

ਬੋਹੇ ਯਾਰ ਕਿਤਾਬਾਂ ਛਪਵਾਉਣ ਬਾਰੇ ਮੈਨੂੰ ਬਹੁਤਾ ਤਜਰਬਾ ਨਹੀਂ। ਮੇਰਾ ਇਹ ਕੰਮ ਵੀ ਤੂੰ ਹੀ ਕਰ। ਕਹਾਣੀਆਂ ਦੀ ਇਕ ਇਕ ਕਾਪੀ ਮੈਂ ਸਾਂਭੀ ਹੋਈ ਹੈ, ਤੂੰ ਲੈ ਜਾ ਤੇ ਜਿੱਥੇ ਮਰਜ਼ੀ ਛਪਵਾ। 'ਜਿਹੜਾ ਬੋਲੇ ਉਹੀ ਕੁੰਡਾ ਖੋਲ੍ਹੇ' ਅਨੁਸਾਰ ਉਸ ਕਿਤਾਬ ਛਪਵਾਉਣ ਦੀ ਸਾਰੀ ਜ਼ਿੰਮੇਵਾਰੀ ਵੀ ਮੇਰੇ 'ਤੇ ਹੀ ਪਾ ਦਿੱਤੀ।

ਉਸ ਦੇ ਤੀਸਰੇ ਕਹਾਣੀ ਸੰਗ੍ਰਿਹ 'ਸ਼ਹਿਰ ਨਾ ਜਾਹ' ਦਾ ਖਰੜਾ ਮੈਂ ਉਸੇ ਦਿਨ ਲੈ ਲਿਆ। ਦੋ ਤਿੰਨ ਦਿਨ ਬਾਅਦ ਮੈਂ ਉਸ ਨੂੰ ਮਾਨਸਾ ਦਰਸ਼ਨ ਮਿਤਵੇ ਦੇ ਘਰ ਆਉਣ ਦਾ ਸੱਦਾ ਦੇ ਦਿੱਤਾ। ਅਸੀਂ ਉਸ ਵੇਲੇ ਉਡਾਨ ਪ੍ਰਕਾਸ਼ਨ ਦੇ ਬੈਨਰ ਹੇਠ ਕਿਤਾਬਾਂ ਛਾਪਦੇ ਕਹਾਣੀਕਾਰ ਦਰਸ਼ਨ ਮਿਤਵਾ ਨੂੰ ਉਸ ਦਾ ਖਰੜਾ ਫੜਾਇਆ ਤਾਂ ਉਹ ਖ਼ੁਸ਼ ਹੋ ਕੇ ਬੋਲਿਆ, 'ਚੱਠਾ ਸਾਹਿਬ ਤੁਸੀਂ ਬਹੁਤ ਪੁਰਾਣੇ ਤੇ ਵਧੀਆ ਕਹਾਣੀਕਾਰ ਹੋ। ਤੁਹਾਡੀਆਂ ਤਾਂ ਹੁਣ ਨੂੰ ਕਈ ਕਿਤਾਬਾਂ ਆ ਜਾਣੀਆ ਚਾਹੀਦੀਆ ਸਨ। ਇਸ ਤਰ੍ਹਾਂ ਉਸ ਦੀ ਤੀਜੀ ਕਿਤਾਬ ਛਪ ਗਈ। ਨਿਰੋਲ ਨਸ਼ਿਆ ਦੇ ਵਿਸ਼ੇ ਨਾਲ ਸਬੰਧਤ ਕਹਾਣੀਆਂ ਦੀ ਇਸ ਕਿਤਾਬ ਨੂੰ ਪਾਠਕਾਂ ਵੱਲੋਂ ਇੰਨਾਂ ਹੁੰਗਾਰਾ ਮਿਲਿਆ ਕਿ ਉਸ ਨੂੰ ਲੱਗਣ ਲੱਗਾ ਕਿ ਇੰਨਾਂ ਸਮਾਂ ਕੋਈ ਕਿਤਾਬ ਨਾ ਛਪਵਾ ਕੇ ਉਸ ਭਾਰੀ ਗ਼ਲਤੀ ਕੀਤੀ ਹੈ। ਬੱਸ ਫਿਰ ਕੀ ਸੀ, ਉਹ ਕਿਤਾਬਾਂ ਛਪਵਾਉਣ ਦੇ ਅਜਿਹਾ ਰਾਹ ਪਿਆ ਕਿ ਇਕ ਸਾਲ ਵਿਚ ਉਸ ਦੀਆਂ ਦੋ ਕਿਤਾਬਾਂ ਛਪਣ ਲੱਗੀਆਂ। ਹੁਣ ਕਹਾਣੀ ਲਿਖਦਾ ਲਿਖਦਾ ਉਹ ਵੱਡ ਅਕਾਰੀ ਨਾਵਲ ਲਿਖਣ ਲੱਗ ਪਿਆ। ਉਸ ਦੇ ਨਾਵਲ 'ਨਦੀ ਵਹਿੰਦੀ ਰਹੀ', 'ਤਿੰਨ ਕੁੜੀਆਂ', 'ਹਨੇਰੀ ਰਾਤ ਦੇ ਤਾਰੇ' ਤੇ 'ਪਹਿਲਾਂ ਪਾਣੀ ਜਿਉ ਹੈ' ਮੇਰੀ ਨਜ਼ਰ ਵਿੱਚੋਂ ਲੰਘ ਕੇ ਹੀ ਪ੍ਰਕਾਸ਼ਕ ਤਕ ਪਹੁੰਚੇ। ਦਰਸ਼ਨ ਮਿਤਵਾ ਤਾਂ ਉਸ ਦੀ ਪਹਿਲੀ ਕਿਤਾਬ ਪ੍ਰੈਸ ਵਿੱਚੋਂ ਆਉਣ ਤੋਂ ਪਹਿਲਾਂ ਹੀ ਇਸ ਦੁਨੀਆ ਤੋਂ ਤੁਰ ਗਏ ਪਰ ਬਾਅਦ ਵਿਚ ਉਸ ਦੀ ਪ੍ਰਕਾਸ਼ਨ ਨੂੰ ਸੰਭਾਲਣ ਵਾਲੇ ਉਸ ਦੇ ਭਤੀਜੇ ਸੰਜੀਵ ਮਿਤਵਾ ਨਾਲ ਚੱਠੇ ਨੇ



ਯਾਰੀ ਪਾ ਲਈ। ਹੁਣ ਉਸ ਨੂੰ ਕਿਤਾਬਾਂ ਛਪਵਾਉਣ ਦਾ ਪੂਰਾ ਤਜਰਬਾ ਹੋ ਗਿਆ ਸੀ । ਭਾਵੇਂ ਉਡਾਨ ਪ੍ਰਕਾਸ਼ਨ ਤੋਂ ਬਿਨਾਂ ਉਸ ਸੰਗਮ ਪਬਲਿਕੇਸ਼ਨਜ਼ ਸਮਾਣਾ ਤੋਂ ਵੀ ਦੋ ਤਿੰਨ ਕਿਤਾਬਾਂ ਛਪਵਾਈਆ ਪਰ ਉਸ ਦੀ ਪੱਕੀ ਯਾਰੀ ਹੁਣ ਵੀ ਸੰਜੀਵ ਮਿਤਵਾ ਨਾਲ ਹੀ ਸੀ।

ਆਪਣੇ ਛੇ ਫੁੱਟ ਲੰਮੇ ਕੱਦ ਕਾਰਨ ਚੱਠਾ ਪੰਜਾਬੀ ਲੇਖਕਾਂ ਵਿੱਚੋਂ ਦੂਰੋਂ ਹੀ ਪਛਾਣਿਆਂ ਜਾਂਦਾ ਸੀ। ਜਦੋਂ ਉਹ ਸਾਹਿਤਕਾਰਾਂ ਨਾਲ ਕਿਸੇ ਵਿਸ਼ੇ 'ਤੇ ਬਹਿਸ ਰਿਹਾ ਹੁੰਦਾ ਤਾਂ ਹੀ ਉਹ ਸਾਹਿਤਕਾਰ ਜਾਪਦਾ ਨਹੀ ਤਾਂ ਆਪਣੇ ਪੁੱਤਰ ਤੇਜਵੰਤ ਚੱਠਾ (ਜੋ ਕੌਮੀ ਪੱਧਰ ਦਾ ਵੇਟ ਲਿਫਟਰ ਹੈ) ਦੇ ਨਾਲ ਖੇਤਾਂ ਵਿਚ ਕੰਮ ਕਰਦਾ ਪੂਰਾ ਕਿਸਾਨ ਹੀ ਹੁੰਦਾ ਸੀ। ਆਧੁਨਿਕ ਢੰਗ ਤਰੀਕਿਆਂ ਨਾਲ ਖੇਤੀਬਾੜੀ ਕਰਨ ਦਾ ਸੌਕ ਉਸ ਦੇ ਹੱਡੀ ਰਚਿਆ-ਮਿਚਿਆ ਸੀ। ਘਰੇ ਖਾਣ ਜੋਗੀਆਂ ਸਾਰੀਆਂ ਸਬਜ਼ੀਆਂ ਉਹ ਆਪਣੇ ਖੇਤ ਹੀ ਉਗਾਉਂਦਾ। ਖੇਤ ਵਿਚ ਕੰਮ ਨਾ ਵੀ ਹੋਵੇ, ਸਵੇਰੇ ਸ਼ਾਮ ਸੈਰ ਦੇ ਬਹਾਨੇ ਉਹ ਖੇਤ ਗੇੜਾ ਮਾਰਨਾ ਨਹੀਂ ਭੁੱਲਦਾ। ਜੇ ਕੋਈ ਲੇਖਕ ਦੋਸਤ ਉਸ ਨੂੰ ਮਿਲਣ ਆਵੇ ਤਾਂ ਉਸ ਨੂੰ ਵੀ ਖੇਤ ਲੈ ਤੁਰਦਾ। ਕਈ ਵਾਰ ਤਾਂ ਉਹ ਆਪਣੇ ਸਾਹਿਤਕਾਰ ਦੋਸਤਾਂ ਨੂੰ ਬੁਲਾ ਕੇ ਖੇਤ ਦੇ ਕਮਰੇ ਵਿਚ ਹੀ ਸਾਹਿਤਕ ਮਹਿਫ਼ਲ ਲਾ ਲੈਂਦਾ ਸੀ। ਘਰ ਆਏ ਲੇਖਕਾਂ ਦੀ ਸੇਵਾ ਉਹ ਉਨ੍ਹਾਂ ਨੂੰ ਰੱਬ ਸਮਝ ਕੇ ਹੀ ਕਰਦਾ ਸੀ।

ਪਿੱਛੇ ਜਿਹੇ ਉਸ 'ਤੇ ਟਾਈਫਾਇਡ ਦੇ ਬੁਖਾਰ ਨੇ ਜ਼ੋਰਦਾਰ ਹਮਲਾ ਕਰ ਦਿੱਤਾ। ਮੈਂ ਸ੍ਰੀਮਤੀ ਸਮੇਤ ਉਸ ਦਾ ਪਤਾ ਲੈਣ ਗਿਆ। ਬੁਖ਼ਾਰ ਨੇ ਉਸ ਦਾ ਸਾਰਾ ਸਰੀਰ ਝੰਬ ਦਿੱਤਾ ਸੀ ਤੇ ਉਸ ਦਾ ਭਾਰ ਪੰਦਰਾਂ ਕਿਲੋ ਦੇ ਲਗਪਗ ਘੱਟ ਗਿਆ। ਉਹ ਅਰਾਮ ਕਰ ਰਿਹਾ ਸੀ ਕਿ ਮੈਂ ਚਾਣਚੱਕ ਉਸ ਨੂੰ ਜਾ ਜਗਾਇਆ। ਮੈਨੂੰ ਵੇਖ ਕੇ ਉਹ ਕੇ ਉੱਠ ਕੇ ਬੈਠ ਗਿਆ। ਬੱਲੇ ਬੱਲੇ, ਮੇਰਾ ਡਾਕਟਰ ਆ ਗਿਆ ਬਈ। ਲੈ ਹੁਣ ਇਸ ਨਾਲ ਗੱਲਾਂ ਕਰ ਕੇ ਸਾਰੀ ਬਿਮਾਰੀ ਭੱਜਾ ਦੇਣੀ ਆਪਾਂ। ਉਸ ਨਾਹਰਾ ਜਿਹਾ ਲਾਇਆ ਤੇ ਕੰਮਜ਼ੋਰ ਸਿਹਤ ਦੇ ਬਾਵਜੂਦ ਡਾਕਟਰੀ ਹਦਾਇਤਾਂ ਨੂੰ ਨਜ਼ਰ ਅੰਦਾਜ਼ ਕਰ ਕੇ ਮੇਰੇ ਨਾਲ ਗੱਲਾਂ ਕਰਦਾ ਰਿਹਾ। ਲੈ ਤੇਰੇ ਵੱਡੇ ਆਲੋਚਕ ਕੋਲ ਤਾਂ ਸਮਾਂ ਨਹੀਂ ਪਰ ਆਹ ਵੇਖ, ਤੇਰੇ ਵੱਡੇ ਵੀਰ ਦੇ ਨਾਵਲਾਂ ਅਤੇ ਕਹਾਣੀਆਂ 'ਤੇ ਆਲੋਚਨਾਂ ਦੀਆਂ ਤਿੰਨ ਪੁਸਤਕਾਂ ਇੱਕਠੀਆਂ ਆਈਆਂ ਨੇ। ਉਸ ਆਪ ਉੱਠਕੇ ਆਪਣੀ ਅਲਮਾਰੀ ਵਿੱਚੋਂ ਤਿੰਨ ਪੁਸਤਕਾਂ ਕੱਢ ਕੇ ਮੇਰੇ ਹੱਥਾਂ ਵਿਚ ਦੇ ਦਿੱਤੀਆਂ। ਡਾ. ਅਰਵਿੰਦਰ ਕੌਰ ਕਾਕੜਾ, ਡਾ. ਸਤਪ੍ਰੀਤ ਸਿੰਘ ਜੱਸਲ ਤੇ ਡਾ. ਪ੍ਰਿਥਵੀ ਰਾਜ ਥਾਪਰ (ਦਿੱਲੀ) ਵੱਲੋਂ ਉਸ ਦੀਆਂ ਕਹਾਣੀਆਂ 'ਤੇ ਕੀਤੇ ਮੌਲਿਕ ਤੇ ਸੰਪਾਦਿਤ ਕਾਰਜਾਂ ਦੀਆਂ ਪੁਸਤਕਾਂ ਫੜਾਉਣ ਦੇ ਬਹਾਨੇ, ਉਹ ਮੈਨੂੰ ਉਲਾਂਭਾ ਵੀ ਦੇ ਗਿਆ ਕਿ ਮੈਂ ਉਸ ਦੀਆਂ ਲਿਖਤਾਂ ਦਾ ਨੋਟਿਸ ਲੈਣ ਵਿਚ ਹੁਣ ਘੌਲ ਕਰਨ ਲੱਗ ਪਿਆ ਹਾਂ।

ਜਿੱਥੇ ਉਹਦਾ ਸਾਰਾ ਪਰਿਵਾਰ ਉਸ ਦੇ ਕਿਸੇ ਵੀ ਬੋਲ ਨੂੰ ਪੁਗਾਉਣ ਲਈ ਪੱਬਾਂ ਭਾਰ ਖੜ੍ਹ ਜਾਂਦਾ ਉੱਥੇ ਉਸ ਦੀ ਵੀ ਪਰਿਵਾਰ ਪ੍ਰਤੀ ਸਮਰਪਣ ਭਾਵਨਾ ਮਿਸਾਲੀ ਸੀ। ਵੱਡਾ ਬੇਟਾ ਤਾਂ ਉਸ ਤੋਂ ਅੱਡ ਹੋ ਕੇ ਬਠਿੰਡੇ ਰਹਿੰਦਾ ਪਰ ਛੋਟੇ ਬੇਟੇ ਤੇਜਵੰਤ ਤੇ ਨੂੰਹ ਨਾਲ ਉਸ ਦਾ ਇੰਨਾਂ ਮੋਹ ਸੀ ਕਿ ਜਿਵੇਂ ਉਹ ਸਤਿਯੁਗ ਵੇਲਿਆ ਦਾ ਬਾਪ ਹੋਵੇ। ਉਸ ਦਾ ਪੋਤਰਾਂ ਫਤਿਹ ਉਸ ਦੀ ਜਿੰਦ-ਜਾਨ ਸੀ। ਇਸ ਲਈ ਉਸ ਨੇ ਆਪਣੀ ਸਵੈ-ਜੀਵਨੀ ਦੇ ਮੁੱਖ ਟਾਈਟਲ ਤੇ ਆਪਣੀ ਬਜਾਏ ਆਪਣੇ ਪੋਤੇ ਦੀ ਫੋਟੋ ਛਪਵਾਈ।

ਕਿਸੇ ਅਖ਼ਬਾਰ ਦੇ ਸਾਹਿਤਕ ਪਰਚੇ ਦੇ ਸੰਪਾਦਕ ਨੇ ਮੇਰੀ ਜ਼ਿੰਮੇਵਾਰੀ, ਉਸ ਦੀ ਸਾਹਿਤਕ ਮੁਲਾਕਾਤ ਕਰਨ ਦੀ ਲਾਈ ਤਾਂ ਉਚੇਚ ਨਾਲ ਸੁਆਲ ਤਿਆਰ ਕਰ ਕੇ ਉਸ ਦੇ ਘਰ ਪਹੁੰਚ ਗਿਆ। ਇੰਟਰਵਿਊ ਦੇਣ ਵੇਲੇ ਆਪਣੀ ਜ਼ਿੰਦਗੀ ਦੇ ਪੰਨੇ ਪਰਤਦਿਆਂ ਉਹ ਕਈ ਵਾਰ ਭਾਵੁਕ ਹੋਇਆ ਤੇ ਕਈ ਵਾਰ ਖੁਲ੍ਹ ਕੇ ਹੱਸਿਆ। ਇੰਟਰਵਿਊ ਦੀ ਸਮਾਪਤੀ ਤੇ ਉਹ ਖ਼ੁਸ਼ੀ ਭਰੇ ਰੌਅ ਵਿਚ ਬੋਲਿਆ, 'ਯਾਰ ਬੋਹੇ ਤੂੰ ਤਾਂ ਮੇਰੀ ਅੱਧੀ ਜਾਨ ਐਂ ਤੇ ਮੇਰੀ ਸਾਹਿਤਕ ਜੀਵਨ ਦਾ ਪਹੀਆਂ ਵੀ, ਤੇਰੇ ਹੁੰਦਿਆ ਮੈਨੂੰ ਇਹ ਫ਼ਿਕਰ ਨਹੀਂ ਕਿ ਮੇਰੇ ਪਿੱਛੋਂ ਮੇਰੀਆਂ ਰਚਨਾਵਾਂ ਤੇ ਕਿਤਾਬਾਂ ਦਾ ਫ਼ਿਕਰ ਕੌਣ ਕਰੇਗਾ ਤੇ ਹੁਣ ਉਹ ਆਪਣੇ ਬੋਲਾ ਨੂੰ ਸੱਚਾ ਕਰਕੇ ਮੇਰੇ ਸਿਰ 'ਤੇ ਆਪਣੀਆਂ ਕਿਤਾਬਾਂ ਸੰਭਾਲਣ ਦੀ ਜ਼ਿੰਮੇਵਾਰੀ ਪਾ ਕੇ ਸੱਚ-ਮੁੱਚ ਚਲਾ ਗਿਆ ਹੈ। •

## ਕਵਿਤਾ

ਕਿਰਾਏ ਦੀ ਜ਼ਿੰਦਗੀ
ਬਾਬਲ ਦੀ ਪੱਗ ਦੇ ਬੋਝ ਥੱਲੇ
ਅੱਖ ਦੀ ਘੂਰ ਤੋਂ
ਅਰਮਾਨਾਂ ਨੂੰ ਫੁੱਟੇ ਖੰਭ
ਹਾਰੇ 'ਚ ਪਾਥੀਆਂ ਨਾਲ ਝੋਕ ਦਿੱਤੇ
ਦਿਨ ਫੁੱਟਦੇ ਹੀ ਰੁੱਝ ਜਾਣਾ
ਨੂੰਹ, ਪਤਨੀ ਤੇ ਮਾਂ ਦੇ ਫਰਜ਼ਾਂ 'ਚ
ਨੌ ਤੋਂ ਪੰਜ ਬਹੁਤੇ ਔਖੇ ਵੱਜਦੇ ਨੇ
ਦਫ਼ਤਰੀ ਫਾਈਲਾਂ ਨਾਲ
ਫਾਇਲ ਵਾਂਗ ਵਿਚਰਦੇ ਹੋਏ
ਬੂਹੇ ਦੀਆਂ ਦੇਲੀਆਂ ਓਦਾਂ ਹੀ
ਉਡੀਕ ਦੀਆਂ ਨੇ
ਜਿੱਦਾਂ ਛੱਡ ਕੇ ਗਈ ਸਾਂ ਮੈਂ
ਮੈਂ ਨਹੀਂ!
ਮੇਰੇ ਕੋਲ ਸਭ ਕੁਝ ਹੈ,
ਪਤੀ, ਦੁੱਧ ਨਾਲ ਪੁੱਤ ਤੇ ਰੁਜ਼ਗਾਰ
ਪਰ ਕੁਝ ਵੀ ਨਹੀਂ
ਪਸੀਨੇ ਵੱਟੇ ਝੋਲੀ ਪਏ ਛਿੱਲੜ ਵੀ
ਮੇਰੇ ਹੱਕ ਤੋਂ ਸੱਖਣੇ ਨੇ।
ਮਨ ਫੁਰਿਆ ਕੁਝ ਕਰਨਾ
ਕਿਤੇ ਜਾਣਾ ਤਾਂ ਦੂਰ
ਮੈਨੂੰ ਸੋਚਣ ਦੀ ਵੀ ਮਨਾਹੀ ਹੈ
ਕਿਰਾਏ ਦੀ ਜ਼ਿੰਦਗੀ ਜੋ ਜੀਅ
ਰਹੀ ਹਾਂ,
ਜਿਸ ਦਾ ਮਾਲਕ ਹਮੇਸ਼ਾਂ ਕੋਈ ਹੋਰ ਹੈ।
ਸਭ ਕੁਝ ਹੁੰਦਿਆਂ ਹੋਇਆਂ
ਕੁਝ ਨਾ ਹੋਣ ਦਾ ਅਹਿਸਾਸ ਹੀ
ਕਾਫ਼ੀ ਹੈ
ਮਸ਼ੀਨ ਵਾਂਗ ਚੱਲਦਿਆਂ ਮੈਨੂੰ
ਅੰਦਰੋਂ ਲਾਸ਼ ਬਣਨ ਲਈ।
ਮੈਨੂੰ ਖੰਭ ਤਾਂ ਦਿੰਦੇ
ਅੰਬਰੀਂ ਪਰਵਾਜ਼ ਭਰਨ ਲਈ
ਡਰ ਕਿਸ ਗੱਲ ਦਾ?
ਪੰਛੀ ਆਖਿਰ ਆਲ੍ਹਣੇ ਹੀ ਮੁੜਦੇ ਨੇ,
ਉੱਡ ਕੇ ਚਾਹੇ ਜਿੱਥੇ ਗਏ ਹੋਣ।
ਗੰਢ!
ਜ਼ਰੂਰੀ ਨਹੀਂ ਕਿ ਰੱਸੀ ਦੀ ਹੀ ਬੱਝੇ
ਮਨ ਅੰਦਰ ਵੀ ਬੱਝ ਜਾਂਦੀ ਏ
ਮਰਜ਼ੀ 'ਚ ਮਰਜ਼ੀ ਦਾ ਨਾ ਹੋਣਾ
ਅੱਖਾਂ ਦੀ ਚਮਕ ਪਿੱਛੇ ਕਾਲੀ ਘਟਾ
ਮੁਸਕਰਾਉਂਦੇ ਬੁੱਲ੍ਹਾਂ 'ਤੇ ਵੀ
ਚਿਹਰੇ ਦਾ ਉਤਰਿਆ ਹਾਸਾ
ਨਜ਼ਰ ਨਾ ਆਉਣਾ
ਦੂਣਾ ਕਰਦਾ ਹੈ
ਗੰਢ 'ਚ ਬੱਝੇ ਖਾਲੀਪਣ ਨੂੰ।
ਜ਼ਿੰਦਗੀ ਮਾਨਣ ਤਾਂ ਦਿਉ
ਕੁਝ ਜ਼ਿਆਦਾ ਨਹੀਂ ਮੰਗਿਆ
ਸਿਰਫ਼ ਹਾਣ
ਉਮਰਾਂ ਦਾ ਹੀ ਨਹੀਂ,
ਜਜ਼ਬਾਤਾਂ ਦਾ ਵੀ।

• **ਗੋਬਿੰਦਰ ਸਿੰਘ ਢੀਂਡਸਾ,** *ਮੋਬਾਈਲ : 92560-66000*

## ਮਿੰਨੀ ਕਹਾਣੀ

# ਲੋੜ



ਅਮਰ ਕੌਰ ਆਪਣੇ ਦੋਵੇਂ ਪੁੱਤਰ ਵਿਆਹ ਕੇ ਸੁਰਖ਼ਰੂ ਹੋ ਗਈ ਸੀ। ਹੁਣ ਉਹ ਹਰ ਵੇਲੇ ਖ਼ੁਸ਼ੀ ਵਿਚ ਖ਼ੀਵੀ ਹੋਈ ਰਹਿੰਦੀ। ਇਕ ਦਿਨ ਜਦੋਂ ਉਹ ਦੀ ਛੋਟੀ ਨੂੰਹ ਆਪਣੀ ਇਕਲੌਤੀ ਧੀ ਦੀ ਲੋਹੜੀ ਮਨਾਉਣ ਬਾਰੇ ਸਲਾਹ ਕਰਨ ਲੱਗੀ ਤਾਂ ਅਮਰੋ ਨੇ ਵਿੱਚੋਂ ਟੋਕ ਕੇ ਕਿਹਾ,

'ਧੀਏ, ਸੁੱਖ ਨਾਲ ਗਾਹਾਂ ਨੂੰ ਰੱਬ ਮੈਨੂੰ ਪੋਤਾ ਹੀ ਦੇਦੂ ਓਦੋਂ ਹੀ ਸਾਰੀਆਂ ਖ਼ੁਸ਼ੀਆਂ ਮਨਾ ਲਵਾਂਗੇ, ਹੁਣੇ ਕਾਹਤੋਂ ਖ਼ਰਚ ਕਰਨਾ ਖਾਮਖ਼ਾਹ'

ਸੱਸ ਦੇ ਬੋਲਾਂ ਤੋਂ ਖਿੱਝ ਕੇ ਉਸ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ, 'ਮਾਂ ਜੀ, ਅਸੀਂ ਤਾਂ ਇੱਕੋ ਬੱਚਾ ਰੱਖਣਾ ਬੱਸ, ਹੁਣ ਤਾਂ ਮੇਰੀ ਧੀ ਹੀ ਸਭ ਕੁਝ ਐ, ਮੇਰੀ ਜਠਾਣੀ ਦੇ ਵੀ ਤਾਂ ਇੱਕੋ ਜਵਾਕ ਐ, ਉਹਨੂੰ ਤਾਂ ਤੁਸੀਂ ਕਦੇ ਨਹੀਂ ਕਿਹਾ ਦੂਜਾ ਬੱਚਾ ਜੰਮਣ ਨੂੰ'। ਇਹ ਸੁਣ ਕੇ ਅਮਰੋ ਨੂੰਹ ਨੂੰ ਅੱਖਾਂ ਨਾਲ ਘੂਰਦੀ ਹੋਈ ਬੋਲੀ, 'ਜੇ ਉਸ ਦੇ ਕੁੜੀ ਹੁੰਦੀ ਫਿਰ ਤਾਂ ਉਹ ਵੀ ਹੋਰ ਜਵਾਕ ਜੰਮਦੀ, ਜਦੋਂ ਰੱਬ ਨੇ ਪਹਿਲਾਂ ਹੀ ਮੁੰਡਾ ਦੇ ਦਿੱਤਾ ਫਿਰ ਉਹਨੂੰ ਕੀ ਲੋੜ ਐ, ਹੋਰ ਜਵਾਕ ਜੰਮਣ ਦੀ'?

• **ਮਾ. ਸੁਖਵਿੰਦਰ ਦਾਨਗੜ੍ਹ,** *ਮੋਬਾਈਲ : 94171-80205*

## ਸ਼ਬਦੋ ਵਣਜਾਰਿਓ

# ਪੈਸਾ



ਪਰਮਜੀਤ ਢੀਂਗਰਾ

ਮੋਬਾਈਲ : 94173-58120

*ਭਾਰਤ ਵਿਚ ਰੁਪਏ ਦਾ ਮੁੱਲ ਕਿਸੇ ਸਮੇਂ ਚਾਲੀ ਪੈਸੇ ਸੀ ਫਿਰ ਚੌਂਹਠ ਪੈਸੇ ਹੋ ਗਿਆ। ਦਸ਼ਮਿਕ ਪ੍ਰਣਾਲੀ ਦੇ ਲਾਗੂ ਹੋਣ ਨਾਲ ਸੌ ਪੈਸਿਆਂ ਦਾ ਇਕ ਰੁਪਿਆ ਬਣ ਗਿਆ। ਪੰਜਾਬੀ ਕੋਸ਼ਾਂ ਅਨੁਸਾਰ ਤਾਂਬੇ ਦਾ ਇਕ ਸਿੱਕਾ ਰੁਪਏ ਦਾ ਸੌਵਾਂ ਭਾਗ ਹੈ...*

ਪੈਸਾ ਅੱਜ ਕੱਲ੍ਹ ਧਨ ਦੌਲਤ ਦੇ ਭਾਵਵਾਚੀ ਅਰਥ ਰੱਖਦਾ ਹੈ। ਪਾਈ ਤੇ ਪੈਸਾ ਮੂਲ ਰੂਪ ਵਿਚ ਇੱਕੋ ਹਨ। ਦੋਵੇਂ ਸੰਸਕ੍ਰਿਤ ਦੀ ਧਾਤੂ 'ਪਦ' ਤੋਂ ਜਨਮੇ ਹਨ। ਜਿੱਥੇ ਇਸ ਦੇ ਅਰਥ ਹਨ ਹਿੱਸਾ, ਅਥਵਾ ਛੋਟੀ ਮੁਦਰਾ। ਪਾਈ ਵੀ ਇਸੇ ਤੋਂ ਬਣਿਆ ਹੈ, ਜਿਸ ਨੂੰ ਰੁਪਏ ਦੀ ਸਭ ਤੋਂ ਛੋਟੀ ਇਕਾਈ ਮੰਨਿਆ ਜਾਂਦਾ ਹੈ ਤੇ ਪੈਸੇ ਦੇ ਬਰਾਬਰ ਰੱਖਿਆ ਜਾਂਦਾ ਹੈ। ਭਾਰਤ ਵਿਚ ਰੁਪਏ ਦਾ ਮੁੱਲ ਕਿਸੇ ਸਮੇਂ ਚਾਲੀ ਪੈਸੇ ਸੀ ਫਿਰ ਚੌਂਹਠ ਪੈਸੇ ਹੋ ਗਿਆ। ਦਸ਼ਮਿਕ ਪ੍ਰਣਾਲੀ ਦੇ ਲਾਗੂ ਹੋਣ ਨਾਲ ਸੌ ਪੈਸਿਆਂ ਦਾ ਇਕ ਰੁਪਿਆ ਬਣ ਗਿਆ। ਪੰਜਾਬੀ ਕੋਸ਼ਾਂ ਅਨੁਸਾਰ ਤਾਂਬੇ ਦਾ ਇਕ ਸਿੱਕਾ ਰੁਪਏ ਦਾ ਸੌਵਾਂ ਭਾਗ ਹੈ। 31 ਦਸੰਬਰ 1963 ਤਕ ਇਸ ਨੂੰ ਨਵਾਂ ਪੈਸਾ ਕਹਿੰਦੇ ਸਨ।

ਤਾਂਬੇ ਦਾ ਪੁਰਾਣਾ ਸਿੱਕਾ ਜੋ ਰੁਪਏ ਦਾ ਚੌਂਠਵਾਂ ਭਾਗ ਹੁੰਦਾ ਸੀ। ਫ਼ਾਰਸੀ ਕੋਸ਼ ਵਿਚ ਵੀ ਇਹਦੇ ਇਹੋ ਅਰਥ ਮਿਲਦੇ ਹਨ। ਅਧੇਲਾ ਜਾਂ ਧੇਲਾ ਵੀ ਸਭ ਤੋਂ ਛੋਟੀ ਮੁਦਰਾ ਸੀ। ਦਾਮ ਦਾ ਚੌਥਾ ਹਿੱਸਾ ਪਾਵਲਾ ਹੁੰਦਾ ਸੀ। ਤੋਲ ਦੀ ਮਾਤਰਾ ਵਿਚ ਅੱਜ ਵੀ ਪਾ ਜਾਂ ਪਾਈਆ ਹੈ। ਪਦ ਵਿਚ ਵੀ ਚੌਥੇ ਹਿੱਸੇ ਦਾ ਭਾਵ ਹੈ। ਪਾਵਲਾ ਤੋਂ ਵੀ ਛੋਟੀ ਇਕ ਹੋਰ ਮੁਦਰਾ ਸੀ-ਦਮੜੀ। ਇਹ ਪਾਅ ਦਾ ਅੱਧਾ ਅਤੇ ਦਾਮ ਅਥਵਾ ਰੁਪਏ ਦਾ ਅੱਠਵਾਂ ਹਿੱਸਾ ਸੀ। ਪੈਸੇ ਦਾ ਪ੍ਰਸਾਰ ਪੱਛਮੀ ਮੁਲਕਾਂ ਵਿਚ ਵੀ ਹੋਇਆ। ਮੁਗ਼ਲ ਕਾਲ ਵਿਚ ਅਫ਼ਗਾਨਿਸਤਾਨ ਵਿਚ ਵੀ ਪੈਸਾ ਚਲਦਾ ਰਿਹਾ। ਨੇਪਾਲ ਤੇ ਪਾਕਿਸਤਾਨ ਵਿਚ ਅੱਜ ਵੀ ਚਲ ਰਿਹਾ ਹੈ। ਬੰਗਲਾ ਦੇਸ਼ ਵਿਚ ਇਹ 'ਪੋਈਸ਼ਾ' ਹੈ। ਮਸਕਟ, ਬਹਿਰੀਨ, ਕਤਰ, ਓਮਾਨ ਆਦਿ ਅਰਬ ਦੇਸ਼ਾਂ ਵਿਚ ਵੀ ਪੈਸਾ ਸਰਕਾਰੀ ਮੁਦਰਾ ਵਜੋਂ ਡਟਿਆ ਹੋਇਆ ਹੈ। ਓਥੇ ਇਹਦਾ ਨਾਂ ਬੈਸਾ ਜਾਂ ਬੈਜ਼ਾ ਹੈ। ਓਮਾਨ ਵਿਚ ਪੈਸੇ ਵਾਂਗ ਸਭ ਤੋਂ ਛੋਟੀ ਮੁਦਰਾ ਬੈਸਾ ਹੈ।

ਪੰਜਾਬੀ ਵਿਚ ਪੈਸੇ, ਧੇਲੇ ਨਾਲ ਜੁੜੇ ਅਨੇਕਾਂ ਮੁਹਾਵਰੇ ਤੇ ਅਖਾਣ ਪ੍ਰਚਲਤ ਹਨ-ਪੈਸਾ ਸਭ ਕੁਝ ਸਿਖਾ ਦਿੰਦਾ ਹੈ, ਪੈਸਾ ਹੱਥਾਂ ਦੀ ਮੈਲ ਹੈ, ਪੈਸਾ ਖਾਣਾ, ਪੈਸਾ ਖੋਟਾ ਆਪਣਾ-ਬਾਣੀਏ ਨੂੰ ਕੀ ਦੋਸ਼, ਪੈਸਾ ਪੀਰ ਹੋਣਾ, ਪੈਸਾ ਜੋੜਨਾ, ਪੈਸਾ ਡੋਬਣਾ. ਪੈਸਾ ਪੈਸਾ ਕਰ ਕੇ ਜੋੜਨਾ, ਪੈਸਾ ਪੈਸਾ ਕਰਨਾ, ਪੈਸਾ ਪੈਸਾ ਚੁਕਾਉਣਾ, ਪੈਸਾ ਪੈਸਾ ਤਾਰਨਾ, ਪੈਸਾ ਪੈਸਾ ਲਾਹੁਣਾ, ਪੈਸਾ ਨਾ ਧੇਲਾ ਕਰਦੀ ਮੇਲਾ ਮੇਲਾ, ਪੈਸਾ ਪੈਸੇ ਨੂੰ ਖਿਚਦਾ, ਪੈਸਾ ਫੂਕਣਾ, ਪੈਸਾ ਰੋੜ੍ਹਨਾ, ਪੈਸਾ ਲਾਹੁਣਾ, ਪੈਸਾ ਲੁਟਾਉਣਾ, ਪੈਸਾ ਸੁਟਣਾ, ਪੈਸਾ ਕਮਾਉਣਾ, ਪੈਸਾ ਖਰਾ ਹੋਣਾ, ਪੈਸੇ ਖੜ੍ਹੇ ਹੋਣਾ, ਪੈਸਾ ਤਾਰਨਾ, ਪੈਸੇ ਦਾ ਪੁੱਤ, ਪੈਸੇ ਦਾ ਯਾਰ, ਪੈਸੇ ਦੀ ਖੇਡ, ਪੈਸੇ ਦੀ ਮਾਇਆ, ਪੈਸੇ ਨੂੰ ਪੈਸਾ ਸਮਝਣਾ, ਪੈਸੇ ਪੈਸੇ ਤੇ ਜਾਨ ਦੇਣਾ, ਪੈਸੇ ਪੈਸੇ ਤੋਂ ਆਤਰ ਹੋਣਾ, ਪੈਸੇ ਪੈਸੇ ਨੂੰ ਤਰਸਣਾ, ਪੈਸੇ ਪੈਸੇ ਪਿੱਛੇ ਮਰਨਾ, ਪੈਸੇ ਪੈਸੇ ਤੋਂ ਮੁਥਾਜ ਹੋਣਾ, ਪੈਸਾ ਬਟੋਰਨਾ, ਪੈਸਾ ਮੁੱਛਣਾ, ਪੈਸੇ ਵਿਚ ਖੇਡਣਾ, ਖੋਟੇ ਪੈਸੇ ਵਾਂਗ ਮੁੜਨਾ, ਮੂੰਹ ਨਾਲ ਪੈਸਾ ਚੁੱਕਣਾ, ਸੱਪ ਦੀ ਸਿਰੀ ਤੋਂ ਪੈਸਾ ਲਾਹੁਣਾ, ਮੇਲਾ ਮੇਲੀਆਂ ਦਾ ਪੈਸਾ ਧੇਲੀਆਂ ਦਾ, ਧੇਲਾ ਨਾ ਦੇਣਾ, ਧੇਲੇ ਦਾ ਆਦਮੀ, ਧੇਲੇ ਧੇਲੇ ਦਾ ਸਰਫਾ ਕਰਨ, ਧੇਲੇ ਧੇਲੇ ਨੂੰ ਵਿਕਣਾ, ਧੇਲੇ ਵੱਟੇ ਨਾ ਸਿਆਣਨਾ, ਧੇਲਾ ਨਾ ਦੇਇ ਧੇਲੀ ਦੇਇ, ਧੇਲਾ ਨਾ ਪੱਲੇ ਬਾਹਮਣ ਗੰਗਾ ਨੂੰ ਚੱਲੇ, ਧੇਲੇ ਦੀ ਬੁੱਢੀ ਟਕਾ ਸਿਰ ਮੁੰਨਾਈ, ਧੇਲੇ ਵਾਲਾ ਮੰਗੇ, ਰੁਪਈਏ ਵਾਲਾ ਸੰਗੇ, ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ। ਇੰਜ ਹੀ ਅੱਧਾ ਰੁਪਈਆ ਜਾਂ ਅਠਿਆਨੀ ਧੇਲੀ ਅਖਵਾਂਦੀ ਹੈ। ਮੇਲਾ ਮੇਲੀਆਂ ਦਾ, ਕੁਝ ਪੈਸਿਆਂ ਦਾ ਕੁਝ ਧੇਲੀਆਂ ਦਾ। •

• **ਗੁਰਮੀਤ ਸਿੰਘ ਮਰਾੜ੍ਹ,** *ਮੋਬਾਈਲ : 95014-00397*

## ਮਿੰਨੀ ਕਹਾਣੀ

# ਬੋਝ



ਘਰੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ, ਮਲਬਾ ਚੁੱਕਣ ਅਤੇ ਮਿੱਟੀ ਅੰਦਰ ਸੁੱਟਣ ਲਈ ਮਜ਼ਦੂਰ ਦੀ ਲੋੜ ਸੀ। ਮੈਂ ਮਜਦੂਰਾਂ ਵਾਲੇ ਚੌਂਕ ਜਾ ਕੇ ਮਜ਼ਦੂਰ ਦੀ ਭਾਲ ਕਰਨ ਹੀ ਲੱਗਾ ਸੀ ਕਿ ਇਕ ਬਜ਼ੁਰਗ ਚਿੱਟੀ ਦਾੜ੍ਹੀ ਵਾਲਾ ਛੇਤੀ ਛੇਤੀ ਮੇਰੇ ਵੱਲ ਆਇਆ ਤੇ ਮਜ਼ਦੂਰੀ ਲਈ ਤਰਲੇ ਕਰਨ ਲੱਗਾ। ਮੈਂ ਦੱਸਿਆ ਕਿ ਬਾਬਾ ਭਾਰ ਚੁੱਕਣ ਵਾਲਾ ਕੰਮ ਆ, ਤੈਥੋਂ ਨਹੀਂ ਹੋਣਾ।

'ਨਹੀਂ ਪੁੱਤ ਮੈਂ ਤਾਂ ਮੁੰਡਿਆਂ ਨਾਲੋਂ ਵੀ ਵਧ ਕੰਮ ਕਰੂੰ, ਟਾਈਮ ਵੀ ਵਧ ਲਾਦੂ... ਪੁੱਤ ਦਿਹਾੜੀ ਲਵਾ ਕੇ ਵੇਖ ਲੈ...'। ਮੈਂ ਉਸ ਦੀ ਉਮਰ ਵੇਖ ਕੇ ਹਾਮੀ ਭਰਨ ਤੋਂ ਝਿਜਕ ਰਿਹਾ ਸਾਂ ਅਤੇ ਆਸੇ-ਪਾਸੇ ਵੇਖ ਰਿਹਾ ਸੀ ਤਦੇ ਉਸ ਦੀ ਕਹੀ ਗੱਲ ਨੇ ਮੈਨੂੰ ਝੰਜੋੜ ਕੇ ਰੱਖ ਦਿੱਤਾ। 'ਪੁੱਤ ਚਾਰ ਜੀਆਂ ਦੀ ਰੋਟੀ ਦਾ ਵਾਸਤਾ... ਸ਼ਾਮ ਨੂੰ ਸਾਡੇ ਘਰ ਰੋਟੀ ਨਹੀਂ ਪੱਕਣੀ, ਕਈ ਦਿਨ ਹੋ ਗਏ ਦਿਹਾੜੀ ਲੱਗਿਆਂ...'। ਸੁਣ ਕੇ ਮੈਂ ਕੰਬ ਗਿਆ ਅਤੇ ਉਸ ਨੂੰ ਸਕੂਟਰ 'ਤੇ ਬਿਠਾ ਘਰ ਲੈ ਆਇਆ। ਵੇਖ ਕੇ ਸ੍ਰੀਮਤੀ ਦਾ ਪਾਰਾ ਵੀ ਚੜ੍ਹ ਗਿਆ ਅਤੇ ਮਿਸਤਰੀ ਵੀ ਮੇਰੇ ਮੂੰਹ ਵੱਲ ਵੇਖਣ ਲੱਗਾ। ਮੈਂ ਝੂਠ ਬੋਲ ਦਿੱਤਾ ਕਿ ਹੋਰ ਮਜ਼ਦੂਰ ਮਿਲਿਆ ਨਹੀਂ। ਬਜ਼ੁਰਗ ਵਿੱਤੋਂ ਵਧ ਜ਼ੋਰ ਲਗਾ ਕੇ ਕੰਮ ਕਰ ਰਿਹਾ ਸੀ। ਦੁਪਹਿਰੇ ਰੋਟੀ ਖਾਣ ਲੱਗਿਆ ਤਾਂ ਆਚਾਰ ਜਾਂ ਚਟਣੀ ਦੀ ਮੰਗ ਬੜੇ ਤਰਲੇ ਜਿਹੇ ਨਾਲ ਕੀਤੀ।

ਮੈਂ ਵੇਖਿਆ ਤਾਂ ਉਸ ਕੋਲ ਦੋ ਸੁੱਕੀਆਂ ਰੋਟੀਆਂ ਸਨ। ਮੈਂ ਬਣੀ ਸਬਜ਼ੀ ਅਤੇ ਦੋ ਹੋਰ ਰੋਟੀਆਂ ਉਸ ਨੂੰ ਦੇ ਦਿੱਤੀਆਂ। ਪਤਾ ਨਹੀਂ ਕਿੰਨੀਆਂ ਅਸੀਸਾਂ ਉਸ ਦੇ ਮੂੰਹੋਂ ਨਿਕਲੀਆਂ। ਰੋਟੀ ਖਾਂਦਿਆਂ ਹੀ ਉਸ ਨੇ ਬੱਠਲ ਚੁੱਕ ਲਿਆ ਪਰ ਮੈਂ ਉਸ ਨੂੰ ਬਿਠਾ ਲਿਆ ਅਤੇ ਉਸ ਦਾ ਇਸ ਉਮਰੇ ਮਜ਼ਦੂਰੀ ਕਰਨ ਦਾ ਕਾਰਣ ਪੁੱਛਣ ਲੱਗਾ। ਉਸ ਨੇ ਦੱਸਿਆ ਕਿ ਉਹ ਲਾਗਲੇ ਪਿੰਡੋਂ ਆਉਂਦਾ ਹੈ। ਉਸ ਦਾ ਇੱਕੋ ਮੁੰਡਾ ਸੀ ਜੋ ਕਰਜੇ ਕਾਰਨ ਆਤਮ ਹੱਤਿਆ ਕਰ ਗਿਆ ਸੀ। ਥੋੜ੍ਹੀ ਜਿਹੀ ਜ਼ਮੀਨ ਸੀ। ਘਰ ਵਾਲੀ ਨੂੰ ਕੈਂਸਰ ਹੋ ਗਿਆ, ਨਾ ਉਹ ਬਚੀ ਨਾ ਜ਼ਮੀਨ। ਮੁੰਡੇ ਦੇ ਦੋ ਜੁਆਕ ਆ ਨਿੱਕੇ ਨਿੱਕੇ। ਨੂੰਹ ਵਿਚਾਰੀ ਕੀ ਕਰੇ, ਕਿੱਥੇ ਜਾਂਦੀ, ਸਾਡੇ ਵਰਗਿਆਂ ਦੀ ਹੀ ਧੀ ਆ.ਕੌਣ ਝੱਲੇ? ਅਖੀਰ ਟੱਬਰ ਨੂੰ ਰੋਟੀ ਦੇਣ ਲਈ ਸ਼ਹਿਰ ਆ ਕੇ ਦਿਹਾੜੀ-ਟੱਪਾ ਕਰਨ ਲੱਗਿਆ, ਉਮਰ ਕਰਕੇ ਛੇਤੀ ਕੋਈ ਲੈ ਕੇ ਨਹੀਂ ਜਾਂਦਾ।

ਕਦੇ ਕਦੇ ਦਿਹਾੜੀ ਮਿਲਦੀ ਆ, ਸੁੱਕਾ-ਗਿੱਲਾ ਪੇਟ ਝੁਲਸਾ ਕਰੀ ਜਾਨੇ ਆ। ਪੁੱਤ ਤਾਂ ਸਹੁਰਾ ਦਗ਼ਾ ਦੇ ਗਿਆ ਜੁਆਕ ਤਾਂ ਪਾਲਣੇ ਆ। ਹੰਝੂ ਪੂੰਝਦਿਆਂ ਉਸ ਨੇ ਆਪਣੀ ਕਹਾਣੀ ਬਿਆਨ ਕੀਤੀ। ਮੈਂ ਸੋਚ ਰਿਹਾ ਸੀ ਕਿ ਸਾਹਮਣੇ ਪਈ ਮਿੱਟੀ ਦਾ ਭਾਰ ਤਾਂ ਕੁਝ ਵੀ ਨਹੀਂ ਬਾਬਾ ਤਾਂ ਪਤਾ ਨਹੀਂ ਕਿੰਨਾਂ ਬੋਝ ਚੁੱਕੀ ਫਿਰਦਾ ਸੀ। •

## ਕਹਾਣੀ

# ਬਰਤਰਫ਼



ਕੈਲਾਸ਼ ਚੰਦਰ ਸ਼ਰਮਾ

ਮੋਬਾਈਲ : 80540-16816

*ਉਹ ਕੜਕਵੀਂ ਆਵਾਜ਼ ਵਿਚ ਕਹਿਣ ਲੱਗੇ, 'ਤੁਹਾਡੀਆਂ ਗੱਲਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਕੰਮ ਦਾ ਗਿਆਨ ਕੇਵਲ ਤੁਹਾਡੇ ਸਹਾਇਕ ਅਮਲੇ ਨੂੰ ਹੀ ਹੈ। ਤੁਸੀਂ ਨਾ ਤਾਂ ਖ਼ੁਦ ਕੰਮ ਕਰ ਸਕਦੇ ਹੋ ਅਤੇ ਨਾ ਹੀ ਉਨ੍ਹਾਂ ਕੋਲੋਂ ਕਰਵਾ ਸਕਦੇ ਹੋ। ਜੇ ਸਾਰੇ ਕੰਮਾਂ ਦਾ ਹੋਣਾ ਜਾਂ ਨਾ ਹੋਣਾ ਸਹਾਇਕ ਅਮਲੇ 'ਤੇ ਹੀ ਨਿਰਭਰ ਕਰਦਾ ਹੈ ਤਾਂ ਫਿਰ ਵਿਭਾਗ ਨੂੰ ਤੁਹਾਡੀ ਕੋਈ ਜ਼ਰੂਰਤ ਨਹੀਂ। ਇਸ ਲਈ ਤੁਹਾਨੂੰ ਨੌਕਰੀ ਤੋਂ ਬਰਤਰਫ਼ ਕੀਤਾ ਜਾਂਦਾ ਹੈ'। ਇੰਨਾਂ ਸੁਣਦਿਆਂ ਹੀ ਸਾਰੇ ਉਨ੍ਹਾਂ ਅੱਗੇ ਗਿੜਗੜਾਉਣ ਲੱਗੇ'...*

ਵਿਸਾਖਾ ਰਾਮ ਨੂੰ ਮਿਲਣ ਲਈ ਅਜੇ ਮੈਂ ਉਸ ਦੇ ਘਰ ਪਹੁੰਚਿਆ ਹੀ ਸੀ ਕਿ ਅਚਾਨਕ ਕਮਰੇ 'ਚੋਂ ਇਕ ਆਵਾਜ਼ ਕੰਨੀ ਪਈ। ਨਹੀਂ-ਨਹੀਂ, ਮਾਫ਼ ਕਰ ਦਿਉ। ਅੱਗੇ ਤੋਂ ਅਸੀਂ ਹੋਰ ਵਧੇਰੇ ਮਿਹਨਤ ਨਾਲ ਕੰਮ ਕਰਾਂਗੇ। ਇਕ ਵਾਰ ਮੌਕਾ ਦੇ ਦਿਉ। ਮੈਂ ਅਤੇ ਵਿਸਾਖਾ ਰਾਮ ਦੀ ਪਤਨੀ ਘਬਰਾਹਟ ਵਿਚ ਉਸ ਕਮਰੇ ਵੱਲ ਨੂੰ ਦੌੜੇ ਜਿਸ ਵਿੱਚੋਂ ਆਵਾਜ਼ਾਂ ਆ ਰਹੀਆਂ ਸਨ। ਵਿਸਾਖਾ ਰਾਮ ਨੂੰ ਮੰਜੇ ਤੋਂ ਜ਼ਮੀਨ 'ਤੇ ਡਿੱਗਾ ਵੇਖ ਕੇ ਅਸੀਂ ਘਬਰਾ ਗਏ। ਉਹ ਘਬਰਾਇਆ ਹੋਇਆ ਇੱਧਰ-ਉਧਰ ਵੇਖ ਰਿਹਾ ਸੀ ਪਰ ਸਾਨੂੰ ਪਛਾਣ ਨਹੀਂ ਸੀ ਰਿਹਾ।

ਤਰੇਲੀਆਂ ਨਾਲ ਭਿੱਜੇ ਉਸ ਦੇ ਸਰੀਰ ਨੂੰ ਜ਼ੋਰ ਨਾਲ ਹਿਲਾਉਂਦੇ ਹੋਏ ਉਸ ਦੀ ਪਤਨੀ ਨੇ ਪੁੱਛਿਆ, 'ਕੀ ਹੋਇਆ ਏ? ਕੋਈ ਡਰਾਉਣਾ ਸੁਪਨਾ ਵੇਖਿਆ ਏ'? ਵਿਸਾਖਾ ਰਾਮ ਨੇ ਹੌਲੀ ਜਿਹੀ ਸਿਰਫ਼ ਇੰਨਾਂ ਹੀ ਕਿਹਾ, 'ਮੈਂ ਕਿੱਥੇ ਹਾਂ? ਮੈਂ ਕਿੱਥੇ ਗਿਆ ਸੀ'? 'ਆਪਣੇ ਘਰ ਜੇ, ਕਿਤੇ ਵੀ ਨਹੀਂ ਸੀ ਗਏ, ਦਵਾਈ ਖਾ ਕੇ ਸੁੱਤੇ ਸੀ', ਉਸ ਦੀ ਪਤਨੀ ਨੇ ਉਸ ਨੂੰ ਦੱਸਿਆ। ਇੰਨੇ ਚਿਰ ਨੂੰ ਉਹ ਕੁਝ ਹੋਸ਼ ਵਿਚ ਆ ਗਿਆ। ਮੈਂ ਪੁੱਛ ਲਿਆ, 'ਕੀ ਗੱਲ, ਕੋਈ ਡਰਾਉਣਾ ਸੁਪਨਾ ਸੀ'? 'ਕੁਝ ਨਾ ਪੁੱਛ ਯਾਰ', ਥੋੜ੍ਹੀ ਜਿਹੀ ਮੁਸਕਰਾਹਟ ਨਾਲ ਉਸ ਨੇ ਦੱਸਿਆ। ਹੁਣ ਤਕ ਉਹ ਪੂਰੀ ਹੋਸ਼ ਵਿਚ ਆ ਚੁਕਾ ਸੀ।

ਚਾਹ ਪੀਣ ਤੋਂ ਬਾਅਦ, ਸੁਪਨੇ ਬਾਰੇ ਪੁੱਛਿਆ ਤਾਂ ਉਹ ਟਾਲਮਟੋਲ ਕਰਨ ਲੱਗਾ। ਆਖਿਰ ਜ਼ਿਆਦਾ ਜ਼ੋਰ ਦੇਣ 'ਤੇ ਉਸ ਨੇ ਕਹਿਣਾ ਸ਼ੁਰੂ ਕੀਤਾ, 'ਆਹ ਜਦੋਂ ਦੀ ਜ਼ਿਲ੍ਹੇ ਦੀ ਜ਼ਿੰਮੇਵਾਰੀ ਮਿਲੀ ਹੈ, ਮਾਨਸਿਕ ਤਣਾਅ ਕੁਝ ਜ਼ਿਆਦਾ ਹੀ ਰਹਿਣ ਲੱਗ ਪਿਆ ਹੈ। ਆਪ ਕੰਮ ਕਰਨਾ ਬਹੁਤ ਆਸਾਨ ਹੈ ਪਰ ਦੂਸਰਿਆਂ ਕੋਲੋਂ ਕੰਮ ਕਰਵਾਉਣਾ ਬਹੁਤ ਮੁਸ਼ਕਲ ਹੈ। ਜਦੋਂ ਮੈਂ ਇਸ ਅਹੁਦੇ ਨੂੰ ਸੰਭਾਲਿਆ ਸੀ ਤਾਂ ਮਨ 'ਚ ਇਕ ਨਿਸ਼ਚਾ ਕੀਤਾ ਸੀ ਕਿ ਕਿਸੇ ਦਾ ਵੀ ਉਚਿੱਤ ਕੰਮ ਨਹੀਂ ਰੁਕਣ ਦੇਣਾ, ਤੁਰੰਤ ਕਰਨਾ ਹੈ। ਪਰ ਅਮਲੀ ਰੂਪ ਵਿਚ ਵੇਖਿਆ ਹੈ ਕਿ ਇਹ ਸਹਾਇਕ ਅਮਲਾ ਪੇਸ਼ ਨਹੀਂ ਜਾਣ ਦਿੰਦਾ। ਲੋਕ ਕੰਮ ਨਾ ਹੋਣ ਕਾਰਨ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੰਦੇ ਹਨ। 'ਸੁਪਨੇ ਵਾਲੀ ਗੱਲ ਦੱਸ', ਮੈਂ ਕਿਹਾ। ਦੱਸਣ ਲੱਗਾ ਹਾਂ, ਉਸ ਨੇ ਆਪਣੀ ਗੱਲ ਨੂੰ ਅੱਗੇ ਤੋਰਦਿਆਂ ਕਿਹਾ। ਸੁਪਨੇ ਵਿਚ ਵੇਖਿਆ ਕਿ ਲੋਕਾਂ ਦੇ ਕੰਮ ਨਾ ਹੋਣ ਕਰਕੇ ਉੱਪਰਲੇ ਅਫ਼ਸਰ ਬਹੁਤ ਨਾਰਾਜ਼ ਸਨ। ਸਾਰੇ ਪੰਜਾਬ ਦੇ ਜ਼ਿਲ੍ਹਾ ਅਫ਼ਸਰਾਂ ਦੀ ਮੀਟਿੰਗ ਬੁਲਾਈ ਹੋਈ ਸੀ। ਵਾਰੀ-ਵਾਰੀ ਸਾਰਿਆਂ ਦੀ ਕੰਮ ਠੀਕ ਤਰ੍ਹਾਂ ਨਾ ਕਰਨ ਕਾਰਨ ਖਿਚਾਈ ਕੀਤੀ ਜਾ ਰਹੀ ਸੀ। ਸਾਰਿਆਂ ਕੋਲੋਂ ਇਸ ਦਾ ਉੱਤਰ ਮੰਗਿਆ ਤਾਂ ਸਾਰਿਆਂ ਨੇ ਇਕ ਮੱਤ ਵਿਚ ਦੱਸਿਆ ਕਿ ਅਸੀਂ ਆਪਣਾ ਕੰਮ ਪੂਰੀ ਲਗਨ ਨਾਲ ਕਰਦੇ ਹਾਂ ਪਰ ਇਹ ਸਹਾਇਕ ਅਮਲਾ ਸਾਡੀ ਪੇਸ਼ ਨਹੀਂ ਜਾਣ ਦਿੰਦਾ। ਜ਼ਿਆਦਾ ਕਹਿਣ 'ਤੇ ਕੋਈ ਇਹੋ-ਜਿਹਾ ਨੁਕਤਾ ਦੱਸਦੇ ਹਨ ਕਿ ਸਾਡੇ ਕੋਲ ਉਸ ਦਾ ਕੋਈ ਉੱਤਰ ਨਹੀਂ ਹੁੰਦਾ ਜਿਸ ਕਾਰਨ ਕੰਮ ਲਟਕਦੇ ਹਨ। ਇਕ ਨੇ ਇਹ ਕਹਿ ਦਿੱਤਾ ਕਿ ਜੇ ਅਸੀਂ ਆਪ ਇਹ ਕੰਮ ਕਰਨਾ ਹੋਵੇ ਤਾਂ ਕਿਸੇ ਦਾ ਕਦੇ ਵੀ ਕੰਮ ਲੇਟ ਨਾ ਹੋਵੇ। ਇਸ 'ਤੇ ਵੱਡੇ ਅਫ਼ਸਰ ਨੇ ਤੁਰੰਤ ਕਿਹਾ, 'ਠੀਕ ਹੈ, ਜੇ ਦੇਰੀ ਦਾ ਇਹੀ ਕਾਰਨ ਹੈ ਤਾਂ ਇਕ ਮਹੀਨੇ ਲਈ ਤੁਸੀਂ ਖ਼ੁਦ ਇਹ ਕੰਮ ਆਪ ਕਰੋ ਅਤੇ ਅਫ਼ਸਰ ਦੇ ਦਸਤਖ਼ਤ ਸਹਾਇਕ ਅਮਲੇ ਵਿੱਚੋਂ ਸੀਨੀਅਰ ਕੋਲੋਂ ਕਰਵਾ ਲਿਆ ਕਰੋ'।

ਸਾਰੇ ਖ਼ੁਸ਼ ਸਨ ਕਿ ਹੁਣ ਕਿਸੇ ਨੂੰ ਕੋਈ ਵੀ ਸ਼ਿਕਾਇਤ ਨਹੀਂ ਹੋਵੇਗੀ ਕਿਉਂਕਿ ਕੰਮ ਤੁਰੰਤ ਕਰ ਦਿੱਤੇ ਜਾਇਆ ਕਰਨਗੇ। ਇਕ ਮਹੀਨੇ ਵਿਚ ਲੋਕਾਂ ਦੇ ਕੰਮ ਅੱਗੇ ਤੋਂ ਵੀ ਜ਼ਿਆਦਾ ਪੈਂਡਿੰਗ ਰਹਿਣ ਲੱਗ ਪਏ। ਸਾਨੂੰ ਫਿਰ ਸਾਰਿਆਂ ਨੂੰ ਵੱਡੇ ਅਫ਼ਸਰ ਕੋਲ ਪੇਸ਼ ਕਰ ਲਿਆ। ਇਸ ਵਾਰ ਅਫ਼ਸਰ ਦੇ ਗੁੱਸੇ ਦਾ ਪਾਰਾ ਅੱਗੇ ਤੋਂ ਵੀ ਜ਼ਿਆਦਾ ਸੀ। ਗੁੱਸੇ ਵਿਚ ਉਹ ਕਹਿਣ ਲੱਗੇ ਕਿ ਹੁਣ ਤਾਂ ਕੰਮ ਤੁਸੀਂ ਖ਼ੁਦ ਕਰਦੇ ਹੋ ਤਾਂ ਵੀ ਅੱਗੇ ਤੋਂ ਜ਼ਿਆਦਾ ਕੰਮ ਪੈਂਡਿੰਗ ਹਨ। ਇਸ ਦਾ ਅਰਥ ਤਾਂ ਇਹ ਹੋਇਆ ਕਿ ਤੁਸੀਂ ਖ਼ੁਦ ਹੀ ਕੰਮਾਂ ਦੀ ਦੇਰੀ ਦੇ ਜ਼ਿੰਮੇਵਾਰ ਹੋ। ਇਹ ਸੁਣਦਿਆਂ ਹੀ ਇਕ ਨੇ ਉਨ੍ਹਾਂ ਨੂੰ ਦੱਸਿਆ ਕਿ ਅਸੀਂ ਸਾਰੇ ਆਪਣਾ ਕੰਮ ਤੁਰੰਤ ਨਿਪਟਾ ਲੈਂਦੇ ਹਾਂ ਅਤੇ ਕੋਈ ਵੀ ਪੈਂਡਿੰਗ ਨਹੀਂ ਰਹਿਣ ਦਿੰਦੇ। ਜਦੋਂ ਅਫ਼ਸਰ ਦੇ ਦਸਤਖ਼ਤ ਕਰਵਾਉਣ ਲਈ ਫਾਈਲ ਜਾਂਦੀ ਹੈ ਤਾਂ ਉਹ ਕੋਈ ਨਾ ਕੋਈ ਗਲਤੀ ਕੱਢ ਦਿੰਦੇ ਹਨ ਜਿਸ ਕਰਕੇ ਕੰਮ ਪੈਂਡਿੰਗ ਹੋ ਜਾਂਦਾ ਹੈ। ਇੰਨਾ ਸੁਣਦਿਆਂ ਹੀ ਉਹ ਕੜਕਵੀਂ ਆਵਾਜ਼ ਵਿਚ ਕਹਿਣ ਲੱਗੇ, 'ਤੁਹਾਡੀਆਂ ਗੱਲਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਕੰਮ ਦਾ ਗਿਆਨ ਕੇਵਲ ਤੁਹਾਡੇ ਸਹਾਇਕ ਅਮਲੇ ਨੂੰ ਹੀ ਹੈ। ਤੁਸੀਂ ਨਾ ਤਾਂ ਖ਼ੁਦ ਕੰਮ ਕਰ ਸਕਦੇ ਹੋ ਅਤੇ ਨਾ ਹੀ ਉਨ੍ਹਾਂ ਕੋਲੋਂ ਕਰਵਾ ਸਕਦੇ ਹੋ। ਜੇ ਸਾਰੇ ਕੰਮਾਂ ਦਾ ਹੋਣਾ ਜਾਂ ਨਾ ਹੋਣਾ ਸਹਾਇਕ ਅਮਲੇ 'ਤੇ ਹੀ ਨਿਰਭਰ ਕਰਦਾ ਹੈ ਤਾਂ ਫਿਰ ਵਿਭਾਗ ਨੂੰ ਤੁਹਾਡੀ ਕੋਈ ਜ਼ਰੂਰਤ ਨਹੀਂ। ਇਸ ਲਈ ਤੁਹਾਨੂੰ ਨੌਕਰੀ ਤੋਂ ਬਰਤਰਫ਼ ਕੀਤਾ ਜਾਂਦਾ ਹੈ'। ਇੰਨਾ ਸੁਣਦਿਆਂ ਹੀ ਸਾਰੇ ਉਨ੍ਹਾਂ ਅੱਗੇ ਗਿੜਗੜਾਉਣ ਲੱਗੇ'।

ਉਸ ਦਾ ਸੁਪਨਾ ਸੁਣ ਕੇ ਮੈਂ ਹੱਸ ਪਿਆ ਤੇ ਕਹਿਣ ਲੱਗਾ, 'ਵਿਸਾਖਾ ਰਾਮ, ਇਸ ਦਾ ਮਤਲਬ, ਕੰਮ ਦਾ ਤੁਹਾਡੇ ਦਿਮਾਗ਼ 'ਤੇ ਬਹੁਤ ਤਣਾਅ ਹੈ। ਵੇਖਿਆ ਜਾਵੇ ਤਾਂ ਇਸ ਤਣਾਅ ਦੇ ਜ਼ਿੰਮੇਵਾਰ ਵੀ ਤੁਸੀਂ ਆਪ ਹੀ ਹੋ। ਸਹਾਇਕ ਅਮਲੇ ਨੂੰ ਕੋਈ ਰੱਬੀ ਦਾਤ ਨਹੀਂ ਮਿਲੀ ਕਿ ਨੁਕਤੇ ਕੇਵਲ ਉਨ੍ਹਾਂ ਨੂੰ ਹੀ ਪਤਾ ਹੁੰਦੇ ਹਨ।

ਅਸਲ ਵਿਚ ਅਫ਼ਸਰ ਸਰਕਾਰ ਦੇ ਬਣਾਏ ਨਿਯਮਾਂ ਨੂੰ ਕਦੇ ਵੀ ਨਹੀਂ ਪੜ੍ਹਦੇ ਤੇ ਨਾ ਉਨ੍ਹਾਂ ਦੀ ਘੋਖ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਰ ਛੋਟੀ-ਛੋਟੀ ਗੱਲ 'ਤੇ ਜਦੋਂ ਅਫ਼ਸਰ, ਸਹਾਇਕ ਅਮਲੇ ਤੋਂ ਪੁੱਛੇਗਾ ਤਾਂ ਇਹੀ ਹਾਲ ਹੁੰਦਾ ਹੈ।

ਜਦੋਂ ਅਮਲੇ ਨੂੰ ਇਹ ਪਤਾ ਲੱਗ ਜਾਵੇ ਕਿ ਅਫ਼ਸਰ ਨੂੰ ਕਿਸੇ ਨਿਯਮ ਦਾ ਗਿਆਨ ਨਹੀਂ ਤੇ ਉਹ ਕੇਵਲ ਉਨ੍ਹਾਂ 'ਤੇ ਹੀ ਨਿਰਭਰ ਕਰਦਾ ਹੈ ਤਾਂ ਫਿਰ ਉਹ ਨਿਯਮਾਂ ਨੂੰ ਆਪਣੇ ਅਨੁਸਾਰ ਹੀ ਚਲਾਉਂਦੇ ਹਨ ਅਤੇ ਇਹੀ ਗੱਲਾਂ ਰਿਸ਼ਵਤਖੋਰੀ ਨੂੰ ਜਨਮ ਦਿੰਦੀਆਂ ਹਨ। ਇਸ ਲਈ ਪ੍ਰਬੰਧ ਨੂੰ ਉੱਚਿਤ ਤਰੀਕੇ ਨਾਲ ਚਲਾਉਣ ਲਈ ਅਫ਼ਸਰ ਨੂੰ ਆਪ ਨਿਯਮਾਂ ਦਾ ਗਿਆਨ ਹੋਣਾ ਚਾਹੀਦਾ ਹੈ। ਜੇਕਰ ਨਾ ਪਤਾ ਹੋਵੇ ਤਾ ਸਰਕਾਰੀ ਨਿਯਮਾਂ ਨੂੰ ਪੜ੍ਹਨ ਵਿੱਚ ਕੋਈ ਹਰਜ਼ ਵੀ ਨਹੀਂ ਹੁੰਦਾ। ਇਸ ਨਾਲ ਉਹ ਸਾਰੇ ਨੁਕਤੇ ਜਿਨ੍ਹਾਂ ਦੇ ਸਾਹਮਣੇ ਅਸੀਂ ਆਪਣੇ ਆਪ ਨੂੰ ਬੇਵੱਸ ਸਮਝ ਲੈਂਦੇ ਹਾਂ, ਉਨ੍ਹਾਂ ਤੋਂ ਨਿਜ਼ਾਤ ਪਾ ਕੇ ਆਪਣੇ ਪ੍ਰਬੰਧ ਨੂੰ ਵਧੀਆ ਚਲਾ ਸਕਦੇ ਹਾਂ'।

ਮੈਂ ਧਿਆਨ ਨਾਲ ਵੇਖਿਆ, ਵਿਸਾਖਾ ਰਾਮ ਬੜੀ ਸੰਜੀਦਗੀ ਨਾਲ ਕੁਝ ਸੋਚ ਰਿਹਾ ਸੀ ਜਿਵੇਂ ਸਰਕਾਰੀ ਨਿਯਮਾਂ ਦੇ ਗਿਆਨ ਨਾਲ ਆਪਣੇ ਆਪ ਨੂੰ ਪਰਪੱਕ ਕਰਨ ਦੀ ਯੋਜਨਾ ਬਣਾ ਰਿਹਾ ਹੋਵੇ। •



# ਅਖਰੋਟ

ਅਖਰੋਟ ਖਾਣਾ ਹਰ ਕਿਸੇ ਨੂੰ ਪਸੰਦ ਹੁੰਦੇ ਹਨ। ਕਈ ਸਾਰੇ ਵਿਟਾਮਿਨ ਹੋਣ ਦੇ ਕਾਰਨ ਇਸ ਨੂੰ ਵਿਟਾਮਿਨਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਅਖਰੋਟ 'ਚ ਪ੍ਰੋਟੀਨ ਦੇ ਇਲਾਵਾ ਕੈਲਸ਼ੀਅਮ, ਮੈਗਨਿਸ਼ੀਅਮ, ਆਇਰਨ ਫਾਸਫੋਰਸ ਆਦਿ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਵਾਲ਼ਾਂ ਤੇ ਚਿਹਰੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਅਖਰੋਟ 'ਚ ਮੌਜੂਦ ਓਮੈਗਾ 3 ਫੈਟ ਐਸਿਡ ਸਰੀਰ ਨੂੰ ਸਵਸਥ, ਸਕੀਨ ਪਰੇਸ਼ਾਨੀ ਆਦਿ ਤੋਂ ਬਚਾਉਂਦਾ ਹੈ। ਇਸ ਦੇ ਇਲਾਵਾ ਵੀ ਅਖਰੋਟ ਖਾਣ ਨਾਲ ਅਨੇਕਾਂ ਫ਼ਾਇਦੇ ਮਿਲਦੇ ਹਨ। ਅੱਜ ਅਸੀਂ ਤੁਹਾਨੂੰ ਇਸ ਦੇ ਉਪਾਅ ਦੇ ਬਾਰੇ 'ਚ ਗੱਲ ਕਰਦੇ ਹਾਂ

### ਭਾਰ ਘੱਟ ਕਰਨ 'ਚ ਮਦਦਗਾਰ

*ਅਖਰੋਟ ਭਾਰ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਆਸਾਨੀ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੋ ਲੋਕ ਵੱਧ ਰਹੇ ਭਾਰ ਤੋਂ ਪਰੇਸ਼ਾਨੀ ਹੈ ਉਨ੍ਹਾਂ ਨੂੰ ਹਰ ਰੋਜ਼ ਇਸ ਦਾ ਸੇਵਨ ਕਰਨਾ ਚਾਹੀਦਾ ਹੈ।*

**ਵਧੀਆ ਨੀਂਦ** – ਜਿੰਨ੍ਹਾਂ ਲੋਕਾਂ ਨੂੰ ਪੂਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਨੀਂਦ ਨਹੀਂ ਆਉਂਦੀ। ਉਨ੍ਹਾਂ ਦੇ ਲਈ ਅਖਰੋਟ ਰਾਮ ਬਾਣ ਦਾ ਕੰਮ ਕਰਦੇ ਹਨ। ਰਾਤ ਨੂੰ ਸੌਣ ਤੋਂ ਪਹਿਲਾਂ 1 ਜਾਂ 2 ਅਖਰੋਟ ਖਾਣ ਨਾਲ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ।

**ਦਿਲ ਲਈ ਵਧੀਆ** – ਇਸ 'ਚ ਪਾਏ ਜਾਣ ਵਾਲੇ ਐਂਟੀ ਔਕਸੀਡੈਂਟ ਦਿਲ ਨੂੰ ਤੰਦਰੁਸਤ ਬਣਾਉਣ ਦਾ ਕੰਮ ਕਰਦਾ ਹੈ। ਇਨ੍ਹਾਂ ਦੇ ਸੇਵਨ ਨਾਲ ਦਿਲ ਸੰਬੰਧੀ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ।

**ਡਾਇਬਟੀਜ਼** – ਡਾਇਬਟੀਜ਼ ਵਾਲੇ ਲੋਕਾਂ ਨੂੰ ਰੋਜ਼ ਅਖਰੋਟ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਪਾਏ ਜਾਣ ਵਾਲੇ ਪੋਲੀ ਅਨਸੈਚੁਰੇਟਡ ਤੇ ਮੋਨੋ ਵਸਾ ਸਿਹਤ ਲਈ ਵਧੀਆ ਹੁੰਦੇ ਹਨ।

**ਤਣਾਅ ਤੋਂ ਦੂਰ** – ਅੱਜਕੱਲ੍ਹ ਦੀ ਭੱਜਦੌੜ ਦੀ ਜ਼ਿੰਦਗੀ ਤੋਂ 5-4 ਲੋਕ ਤਣਾਅ ਦੇ ਸ਼ਿਕਾਰ ਹੁੰਦੇ ਹਨ। ਅਖਰੋਟ ਦੇ ਸੇਵਨ ਨਾਲ ਤਣਾਅ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ। ਇਸ ਲਈ ਇਨ੍ਹਾਂ ਦਾ ਸੇਵਨ ਬਹੁਤ ਜ਼ਰੂਰ ਹੈ।

# ਕੋਸਾ ਪਾਣੀ ਪੀਣ ਦੇ ਫ਼ਾਇਦੇ

ਹਰਮਿੰਦਰ ਸਿੰਘ ਭੱਟ



ਪਾਣੀ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੁੰਦਾ ਹੈ। ਦਿਨ 'ਚ ਵੈਸੇ ਤਾਂ 8 ਤੋਂ 10 ਗਲਾਸ ਪਾਣੀ ਕਾਫ਼ੀ ਜ਼ਰੂਰੀ ਹੁੰਦਾ ਹੈ ਪਰ ਜੇ ਇਸ ਦੇ ਨਾਲ ਦਿਨ 'ਚ 3 ਤੋਂ 4 ਵਾਰ ਗਰਮ ਪਾਣੀ ਪੀਣ ਦੀ ਆਦਤ ਪਾ ਲਈ ਜਾਵੇ ਤਾਂ ਤੁਹਾਨੂੰ ਕਈ ਬਿਮਾਰੀਆਂ ਤੋਂ ਬਚਾ ਸਕਦਾ ਹੈ। ਇਹ ਸਰੀਰ 'ਚੋਂ ਅਨੇਕਾਂ ਰੋਗਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਗਰਮ ਪਾਣੀ ਪੀਣ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਹ ਭਾਰ ਘਟਾਉਣ 'ਚ ਕਾਫ਼ੀ ਮਦਦਗਾਰ ਸਾਬਤ ਹੁੰਦਾ ਹੈ। ਇਸ ਨਾਲ ਪਾਚਨ ਕਿਰਿਆ ਠੀਕ ਰਹਿੰਦੀ ਹੈ। ਆਓ ਜਾਣਦੇ ਹਾਂ ਇਸ ਦੇ ਅਣਗਿਣਤ ਫ਼ਾਇਦਿਆਂ ਬਾਰੇ...

### ਮੋਟਾਪਾ ਕਰੇ ਕੰਟਰੋਲ

ਜੇ ਤੁਸੀਂ ਮੋਟਾਪੇ ਤੋਂ ਪਰੇਸ਼ਾਨ ਹੋ ਅਤੇ ਡਾਈਟਿੰਗ ਅਤੇ ਕਸਰਤ ਨਾਲ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਸਵੇਰੇ ਖ਼ਾਲੀ ਪੇਟ ਕੋਸਾ ਪਾਣੀ ਪੀਣਾ ਸ਼ੁਰੂ ਕਰ ਦਿਓ। ਇਸ ਤੋਂ ਇਲਾਵਾ ਜੇ ਤੁਸੀਂ ਗਰਮ ਪਾਣੀ 'ਚ ਨਿੰਬੂ ਅਤੇ ਸ਼ਹਿਦ ਮਿਲਾ ਕੇ ਪੀਵੋਗੇ ਤਾਂ ਭਾਰ ਘੱਟ ਹੋਣਾ ਸ਼ੁਰੂ ਹੋ ਜਾਵੇਗਾ ਪਰ ਜੇ ਤੁਹਾਨੂੰ ਨਿੰਬੂ ਤੇ ਸ਼ਹਿਦ ਚੰਗਾ ਨਹੀਂ ਲੱਗਦਾ ਤਾਂ ਤੁਸੀਂ 1 ਗਲਾਸ ਸਾਦਾ ਪਾਣੀ ਪੀ ਸਕਦੇ ਹੋ।

### ਕਬਜ਼ ਤੋਂ ਰਾਹਤ

ਕਬਜ਼ ਦੀ ਸਮੱਸਿਆ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੀ ਹੈ। ਕਬਜ਼ ਦੀ ਪਰੇਸ਼ਾਨੀ ਨੂੰ ਜੜ੍ਹ ਤੋਂ ਖ਼ਤਮ ਕਰਨ ਦਾ ਸਭ ਤੋਂ ਵਧੀਆ ਤਰੀਕਾ ਕਿ ਰੋਜ਼ਾਨਾ ਖ਼ਾਲੀ ਪੇਟ ਕੋਸਾ ਪਾਣੀ ਪੀਤਾ ਜਾਵੇ।

### ਖ਼ੂਨ ਸਾਫ਼ ਕਰੇ

ਗਰਮ ਪਾਣੀ ਪੀਣ ਨਾਲ ਸਰੀਰ ਦੇ ਸਾਰੇ ਗੰਦੇ ਪਦਾਰਥ ਪਿਸ਼ਾਬ ਅਤੇ ਪਸੀਨੇ ਰਾਹੀਂ ਬਾਹਰ ਨਿਕਲਦੇ ਹਨ। ਇਸ ਦੇ ਨਾਲ ਇਹ ਖ਼ੂਨ ਦੀ ਸ਼ੁੱਧੀ ਵੀ ਕਰਦਾ ਹੈ।

### ਸਰਦੀ-ਜ਼ੁਕਾਮ ਤੋਂ ਰਾਹਤ

ਜੇ ਬੇਮੌਸਮ ਦੌਰਾਨ ਤੁਹਾਡੀ ਛਾਤੀ 'ਚ ਜਕੜਨ ਅਤੇ ਜ਼ੁਕਾਮ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਗਰਮ ਪਾਣੀ ਪੀਣਾ ਤੁਹਾਡੇ ਲਈ ਰਾਮ ਬਾਣ ਇਲਾਜ ਸਾਬਤ ਹੁੰਦਾ ਹੈ। ਗਰਮ ਪਾਣੀ ਪੀਣ ਨਾਲ ਗਲ਼ਾ ਵੀ ਠੀਕ ਰਹਿੰਦਾ ਹੈ। ਇਸ ਦੀ ਵਰਤੋਂ ਨਾਲ ਆਰਾਮ ਮਿਲਦਾ ਹੈ। ਪੇਟ 'ਚ ਦਰਦ ਦੀ ਸਮੱਸਿਆ ਹੋਣ 'ਤੇ ਗਰਮ ਪਾਣੀ ਪੀਣਾ ਚਾਹੀਦਾ ਹੈ।

### ਸਰੀਰ ਕਰੇ ਡੀਟਾਕਸ

ਗਰਮ ਪਾਣੀ ਪੀਣ ਨਾਲ ਸਰੀਰ ਨੂੰ ਡੀਟਾਕਸ ਕਰਨ 'ਚ ਵੀ ਮਦਦ ਮਿਲਦੀ ਹੈ ਅਤੇ ਇਹ ਸਰੀਰ ਦੀਆਂ ਸਾਰੀਆਂ ਅਸ਼ੁੱਧੀਆਂ ਨੂੰ ਬਹੁਤ ਆਸਾਨੀ ਨਾਲ ਸਾਫ਼ ਕਰ ਦਿੰਦਾ। ਗਰਮ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਵੱਧਣਾ, ਜਿਸ ਨਾਲ ਪਸੀਨਾ ਆਉਂਦਾ ਹੈ ਅਤੇ ਇਸ ਦੇ ਮਾਧਿਅਮ ਨਾਲ ਸਰੀਰ ਦੀਆਂ ਅਸ਼ੁੱਧੀਆਂ ਦੂਰ ਹੋ ਜਾਂਦੀਆਂ ਹਨ।

### ਹਰ ਵੇਲੇ ਨਜ਼ਰ ਆਓ ਜਵਾਨ

ਗਰਮ ਪਾਣੀ ਪੀਣ ਨਾਲ ਸਿਰਫ਼ ਸਿਹਤ ਨਾਲ ਜੁੜੇ ਹੀ ਨਹੀਂ ਸਗੋਂ ਸੁੰਦਰਤਾ ਨਾਲ ਜੁੜੇ ਕਈ ਫ਼ਾਇਦੇ ਵੀ ਹਨ। ਇਸ ਨਾਲ ਚਮੜੀ 'ਚ ਕਸਾਅ ਆਉਣ ਲੱਗਦਾ ਹੈ ਅਤੇ ਚਮੜੀ ਚਮਕਦਾਰ ਹੋਣ ਲੱਗਦੀ ਹੈ। ਚਿਹਰੇ ਦੀਆਂ ਝੁਰੜੀਆਂ ਹੌਲੀ-ਹੌਲੀ ਗ਼ਾਇਬ ਹੋ ਜਾਂਦੀਆਂ ਹਨ।

### ਵਾਲ਼ਾਂ ਲਈ ਫ਼ਾਇਦੇਮੰਦ

ਗਰਮ ਪਾਣੀ ਦੀ ਵਰਤੋਂ ਵਾਲ਼ਾਂ ਲਈ ਬਹੁਤ ਫ਼ਾਇਦੇਮੰਦ ਹੈ। ਇਸ ਨਾਲ ਵਾਲ਼ ਚਮਕਦਾਰ ਹੁੰਦੇ ਹਨ ਅਤੇ ਇਨ੍ਹਾਂ ਦੀ ਗ੍ਰੋਥ ਵੀ ਤੇਜ਼ੀ ਨਾਲ ਵਧਦੀ ਹੈ।

### ਐਨਰਜੀ ਵਧਾਓ

ਡ੍ਰਿੰਕ ਪੀਣ ਦੀ ਥਾਂ ਜੇ ਤੁਸੀਂ ਕੋਸਾ ਪਾਣੀ ਜਾਂ ਨਿੰਬੂ ਪਾਣੀ ਪੀਵੋਗੇ ਤਾਂ ਤੁਹਾਡਾ ਐਨਰਜੀ ਲੈਵਲ ਵਧੇਗਾ ਅਤੇ ਪਾਚਨ ਸ਼ਕਤੀ ਵੀ ਸਹੀ ਰਹੇਗਾ। 09914062205

# ਬੱਚਿਆਂ ਦੇ ਖਾਣ- ਪੀਣ ਤੇ ਪੇਟ ਦੇ ਕੀੜਿਆਂ ਤੋਂ ਰਹੋ ਸਾਵਧਾਨ

ਮਲਕੀਤ ਕੌਰ

ਬੱਚਿਆਂ ਦੀ ਸਿਹਤ ਦਾ ਧਿਆਨ ਰੱਖਣਾ ਹਰ ਮਾਂ-ਬਾਪ ਦਾ ਫ਼ਰਜ਼ ਹੁੰਦਾ ਹੈ ਤਾਂ ਕਿ ਉਨ੍ਹਾਂ ਦੇ ਬੱਚੇ ਤੰਦਰੁਸਤ ਭਾਵ ਅਰੋਗੀ ਤੇ ਰਿਸ਼ਟ-ਪੁਸ਼ਟ ਬਣੇ ਰਹਿਣ। ਬੱਚਿਆਂ ਨੂੰ ਕਈ ਤਰ੍ਹਾਂ ਬਿਮਾਰੀਆਂ ਤੋਂ ਬਚਾਉਣ ਲਈ ਹੋਰ ਵੀ ਕਾਫ਼ੀ ਕੁੱਝ ਜ਼ਰੂਰੀ ਹੈ ਜਿਵੇਂ ਕਿ ਸਮੇਂ ਸਿਰ ਬੱਚਿਆਂ ਦਾ ਸੰਪੂਰਣ ਟੀਕਾਕਰਣ ਕਰਵਾਉਣਾ ਤਾਂ ਜੋ ਫੁੱਲਾਂ ਤੋਂ ਵੀ ਵੱਧ ਕੋਮਲ ਬੱਚੇ ਹਮੇਸ਼ਾ ਆਪਣੀ ਖ਼ੁਸ਼ਬੂ ਬਖੇਰਦੇ ਰਹਿਣ ਤੇ ਨਾਲ ਹੀ ਮਾਰੂ ਛੂਤ ਰੋਗਾਂ ਦੇ ਹਮਲੇ ਤੋਂ ਵੀ ਸਦਾ-ਸਦਾ ਲਈ ਬਚੇ ਰਹਿਣ ਬੱਚੇ ਦੇਸ਼ ਦਾ ਭਵਿੱਖ ਹੁੰਦੇ ਹਨ ਤੇ ਕਿਸੇ ਵੀ ਦੇਸ਼ ਦੀ ਤਰੱਕੀ ਲਈ ਜ਼ਰੂਰੀ ਹੈ ਉਥੋਂ ਦੇ ਨਾਗਰਿਕ ਚੰਗੀ ਸਿਹਤ ਦੇ ਮਾਲਕ ਹੋਣ। ਚੰਗੀ ਸਿਹਤ ਤੋਂ ਭਾਵ ਹੈ ਸਰੀਰਕ, ਮਾਨਸਿਕ ਤੇ ਸਮਾਜਿਕ ਤੌਰ 'ਤੇ ਤੰਦਰੁਸਤ ਹੋਣਾ। ਆਮ ਤੌਰ 'ਤੇ ਮਾਂ-ਬਾਪ ਬੱਚਿਆਂ ਦੇ ਖਾਣ-ਪੀਣ ਬਾਰੇ ਲੋੜ ਤੋਂ ਵੀ ਵੱਧ ਫਿਕਰਮੰਦ ਹੁੰਦੇ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਖਾਣ-ਪੀਣ ਬਾਰੇ ਸੁਚੱਜੀਆਂ ਆਦਤਾਂ ਬੱਚਿਆਂ 'ਚ ਇਕਦਮ ਵਿਕਸਿਤ ਨਹੀਂ ਹੁੰਦੀਆਂ ਤੇ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਸ ਬਾਰੇ ਸੁਚੇਤ ਰਹਿਣ ਦੀ ਜ਼ਰੂਰਤ ਹੈ। ਇਸ ਲਈ ਜ਼ਰੂਰੀ ਹੈ ਕਿ ਪਰਿਵਾਰ ਦੇ ਸਾਰੇ ਮੈਂਬਰ ਸੰਤੁਲਿਤ ਭੋਜਨ ਖਾਣ। ਸੰਤੁਲਿਤ ਖ਼ੁਰਾਕ ਅਜਿਹੀ ਖ਼ੁਰਾਕ ਹੈ ਜਿਸ 'ਚ ਸਰੀਰ ਲਈ ਲੋੜੀਂਦੀ ਤਾਕਤ ਭਾਵ ਪੌਸ਼ਟਿਕ ਤੱਤ ਜਿਵੇਂ ਕਿ ਕਾਰਬੋਜ਼, ਪ੍ਰੋਟੀਨ, ਫੈਟ, ਵਿਟਾਮਿਨ ਤੇ ਖਣਿਜ ਪਦਾਰਥ ਸਹੀ ਮਾਤਰਾ 'ਚ ਪਾਏ ਜਾਂਦੇ ਹਨ। ਭੋਜਨ 'ਚ ਅਨਾਜ, ਦਾਲਾਂ, ਸਬਜ਼ੀਆਂ, ਦੁੱਧ, ਦਹੀਂ, ਲੱਸੀ, ਘਿਓ, ਸ਼ੱਕਰ ਆਦਿ ਵਰਤੋਂ ਨਾਲ ਭੋਜਨ ਨੂੰ ਪੌਸ਼ਟਿਕ ਬਣਾਇਆ ਜਾ ਸਕਦਾ ਹੈ। ਕਈ ਬੱਚੇ ਮੈਗੀ, ਨੂਡਲਜ਼, ਬਰਗਰ, ਪਿਜਾ ਆਦਿ ਖਾਣ ਦੇ ਸ਼ੌਕੀਨ ਹੁੰਦੇ ਹਨ ਤੇ ਘਰ ਦਾ ਖਾਣਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਦਾ। ਇਨ੍ਹਾਂ ਭੋਜਨ ਪਦਾਰਥਾਂ 'ਚ ਕਾਰਬੋਜ਼ ਦੀ ਮਾਤਰਾ ਜ਼ਿਆਦਾ ਹੁੰਦੀ ਤੇ ਪ੍ਰੋਟੀਨ ਦੀ ਮਾਤਰਾ ਬਹੁਤ ਹੀ ਘੱਟ ਜਾਂ ਨਾ ਮਾਤਰ ਹੁੰਦੀ ਹੈ। ਜਿਸ ਕਰਕੇ ਬੱਚੇ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ। ਅਕਸਰ ਹੀ ਬੱਚਿਆਂ 'ਚ ਫੌਲਿਕ ਐਸਿਡ, ਲੋਹ ਤੱਤ, ਕੈਲਸ਼ੀਅਮ ਤੇ ਵਿਟਾਮਿਨ ਬੀ ਵਰ ਤੱਤਾਂ ਘਾਟ ਹੁੰਦੀ ਹੈ। ਭਵਿੱਖ 'ਚ ਇਨ੍ਹਾਂ ਤੱਤਾਂ ਦੀ ਘਾਟ ਦਾ ਨਤੀਜਾ ਕਾਫ਼ੀ ਬੁਰਾ ਸਾਬਤ ਹੁੰਦਾ ਹੈ।

- ਛੋਟੇ ਬੱਚਿਆਂ ਦੇ ਪੇਟ 'ਚ ਕੀੜੇ ਪੈਣੇ ਜਾਂ ਪੈਦਾ ਹੋ ਜਾਣ ਇਕ ਮਾਰੂ ਅਲਾਮਤ ਹੀ ਨਹੀਂ ਸਗੋਂ ਇਕ ਬਿਮਾਰੀ ਹੈ। ਇਸ ਤਰ੍ਹਾਂ ਦੀ ਬਿਮਾਰੀ ਤੋਂ ਬੱਚਿਆਂ ਨੂੰ ਬਚਾਇਆ ਜਾਵੇ। ਜੇ ਬੱਚਿਆਂ ਦੇ ਹੋਣ ਤੋਂ ਇਲਾਵਾ ਕੁਪੋਸ਼ਣ ਦਾ ਸ਼ਿਕਾਰ ਵੀ ਹੋ ਸਕਦੇ ਹਨ। ਜਿਸ ਕਰਕੇ ਹੋਰ ਕਈ ਤਰ੍ਹਾਂ ਦੀਆਂ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੇਟ 'ਚ ਦਰਦ, ਉਲਟੀਆਂ ਆਉਣੀਆਂ, ਸਿਰ ਚਕਰਾਉਣਾ ਆਦਿ। ਜਿਹੜੇ ਬੱਚੇ ਦੇ ਪੇਟ 'ਚ ਕੀੜਿਆਂ ਦੀ ਲਾਗ ਹੋਵੇ, ਉਨ੍ਹਾਂ ਦੇ ਪਖਾਨੇ 'ਚ ਇਨ੍ਹਾਂ ਦੇ ਜਗਸੀਮਾ ਦੇ ਆਂਡੇ ਹੁੰਦੇ ਹਨ। ਜਦੋਂ ਅਜਿਹੇ ਬੱਚੇ ਇੱਧਰ-ਉੱਧਰ ਟੱਟੀ ਬੈਠਦੇ ਹਨ ਤਾਂ ਇਹ ਆਂਡੇ ਮਿੱਟੀ 'ਚ ਰਲ ਕੇ ਆਪਣੀ ਹੋਰ ਭਰਮਾਰ ਵਧਾ ਲੈਂਦੇ ਹਨ। ਕਈ ਬੱਚੇ ਨੰਗੇ ਪੈਰੀ ਤੁਰਦੇ ਫਿਰਦੇ ਜਾਂ ਫਿਰ ਗੰਦੇ ਹੱਥਾਂ ਨਾਲ ਰੋਟੀ ਖਾ ਕੇ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਲਾਗ ਨਾਲ ਗ੍ਰਸਤ ਬੱਚਿਆਂ ਦੇ ਪੇਟ ਦੇ ਕੀੜੇ ਜਾਂ ਕੀੜਿਆਂ ਦੇ ਆਂਡੇ ਮੌਜੂਦ ਰਹਿੰਦੇ ਹਨ। ਜੇ ਪੇਟ ਦੇ ਕੀੜਿਆਂ ਦੀ ਲਾਗ ਵਾਲੇ ਬੱਚਿਆਂ ਨੂੰ ਕੀੜੇ ਮਾਰਨ ਵਾਲੀ ਦਵਾਈ ਦਿੱਤੀ ਜਾਵੇ ਤਾਂ ਖ਼ੂਨ ਦੀ ਘਾਟ 'ਚ ਸੁਧਾਰ ਹੀ ਨਹੀਂ ਹੁੰਦਾ ਸਗੋਂ ਅਜਿਹੀ ਘਾਟ ਦੂਰ ਹੋ ਜਾਂਦੀ ਹੈ।
- ਬੱਚਿਆਂ 'ਚ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਵੀ ਆਪਣੇ ਆਪ ਵੱਧ ਜਾਂਦੀ ਹੈ। ਉਨ੍ਹਾਂ ਦਾ ਸਰੀਰਕ ਵਾਧਾ, ਵਿਕਾਸ ਹੋਣ ਦੇ ਨਾਲ-ਨਾਲ ਬੌਧਿਕ ਤੇ ਭਾਵਨਾਤਮਕ ਵਿਕਾਸ ਵੀ ਹੁੰਦਾ ਹੈ। ਅਜਿਹੇ ਬੱਚਿਆਂ ਦੀ ਸਿੱਖਣ ਤੇ ਯਾਦ ਕਰਨ ਦੀ ਸਮਰਥਾ ਵੀ ਵੱਧ ਜਾਂਦੀ ਹੈ।
- ਸਿਰਫ਼ ਇਹ ਹੀ ਨਹੀਂ ਸਾਰੇ ਬੱਚਿਆਂ ਭਾਵ ਪੂਰੇ ਪਿੰਡ, ਨਗਰੀ ਜਾਂ ਫਿਰ ਸ਼ਹਿਰ ਦੇ ਕੀ ਪੂਰੇ ਸਮਾਜ ਦੇ ਬੱਚੇ ਪੇਟ ਦੇ ਕੀੜਿਆਂ ਕਾਰਨ ਹੋਣ ਵਾਲੀਆਂ ਅਲਾਮਤਾਂ ਤੋਂ ਸਦਾ-ਸਦਾ ਲਈ ਬਚੇ ਰਹਿੰਦੇ ਹਨ ਕਿਉਂਕਿ ਵਾਤਾਵਰਨ ਭਾਵ ਸਾਡੇ ਚੌਗਿਰਦੇ ਆਲੇ-ਦੁਆਲੇ 'ਚ ਪੇਟ ਦੇ ਕੀੜੇ ਮਾਰੂ ਦਵਾਈ 'ਅਲਬੈਂਡਾਜੋਲ', ਦੀ ਬਦੌਲਤ ਪੇਟ ਦੇ ਕੀੜਿਆਂ ਦੇ ਜਗਸੀਮਾ ਦੀ ਕਮੀ ਆ ਜਾਂਦੀ ਹੈ।
- ਕੋਈ ਬੱਚਾ ਪੇਟ ਦੇ ਕੀੜਿਆਂ ਦਾ ਸ਼ਿਕਾਰ ਨਾ ਹੋਵੇ ਇਸ ਲਈ ਜ਼ਰੂਰੀ ਹੈ ਕਿ ਬੱਚਿਆਂ ਸਮੇਤ ਕਿਸੇ ਨੂੰ ਵੀ ਖੁੱਲ੍ਹੀਆਂ ਥਾਵਾਂ 'ਤੇ ਪਖ਼ਾਨਾ ਨਹੀਂ ਕਰਨਾ ਚਾਹੀਦਾ। ਆਪਣੇ ਹੱਥਾਂ ਤੇ ਨਹੁੰਆਂ ਦੀ ਸਾਫ਼-ਸਫ਼ਾਈ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ।
- ਨੰਗੇ ਪੈਰੀ ਕਦੀ ਨਹੀਂ ਰੱਖਣੇ ਚਾਹੀਦੇ।
- ਹਮੇਸ਼ਾ ਪੀਣ ਵਾਲਾ ਪਾਣੀ ਸਾਫ਼ ਹੋਣਾ ਚਾਹੀਦਾ ਹੈ। ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਵਰਤਿਆ ਜਾਵੇ।
- ਹਰ ਕਿਸੇ ਨੂੰ ਆਪਣੀ ਨਿੱਜੀ ਤੇ ਆਲੇ-ਦੁਆਲੇ ਦੀ ਸਫ਼ਾਈ ਰੱਖਣੀ ਚਾਹੀਦੀ ਹੈ। ਜੇ ਫਿਰ ਵੀ ਕਿਸੇ ਬੱਚੇ ਨੂੰ ਕੋਈ ਗੰਭੀਰ ਲੱਛਣ ਖ਼ਤਰੇ ਦੇ ਚਿਨ੍ਹ ਦਿਖਾਈ ਦੇਣ ਤਾਂ ਨੇੜੇ ਦੇ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ।
- ਬੱਚਿਆਂ ਨੂੰ ਭੋਜਨ ਸਹੀ ਸਮੇਂ 'ਤੇ ਸੁਖਾਵੇਂ ਵਾਤਾਵਰਨ 'ਚ ਪਰੋਸਣਾ ਚਾਹੀਦਾ ਹੈ। ਦਾਲ, ਰੋਟੀ, ਸਬਜ਼ੀ ਤੇ ਦਹੀਂ ਬਹੁਤ ਹੀ ਸੰਪੂਰਨ ਭੋਜਨ ਹੈ। ਭੁੱਖ ਸਮੇਂ ਬੱਚਾ ਇਹ ਭੋਜਨ ਸੁਆਦ ਨਾਲ ਖਾਂਦਾ ਹੈ।
- ਜੇ ਬੱਚਾ ਕੋਈ ਖ਼ਾਸ ਕਿਸਮ ਦਾ ਭੋਜਨ ਨਹੀਂ ਖਾਂਦਾ ਤਾਂ ਉਸ ਲਈ ਉਸ ਨੂੰ ਝਿੜਕੋ ਨਾ ਤੇ ਨਾ ਹੀ ਕਿਸੇ ਦਾ ਲਾਲਚ ਦਿਓ।
- ਆਮ ਤੌਰ 'ਤੇ ਬੱਚੇ ਮੌਸਮੀ ਸਬਜ਼ੀਆਂ ਸ਼ੌਕ ਨਾਲ ਨਹੀਂ ਖਾਂਦੇ, ਇਸ 'ਚ ਹਰੀਆਂ ਪੱਤੇਦਾਰ ਸਬਜ਼ੀਆਂ ਜਿਵੇਂ ਕਿ ਪਾਲਕ, ਮੇਥੀ ਆਦਿ ਆਟੇ 'ਚ ਗੁੰਨ੍ਹ ਕੇ ਰੋਟੀ ਜਾਂ ਪਰੌਂਠੀ ਦੇ ਰੂਪ 'ਚ ਬੱਚੇ ਨੂੰ ਖੁਆਈ ਜਾ ਸਕਦੀ ਹੈ। ਮਿੱਸੀ ਰੋਟੀ, ਮੱਕੀ ਦੀ ਰੋਟੀ, ਜਵਾਰ, ਬਾਜਰੇ ਦੀ ਰੋਟੀ ਆਦਿ ਦਾ ਸੇਵਨ ਸਿਹਤ ਲਈ ਬਹੁਤ ਹੀ ਲਾਭਕਾਰੀ ਹੁੰਦੀ ਹੈ। ਇਸ ਨਾਲ ਖਾਣੇ 'ਚ ਬੱਚੇ ਦੀ ਰੁਚੀ ਵੀ ਵੱਧ ਜਾਂਦੀ ਹੈ।
- ਤਾਜ਼ੇ ਫਲਾਂ ਦੀ ਚਾਟ ਬੱਚੇ ਸ਼ੌਕ ਨਾਲ ਖਾ ਲੈਂਦੇ ਹਨ। ਇਸੇ ਚਾਟ 'ਚ ਥੋੜ੍ਹੀ ਜਿਹੀ ਪੁੰਗਰੀ ਦਾਲ ਮਿਲਾ ਕੇ ਇਸ ਦੀ ਪੌਸ਼ਟਿਕਤਾ ਵਧਾਈ ਜਾ ਸਕਦੀ ਹੈ।
- ਦਿਨ ਵੇਲੇ ਖਾਣੇ ਤੋਂ ਬਾਅਦ ਬੱਚੇ ਨੂੰ ਦੁੱਧ, ਫਲ, ਪਿੰਨੀ, ਸੋਇਆਬੀਨ ਦੇ ਆਟੇ ਤੇ ਮੇਥੀ ਵਾਲੀ ਮੱਠੀ, ਸ਼ੱਕਰ ਪਾ ਕੇ ਭੁੱਜੇ ਹੋਏ ਜਾਣੇ ਆਦਿ ਦਿੱਤੇ ਜਾ ਸਕਦੇ ਹਨ।
- ਬੱਚੇ ਦੀ ਭੁੱਖ ਹਮੇਸ਼ਾ ਇਕੋ ਜਿਹੀ ਨਹੀਂ ਹੁੰਦੀ, ਜੇ ਉਨ੍ਹਾਂ ਨੂੰ ਕਿਸੇ ਸਮੇਂ ਭੁੱਖ ਘੱਟ ਲੱਗਦੀ ਹੈ ਤਾਂ ਉਨ੍ਹਾਂ ਨੂੰ ਧੱਕੇ ਨਾਲ ਨਾ ਖਵਾਓ।
- ਬੱਚੇ ਨੂੰ ਕਦੀ ਵੀ ਟੀਵੀ ਅੱਗੇ ਬਿਠਾ ਕੇ ਖਾਣਾ ਨਾ ਪਰੋਸੋ ਕਿਉਂਕਿ ਉਸ ਸਮੇਂ ਬੱਚੇ ਦਾ ਧਿਆਨ ਖਾਣੇ ਵੱਲ ਘੱਟ ਤੇ ਟੀਵੀ ਵੱਲ ਜ਼ਿਆਦਾ ਹੁੰਦਾ ਹੈ।
- ਬੱਚਿਆਂ ਨੂੰ ਖਾਣਾ ਬਹੁਤ ਹੀ ਵਧੀਆ ਤਰੀਕੇ ਨਾਲ ਪਰੋਸੋ ਜਿਵੇਂ ਸਲਾਦ, ਜੈਮ, ਚਟਨੀ ਤੇ ਧਨੀਏ ਦੀਆਂ ਪੱਤੀਆਂ ਆਦਿ ਨਾਲ। ਇਸ ਤਰ੍ਹਾਂ ਹਰੀਆਂ ਸਬਜ਼ੀਆਂ ਨਾਲ ਸਜਾਇਆ ਖਾਣਾ ਵੇਖ ਕੇ ਬੱਚੇ ਦਾ ਦਿਲ ਅੰਦਰੋਂ ਖ਼ੁਸ਼ ਹੋਵੇਗਾ ਤੇ ਖਾਣਾ ਖਾਣ ਨੂੰ ਜੀ ਕਰੇਗਾ।
- ਬੱਚਿਆਂ ਦੀ ਸੀਮਤ ਪਸੰਦ ਦਾ ਭੋਜਨ ਰੋਜ਼ ਨਹੀਂ ਬਣਾਉਣਾ ਚਾਹੀਦਾ ਜਿਵੇਂ ਕਿ ਹਰ ਰੋਜ਼ ਡਬਲਰੋਟੀ ਤੇ ਮੈਦੇ ਨਾਲ ਸਬੰਧਤ ਭੋਜਨ। ਪੌਸ਼ਟਿਕ ਪੱਖ ਨੂੰ ਧਿਆਨ 'ਚ ਰੱਖਦੇ ਹੋਏ ਖਾਣੇ 'ਚ ਵੰਨ-ਸੁਵੰਨਤਾ ਲਿਆਉਣੀ ਚਾਹੀਦੀ ਹੈ।
- ਮਾਂ ਬਾਪ ਨੂੰ ਵੀ ਇਸ ਸਬੰਧੀ ਇਕਸਾਰਤਾ ਰੱਖਣ ਦੀ ਲੋੜ ਹੈ। ਅਜਿਹਾ ਨਾ ਹੋਵੇ ਕਿ ਮਾਂ ਬੱਚੇ ਨੂੰ ਘਰੇ ਬਣਾਇਆ ਪੌਸ਼ਟਿਕ ਖਾਣ ਲਈ ਕਹੇ ਤੇ ਪਿਤਾ ਬੱਚਿਆਂ ਨੂੰ ਆਈਸਕ੍ਰੀਮ ਤੇ ਚੌਕਲੇਟ ਖਵਾ ਕੇ ਖ਼ੁਸ਼ ਕਰੇ। ਆਸ ਹੈ ਕਿ ਮਾਂ-ਬਾਪ ਇਨ੍ਹਾਂ ਨੁਕਤਿਆਂ ਨੂੰ ਆਪਣਾ ਕੇ ਬੱਚਿਆਂ 'ਚ ਖਾਣ-ਪੀਣ ਦੀਆਂ ਸੁਚੱਜੀਆਂ ਆਦਤਾਂ ਦਾ ਵਿਕਾਸ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਉਜਲਾ ਕਰਨ 'ਚ ਕਾਮਯਾਬ ਹੋਣਗੇ।

98147-88385



### ਪਰਹੇਜ਼

*ਬੱਚਿਆਂ ਨੂੰ ਹਮੇਸ਼ਾ ਤਲੀਆਂ ਚੀਜ਼ਾਂ, ਫਾਸਟ ਫੂਡ, ਗੰਦੇ ਹੱਥਾਂ ਨਾਲ ਭੋਜਨ ਕਰਨਾ ਆਦਿ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਬੱਚਿਆਂ ਦੇ ਮਾਂ-ਬਾਪ ਨੂੰ ਚਾਹੀਦਾ ਕਿ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਤੋਂ ਦੂਰ ਰੱਖਣ। ਜਦੋਂ ਬੱਚੇ ਇਸ ਤਰ੍ਹਾਂ ਦੀਆਂ ਚੀਜ਼ਾਂ ਦਾ ਸੇਵਨ ਕਰਦੇ ਹਨ ਤਾਂ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਦੰਦਾਂ ਖ਼ਰਾਬ ਹੋਣਾ, ਪੇਟ ਦੇ ਕੀੜੇ ਆਦਿ।*



# ਕਈ ਰੋਗਾਂ ਦੀ ਦਵਾਈ ਅਦਰਕ

ਬਦਲ ਰਹੇ ਮੌਸਮ 'ਚ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਵੇਂ ਗਲ਼ਾ ਖ਼ਰਾਬ ਹੋਣਾ, ਬਲਗਮ, ਕਬਜ਼, ਅਫਾਰਾ, ਗਠੀਆ ਆਦਿ ਰੋਗਾਂ ਲਈ ਅਦਰਕ ਬਹੁਤ ਗੁਣਕਾਰੀ ਹੈ। ਅਦਰਕ ਇਕ ਪੌਦੇ ਦੀ ਜੜ੍ਹ ਹੈ। ਇਹ ਪੌਦਾ ਦੋ ਕੁ ਫੁੱਟ ਉੱਚਾ ਹੁੰਦਾ ਹੈ। ਅਦਰਕ ਨੂੰ ਜੇ ਸੁਕਾਅ ਕੇ ਰੱਖੀਏ ਤਾਂ ਇਹ ਸੌਂਠ ਕਹਾਉਂਦਾ ਹੈ। ਅਦਰਕ ਭੋਜਨ ਨੂੰ ਪਚਾਉਂਦਾ ਹੈ, ਬਲਗਮ ਨੂੰ ਦੂਰ ਕਰਦਾ ਹੈ ਅਤੇ ਭੁੱਖ ਵਧਾਉਂਦਾ ਹੈ। ਦਾਲ-ਸਬਜ਼ੀ ਤੋਂ ਇਲਾਵਾ ਇਸ ਨੂੰ ਚਾਹ ਆਦਿ ਵਿਚ ਵੀ ਪਾ ਕੇ ਖਾਦਾ ਜਾ ਸਕਦਾ ਹੈ। ਇਸ ਦਾ ਆਚਾਰ ਵੀ ਪੇਟ ਲਈ ਬਹੁਤ ਗੁਣਕਾਰੀ ਹੈ।

### ਗੁਣ

- ਜੇ ਗਲ਼ਾ ਖ਼ਰਾਬ ਹੋਵੇ ਤਾਂ ਨਮਕ ਲਗਾ ਕੇ ਅਦਰਕ ਖਾਣ ਨਾਲ ਗਲ਼ਾ ਠੀਕ ਹੋ ਜਾਂਦਾ ਹੈ। ਕਈ ਵਾਰ ਬੁਖ਼ਾਰ ਜਾਂ ਜ਼ੁਕਾਮ ਹੋ ਜਾਂਦਾ ਹੈ ਤਾਂ ਅਦਰਕ ਵਾਲੀ ਚਾਹ ਪੀ ਸਕਦੇ ਹੋ।
- ਬਲਗਮ, ਖਾਂਸੀ ਅਤੇ ਸਾਹ ਦੇ ਰੋਗੀ ਨੂੰ ਜੇ 10 ਗ੍ਰਾਮ ਅਦਰਕ ਦਾ ਰਸ, ਦੋ ਤੋਲੇ ਸ਼ਹਿਦ ਆਦਿ ਵਿਚ ਮਿਲਾ ਕੇ ਦਿਨ ਵਿਚ ਦੋ ਤੋਂ ਤਿੰਨ ਵਾਰ ਖਾਣ ਨਾਲ ਰੋਗੀ ਠੀਕ ਮਹਿਸੂਸ ਕਰਦਾ ਹੈ।
- ਕਬਜ਼ ਅਤੇ ਅਫਾਰਾ ਲਈ ਅਦਰਕ ਦੇ ਛੋਟੇ-ਛੋਟੇ ਟੁਕੜੇ ਕੱਟ ਕੇ, ਇਨ੍ਹਾਂ ਉੱਪਰ ਨਮਕ ਆਦਿ ਪਾ ਕੇ ਕੁੱਝ ਦਿਨਾਂ ਲਈ ਸੁੱਕਣ ਵਾਸਤੇ ਛੱਡ ਦਿਓ, ਫਿਰ ਨਿਯਮਿਤ ਸੇਵਨ ਕਰਨ ਨਾਲ ਕਬਜ਼ ਦੂਰ ਹੋਵੇਗੀ ਅਤੇ ਭੁੱਖ ਖੁੱਲ੍ਹ ਜਾਵੇਗੀ।
- ਕੰਨ ਆਦਿ ਵਿਚ ਕਿਸੇ ਤਰ੍ਹਾਂ ਦਾ ਵੀ ਦਰਦ ਹੋਵੇ ਤਾਂ ਅਦਰਕ ਅਤੇ ਲਸਣ ਦੇ ਰਸ ਨੂੰ ਬਰਾਬਰ ਮਾਤਰਾ ਵਿਚ ਲੈ ਕੇ ਤੇਲ ਵਿਚ ਤਲ਼ ਕੇ ਨਿਯਮਿਤ ਰੂਪ ਵਿਚ ਕੰਨ ਵਿਚ ਪਾਉਣ ਨਾਲ ਦਰਦ ਤੋਂ ਰਾਹਤ ਮਿਲੇਗੀ।



*ਆਇਰਨ, ਕੈਲਸ਼ੀਅਮ, ਵਿਟਾਮਿਨ ਆਦਿ ਨਾਲ ਭਰਪੂਰ ਅਦਰਕ। ਇਸ ਦੇ ਰਸ ਦਾ ਇਸਤੇਮਾਲ ਕਰਨ ਨਾਲ ਦਿਲ ਦੀਆਂ ਕਈ ਬਿਮਾਰੀਆਂ ਤੋਂ ਰਾਹਤ ਪਾਈ ਜਾ ਸਕਦੀ ਹੈ ਤੇ ਇਹ ਕੋਲੈਸਟ੍ਰੋਲ ਨੂੰ ਵੀ ਕੰਟਰੋਲ ਕਰਦਾ ਹੈ। ਇਸ ਦੇ ਸੇਵਨ ਨਾਲ ਚਿਹਰੇ 'ਤੇ ਵੀ ਨਿਖ਼ਾਰ ਆਉਂਦਾ ਹੈ। ਅਦਰਕ ਸਿਹਤ ਲਈ ਬਹੁਤ ਲਾਭਕਾਰੀ ਹੈ।*

# ਕਿਉਂ ਪੈਂਦੀ ਹੈ ਡਾਇਲਸਿਸ ਦੀ ਜ਼ਰੂਰਤ

ਜਦੋਂ ਕਿਡਨੀ ਕਮਜ਼ੋਰ ਹੋ ਜਾਂਦੀ ਹੈ ਤਾਂ ਸਰੀਰ ਦੇ ਵਾਧੂ ਪਦਾਰਥ ਬਾਹਰ ਨਹੀਂ ਨਿਕਲ ਪਾਉਂਦੇ ਜਿਸ ਕਾਰਨ ਕਈ ਪ੍ਰਕਾਰ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਫਿਰ ਮਸ਼ੀਨਾਂ ਸਹਾਰੇ ਖ਼ੂਨ ਸਾਫ਼ ਕਰਨ ਦੀ ਪ੍ਰਕਿਰਿਆ ਨੂੰ ਡਾਇਲਸਿਸ ਕਿਹਾ ਜਾਂਦਾ ਹੈ। ਖ਼ੂਨ ਨੂੰ ਬਾਹਰ ਕੱਢਿਆ ਜਾਂਦਾ ਹੈ ਤੇ ਬਾਅਦ 'ਚ ਫਿਰ ਉਸ ਨੂੰ ਵਾਪਿਸ ਅੰਦਰ ਪਾਇਆ ਜਾਂਦਾ ਹੈ।

### ਕਿੰਨੇ ਪ੍ਰਕਾਰ ਦੇ ਡਾਇਲਸਿਸ

*ਡਾਇਲਸਿਸ ਦੋ ਪ੍ਰਕਾਰ ਦੇ ਹੁੰਦੇ ਹਨ*

**ਹੀਮੋਡਾਇਲਸਿਸ** : ਇਸ 'ਚ ਵਿਸ਼ੇਸ਼ ਪ੍ਰਕਾਰ ਦੀਆਂ ਮਸ਼ੀਨਾਂ ਦੁਆਰਾ ਇਕ ਵਾਰ 'ਚ 250 'ਚ 300 ਮਿ.ਲੀ ਖ਼ੂਨ ਬਾਹਰ ਕੱਢ ਕੇ ਸ਼ੁੱਧ ਕੀਤਾ ਜਾਂਦਾ ਹੈ ਤੇ ਫਿਰ ਸਰੀਰ 'ਚ ਵਾਪਸ ਪਾਇਆ ਜਾਂਦਾ ਹੈ। ਇਹ ਪ੍ਰਕਿਰਿਆ ਸਿਰਫ਼ ਹਸਪਤਾਲ 'ਚ ਹੀ ਕੀਤੀ ਜਾਂਦੀ ਹੈ।

### ਕਦੋਂ ਜ਼ਰੂਰਤ ਪੈਂਦੀ ਹੈ

*ਕਰੌਨਿਕ ਰੀਨਲ ਡਿਜ਼ੀਜ ਜਾਂ ਕੌਨਿਕ ਕਿਡਨੀ ਡਿਜ਼ੀਜ ਕਾਰਨ ਕਰੈਟਿਨਿਨ ਕਲੀਅਰੈਂਸ ਰੇਟ 15 ਫ਼ੀਸਦੀ ਜਾਂ ਇਸ ਤੋਂ ਵੀ ਘੱਟ ਹੋ ਜਾਵੇ ਤਾਂ ਡਾਇਲਸਿਸ ਕਰਨਾ ਪੈਂਦਾ ਹੈ। ਕਿਡਨੀ ਦੀ ਸਮੱਸਿਆ ਕਾਰਨ ਸਰੀਰ 'ਚ ਪਾਣੀ ਇਕੱਠਾ ਹੋਣ ਲੱਗੇ ਭਾਵ 'ਫਲੂਡਡ ਔਵਰਲੋਡ' ਦੀ ਸਮੱਸਿਆ ਹੋ ਜਾਵੇ ਤਾਂ ਪਹਿਲਾਂ ਦਵਾਈ ਦੇ ਕੇ ਦੇਖੀ ਜਾਂਦੀ ਹੈ। ਫ਼ਇਦਾ ਨਾ ਮਿਲਣ 'ਤੇ ਡਾਇਲਸਿਸ ਕਰਨਾ ਪੈਂਦਾ ਹੈ। ਜੇ ਸਰੀਰ 'ਚ ਪੋਟੈਸ਼ੀਅਮ ਦੀ ਮਾਤਰਾ ਵੱਧ ਜਾਵੇ ਤੇ ਦਿਲ ਦੀ ਧੜਕਣ 'ਚ ਪਰੇਸ਼ਾਨੀ ਆਵੇ ਤਾਂ ਵੱਖਰੀ-ਵੱਖਰੀ ਦਵਾਈ ਦਿੱਤੀ ਜਾਂਦੀ ਹੈ। ਦਵਾਈਆਂ ਦਾ ਅਸਰ ਨਾ ਦਿਖਾਈ ਦੇਵੇ ਤਾਂ ਡਾਇਲਸਿਸ ਮਾਹਿਰ ਦੀ ਸਲਾਹ ਲਈ ਜਾਂਦੀ ਹੈ।*



### ਕਿਡਨੀ ਡਾਇਲਸਿਸ

*ਕਈ ਵਾਰ ਸਾਡੇ ਦਿਮਾਗ਼ 'ਚ ਆਉਂਦਾ ਹੈ ਕਿ ਡਾਇਲਸਿਸ ਦੀ ਜ਼ਰੂਰਤ ਕਿਉਂ ਪੈਂਦੀ ਹੈ। ਜਦੋਂ ਕਿਡਨੀ ਕਮਜ਼ੋਰ ਹੋ ਜਾਂਦੀ ਹੈ ਤਾਂ ਉਸ ਸਮੇਂ ਡਾਇਲਸਿਸ ਕੀਤਾ ਜਾਂਦਾ ਹੈ। ਕਿਡਨੀ ਦੀ ਸ਼ਕਤੀ 80- ਤੋਂ 90 ਫ਼ੀਸਦੀ ਘੱਟ ਜਾਂਦੀ ਹੈ ਤਾਂ ਪਿਸ਼ਾਬ ਬਾਹਰ ਨਹੀਂ ਨਿਕਲ ਪਾਉਂਦਾ ਤੇ ਅੰਦਰ ਹੀ ਜਮ੍ਹ ਹੁੰਦਾ ਰਹਿੰਦਾ ਹੈ। ਜਿਸ ਕਰਕੇ ਥਕਾਵਟ, ਸੋਜ, ਉਲਟੀਆਂ, ਸਾਹ ਫੁਲਣਾ , ਖ਼ੂਨ ਦੀ ਘਾਟ , ਹੱਥ ਪੈਰ ਸੌਣੇ, ਸਰੀਰ ਕਮਜ਼ੋਰ ਹੋ ਜਾਣਾ ਆਦਿ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਰਕੇ ਡਾਇਲਸਿਸ ਦੀ ਜ਼ਰੂਰਤ ਪੈਂਦੀ ਹੈ।*

**ਪੈਰਟੋਨੀਅਲ ਡਾਇਲਸਿਸ** : ਇਸ ਡਾਇਲਸਿਸ 'ਚ ਰੋਗੀ ਦੀ ਧੁੰਨੀ ਦੇ ਥੱਲੇ ਆਪਰੇਸ਼ਨ ਦੇ ਮਾਧਿਅਮ ਨਾਲ ਇਕ ਨਾਲੀ ਲਗਾਈ ਜਾਂਦੀ ਹੈ। ਪੇਟ ਦੇ ਅੰਦਰ ਝਿਲੀ ਡਾਇਲਾਈਜਰ ਦਾ ਕੰਮ ਕਰਦੀ ਹੈ ਜੋ ਪੀ.ਡੀ ਫਲੂਡਡ ਦੇ ਵਧੀਆ ਪਦਾਰਥਾਂ ਨੂੰ ਸਰੀਰ 'ਚ ਦਾਖ਼ਲ ਕਰਦੀ ਹੈ ਤੇ ਖ਼ੂਨ 'ਚ ਮੌਜੂਦ ਵਾਧੂ ਪਦਾਰਥਾਂ ਨੂੰ ਬਾਹਰ ਕੱਢਦੀ ਹੈ।

ਇਸ ਨੂੰ ਤਰਲ ਪੇਟ 'ਚ 5-6 ਘੰਟੇ ਤਕ ਰੱਖਣਾ ਪੈਂਦਾ ਹੈ। ਇਸ ਤੋਂ ਬਾਅਦ ਨਾਲੀ ਜ਼ਰੀਏ ਪੀ.ਡੀ ਫਲੂਡਡ ਨੂੰ ਬਾਹਰ ਕੱਢਿਆ ਜਾਂਦਾ ਹੈ। ਇਸ ਪਰੇਸ਼ਾਨੀ ਦਾ ਸਾਹਮਣਾ ਉਨ੍ਹਾਂ ਲੋਕਾਂ ਨੂੰ ਜ਼ਿਆਦਾ ਕਰਨਾ ਪੈਂਦਾ ਹੈ ਜੋ ਬਹੁਤ ਜ਼ਿਆਦਾ ਕੰਮ ਕਰਦੇ ਹਨ ਜਾਂ ਜ਼ਿਆਦਾ ਉਮਰ ਦੇ ਹੁੰਦੇ ਹਨ। ਵਿਗਿਆਨ ਦੀ ਭਾਸ਼ਾ 'ਚ ਇਸ ਨੂੰ 'ਅਕਸਟ੍ਰੀਮ ਆਫ਼ ਅਜੇਮ' ਕਹਿੰਦੇ ਹਨ। ਜਿਨ੍ਹਾਂ ਲੋਕਾਂ ਨੂੰ ਦਿਲ ਸਬੰਧੀ ਸਮੱਸਿਆ ਹੈ ਉਨ੍ਹਾਂ ਨੂੰ ਕਈ ਵਾਰ ਇਸ ਰੋਗ ਦਾ ਸਾਹਮਣਾ ਕਰਨਾ ਪੈਂਦਾ ਹੈ।

# ਤੰਦਰੁਸਤੀ ਦਾ ਮੰਤਰ

ਡਾ. ਅਮਰੀਕ ਸਿੰਘ ਕੰਡਾ

'ਆਉਣ ਵਾਲੇ ਸਮੇਂ ਵਿਚ ਰੱਜੇ ਬੰਦੇ ਹੀ ਮਰਿਆ ਕਰਨਗੇ ਤੇ ਭੁੱਖੇ ਬੰਦਿਆਂ ਦੀ ਉਮਰ ਲੰਬੀ ਹੋਵੇਗੀ।' ਇਹ ਗੱਲ ਮੈਂ ਦਾਅਵੇ ਨਾਲ ਕਹਿ ਸਕਦਾਂ ਹਾਂ ਕਿਉਂਕਿ ਅਸੀਂ ਸਭ ਖਾ ਪੀ ਹੀ ਰਹੇ ਹਾਂ। ਕੋਈ ਸਰੀਰਕ ਕਸਰਤ ਜਾਂ ਕੰਮਕਾਰ ਨਹੀਂ ਕਰਦੇ। ਜ਼ਿਆਦਾਤਰ ਲੋਕ ਬੈਠ ਕੇ ਕੰਮ ਕਰਦੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ ਸਾਡੀ ਉਮਰ ਲੰਬੀ ਤੇ ਤੰਦਰੁਸਤ ਰਹੇ ਤਾਂ ਸਾਨੂੰ ਇਨ੍ਹਾਂ ਗੱਲਾਂ 'ਤੇ ਅਮਲ ਕਰਨਾ ਪਵੇਗਾ। ਆਉ ਜਾਣੀਏ ਕਿ ਅਸੀਂ ਆਪਣੇ ਆਪ ਨੂੰ ਤੇ ਆਪਣੇ ਪਰਿਵਾਰਾਂ ਨੂੰ ਬਿਮਾਰੀਆਂ ਤੋਂ ਕਿਵੇਂ ਬਚਾਈਏ ਤੇ ਕਿਵੇਂ ਤਣਾਅ ਮੁਕਤ ਜੀਵਨ ਬਤੀਤ ਕਰੀਏ... ।

### ਭੋਜਨ ਨੂੰ ਸਮਝੀਏ

ਭੋਜਨ ਕਰਨਾ ਮਹੱਤਵਪੂਰਨ ਨਹੀਂ ਸਗੋਂ ਭੋਜਨ ਨੂੰ ਪਚਾਉਣਾ ਮਹੱਤਵਪੂਰਨ ਹੈ। ਜਿਸ ਦੇਸ਼-ਪ੍ਰਦੇਸ਼ ਜਾਂ ਸਥਾਨ 'ਤੇ ਜਿਸ ਪ੍ਰਕਾਰ ਦਾ ਭੋਜਨ ਉਪਲਬਧ ਹੋਵੇ ਉਹੀ ਭੋਜਨ ਕਰਨਾ ਚਾਹੀਦਾ ਹੈ। ਕੁਦਰਤ ਦੇ ਵਿਰੁੱਧ ਭੋਜਨ ਕਦੇ ਨਾ ਕਰੋ।

- ਸਭ ਤੋਂ ਪਹਿਲਾਂ ਇਸ ਗੱਲ ਨੂੰ ਸਮਝੋ ਕਿ ਖਾਣ ਲਈ ਨਾ ਜੀਉ ਸਗੋਂ ਜੀਉਣ ਲਈ ਖਾਉ। ਘੱਟ ਖਾਉ, ਦੇਖ ਪਰਖ ਕੇ ਚੰਗਾ ਖਾਉ। ਚੰਗੀ ਤਰ੍ਹਾਂ ਚਬਾ ਕੇ ਖਾਓ। ਚਬਾ ਕੇ ਖਾਣ ਨਾਲ ਜਲਦੀ ਹੀ ਪਚ ਜਾਂਦਾ ਹੈ।
- ਤੁਸੀਂ ਆਪਣਾ ਢਿੱਡ ਕਦੇ ਨਾ ਭਰੋ। ਸਗੋਂ ਭੁੱਖ ਰੱਖ ਕੇ ਖਾਉ। ਜੇ ਤੁਸੀਂ ਜ਼ਿਆਦਾ ਖਾ ਲਵੋਗੇ ਤਾਂ ਪਚਨ 'ਚ ਕਾਫ਼ੀ ਪਰੇਸ਼ਾਨੀ ਆਵੇਗੀ।
- ਆਪਣੇ ਖਾਣੇ 'ਚ 60 ਫ਼ੀਸਦੀ ਕੱਚਾ ਭੋਜਨ ਸ਼ਾਮਿਲ ਕਰੋ ਜਿਵੇਂ ਮੂਲੀ, ਗਾਜਰ, ਪਾਲਕ, ਖੀਰਾ, ਬਰੋਕਲੀ, ਟਮਾਟਰ, ਸਲਾਦ ਆਦਿ। ਇਸ ਨਾਲ ਸਿਹਤ ਨੂੰ ਬਹੁਤ ਲਾਭ ਮਿਲੇਗਾ।
- ਕੱਚਾ ਭੋਜਨ ਆਕਸੀਜਨ ਦਿੰਦਾ ਹੈ। ਹੁਣ ਅਸੀਂ ਪੱਕੇ ਭੋਜਨ ਦੀ ਗੱਲ ਕਰਦੇ ਹਾਂ। ਪੱਕਿਆ ਭੋਜਨ 48 ਮਿੰਟ ਦੇ ਅੰਦਰ-ਅੰਦਰ ਖਾ ਲਉ। ਇਸ ਤੋਂ ਬਾਅਦ ਭੋਜਨ ਦੇ ਪੌਸ਼ਟਿਕ ਤੱਤ ਘੱਟ ਹੋਣੇ ਸ਼ੁਰੂ ਹੋ ਜਾਂਦੇ ਹਨ।
- ਚੌਵੀ ਘੰਟਿਆਂ ਬਾਅਦ ਇਹ ਭੋਜਨ ਜਾਨਵਰਾਂ ਦੇ ਖਾਣ ਯੋਗ ਵੀ ਨਹੀਂ ਰਹਿੰਦਾ।
- ਫਾਸਟ ਫੂਡ ਤੇ ਮੈਦੇ ਤੋਂ ਬਣੀਆਂ ਚੀਜ਼ਾਂ ਨਾ ਖਾਉ। ਮੈਦਾ ਸਾਡੀਆਂ ਆਂਤੜੀਆਂ 'ਚ ਜਾ ਕੇ ਚਿਪਕ ਜਾਂਦਾ ਹੈ। ਇਸ ਨਾਲ ਸਾਨੂੰ ਕਈ ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ। ਇਸ ਲਈ ਸਾਵਧਾਨ ਰਹੋ।
- ਜ਼ਿਆਦਾ ਕਾਰਬੋਹਾਈਡਰੇਟਸ ਨਾ ਖਾਉ।
- ਪ੍ਰੋਟੀਨ ਜਿਵੇਂ ਦਾਲਾਂ, ਛੋਲੇ, ਹਰੀਆਂ ਸਬਜ਼ੀਆਂ ਖਾਉ। ਪ੍ਰੋਟੀਨ ਨਾਲ ਖੱਟੇ ਦਾ ਮੇਲ ਹੈ ਜਿਵੇਂ ਦਾਲਾਂ, ਛੋਲਿਆਂ ਨਾਲ ਪੁਦੀਨੇ ਅਨਾਰ ਦਾਣੇ ਦੀ ਚਟਨੀ ਜਾਂ ਨਿੰਬੂ ਆਦਿ ਲਉ। ਪ੍ਰੋਟੀਨ ਛੇਤੀ ਪਚ ਜਾਵੇਗਾ।।



### ਭੋਜਨ ਦਾ ਸਮਾਂ

ਨਾਸ਼ਤੇ ਦਾ ਸਮਾਂ ਸਵੇਰ 7 ਤੋਂ 9, ਦੁਪਿਹਰ ਲੰਚ ਦਾ ਸਮਾਂ 1 ਤੋਂ 2 ਤੇ ਡਿਨਰ ਦਾ ਸਮਾਂ 5 ਤੋਂ 6 ਵਜੇ ਤਕ ਦਾ ਰੱਖੋ।

### ਖ਼ੁਰਾਕ 'ਚ ਕਰੋ ਸ਼ਾਮਿਲ

ਆਪਣੀ ਰੋਜ਼ਾਨਾ ਦੀ ਖ਼ੁਰਾਕ 'ਚ ਆਂਵਲਾ, ਹਲਦੀ, ਦਾਲਚੀਨੀ, ਮੋਟੀ ਕਾਲੀ ਇਲਾਇਚੀ, ਭਿੱਜੇ ਹੋਏ ਬਾਦਾਮ, ਅਲਸੀ, ਆਂਡੇ ਦਾ ਵਾਈਟ ਪਾਰਟ, ਕਾਲੀ ਮਿਰਚ, ਸੁੰਢ, ਮਖਾਂ, ਪੁਦੀਨਾ, ਲਸਣ, ਅਦਰਕ, ਪਿਆਜ਼, ਅਨਾਰਦਾਣਾ, ਤੁਲਸੀ, ਗਿਲੋਅ, ਸਬਜ਼ੀਆਂ, ਫਰੂਟ, ਸੌਂਫ, ਮੁਲੱਠੀ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।

98557-35666



# ਤੰਬਾਕੂ, ਜ਼ਰਦਾ, ਸ਼ਰਾਬ, ਸਿਗਰਟਨੋਸ਼ੀ ਤੇ ਗੁਟਕਾ ਆਦਿ ਉਤਪਾਦ ਸਿਹਤ ਲਈ ਮਿੱਠੇ ਜ਼ਹਿਰ ਹਨ ਜਿਨ੍ਹਾਂ ਨਾਲ ਮੂੰਹ ਦਾ ਕੈਂਸਰ, ਦੰਦਾਂ 'ਚ ਦਰਦ, ਦੰਦ ਕਾਲੇ ਤੇ ਪੀਲੇ ਵੀ ਪੈ ਸਕਦੇ ਹਨ। ਇਸ ਲਈ ਇਨ੍ਹਾਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ...

# ਜ਼ਰੂਰੀ ਹੈ ਦੰਦਾਂ ਦੀ ਦੇਖਭਾਲ

ਡਾ.ਅਨਿਲ ਕੁਮਾਰ

ਕਈ ਲੋਕਾਂ ਨੂੰ ਦੰਦਾਂ ਪ੍ਰਤੀ ਬਹੁਤ ਸਾਰੀਆਂ ਪਰੇਸ਼ਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ ਠੰਢਾ-ਤੱਤਾ ਲੱਗਣਾ, ਖੋੜਾਂ, ਦੰਦਾਂ ਨੂੰ ਕੀੜਾ ਲੱਗਣੇ, ਦੰਦਾਂ ਵਿਚ ਖ਼ੂਨ ਆਉਣਾ ਜਾਂ ਫਿਰ ਮਸੂੜਿਆਂ ਵਿਚ ਸੋਜ ਹੋਣੀ, ਦੰਦ ਹਿਲਣੇ ਆਦਿ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਬਗੈਰ ਜੀਵਨ ਵਿਚ ਨੀਰਸਤਾ ਆ ਜਾਂਦੀ ਹੈ। ਇਸ ਦੀ ਅਸਲ ਅਹਿਮੀਅਤ ਉਦੋਂ ਸਮਝ ਆਉਂਦੀ ਹੈ ਜਦੋਂ ਬੁਢਾਪਾ ਆਉਂਦਾ ਹੈ ਤੇ ਅਸੀਂ ਚਿੱਥ ਕੇ ਕੁੱਝ ਖਾ ਨਹੀਂ ਸਕਦੇ। ਦੰਦਾਂ ਵਾਲੇ ਡਾਕਟਰਾਂ ਦੀ ਰਹਿਮਤ 'ਤੇ ਦੇਖੋ ਇਹ ਦੰਦਾਂ ਦੇ ਨਕਲੀ ਬੀੜ ਬਣਾ ਕੇ ਕੁੱਝ ਖਾਣ ਦੇ ਯੋਗ ਬਣਾਉਂਦੇ ਹਨ ਪਰ ਅਸਲੀ ਤਾਂ ਅਸਲੀ ਹੀ ਹੁੰਦੇ ਹਨ। ਜਿਸ ਦਾ ਮੁੱਲ ਅਸੀਂ ਕਦੇ ਨਹੀਂ ਸਮਝਦੇ।

ਜਿਨ੍ਹਾਂ ਮਰੀਜ਼ਾਂ ਨੂੰ ਦੰਦ ਕਢਵਾਉਣ ਤੋਂ ਡਰ ਲਗਦਾ ਹੈ ਉਨ੍ਹਾਂ ਲਈ ਚੰਗੀ ਖ਼ਬਰ ਇਹ ਹੈ ਕਿ ਅੱਜ ਦੇ ਤਕਨੀਕੀ ਯੁੱਗ ਵਿਚ ਖ਼ਰਾਬ ਹੋਏ ਦੰਦ ਬਿਨ੍ਹਾਂ ਦਰਦ ਤੋਂ ਕੱਢੇ ਜਾਂਦੇ ਹਨ। ਇਸ ਲਈ ਦੰਦਾਂ ਨੂੰ ਠੀਕ ਰੱਖਣ ਲਈ ਡੈਂਟਿਸਟ ਕੋਲ ਜਾਣਾ ਹੀ ਪੈਂਦਾ ਹੈ ਤੇ ਮਰੀਜ਼ ਨੂੰ ਕਈ ਜਟਿਲ ਤੇ ਕਈ ਛੋਟੀਆਂ-ਮੋਟੀਆਂ ਸਰਜਰੀਆਂ ਵਿੱਚੋਂ ਗੁਜਰਨਾ ਪੈਂਦਾ ਹੈ ਜਿਵੇਂ ਕਿ ਦੰਦਾਂ ਦੀ ਫਿਲਿੰਗ, ਰੂਟ ਕੈਨਾਲ ਟਰੀਟਮੈਂਟ, ਫਿਕਸ ਦੰਦ ਲਗਾਉਣਾ, ਅਕਲ-ਜਾੜ ਦੀ ਸਰਜਰੀ ਆਦਿ ਕਰਵਾਉਣਾ ਹੁਣ ਆਮ ਜਿਹੀ ਗੱਲ ਹੋ ਗਈ ਹੈ।

ਜਦੋਂ ਅਸੀ ਇਨ੍ਹਾਂ ਦੰਦਾਂ ਨੂੰ ਅਣਗੌਲਿਆਂ ਕਰਦੇ ਹਾਂ ਕਿ ਜੋ ਆਇਆ ਸੋ ਪਚਾਇਆ ਵਰਗੀ ਸਥਿਤੀ ਅਪਨਾਉਂਦੇ ਹਾਂ ਤਾਂ ਇਹ ਦੰਦ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਲੱਗ ਪੈਂਦੇ ਹਨ। ਅੱਜ ਹਰ ਦੂਜਾ ਵਿਅਕਤੀ ਦੰਦਾਂ ਨਾਲ ਘੋਲ ਕਰ ਰਿਹਾ ਹੈ। ਇਹ ਘੋਲ ਕਰ ਕੇ ਅਸੀਂ ਦੰਦਾਂ ਦੇ ਇਨੇਮਲ ਨੂੰ ਖ਼ਰਾਬ ਕਰ ਲਿਆ ਹੈ। ਘੋਲ ਵੀ ਇਸ ਤਰ੍ਹਾਂ ਦੇ ਕਿ 'ਰਹਿ ਰੱਬ ਦਾ ਨਾਂ', ਬੁਰਸ਼ ਨਾ ਬਦਲਣਾ, ਦੰਦਾਂ ਨਾਲ ਬੋਤਲ ਦਾ ਢੱਕਣ ਖੋਲਣਾ, ਕੋਈ ਭਾਰੀ ਵਹੀਕਲ ਖਿੱਚਣਾ, ਅਖਰੋਟ ਤੋੜਣਾ, ਦੰਦਾਂ ਨੂੰ ਬੁਰਸ਼ ਨਾਲ ਜ਼ੋਰ-ਜ਼ੋਰ ਦੀ ਰਗੜਨਾ ਆਦਿ। ਇਹ ਗ਼ਲਤ ਆਦਤਾਂ ਹਨ ਜਿਸ ਕਰਕੇ ਅਸੀਂ ਦੰਦਾਂ ਦੇ ਇਨੇਮਲ ਨੂੰ ਖ਼ਰਾਬ ਕਰ ਲੈਂਦੇ ਹਾਂ।

ਅਸੀਂ ਲੋਕ ਭੋਜਨ ਨੂੰ ਦੰਦਾਂ ਨਾਲ ਚੰਗੀ ਤਰ੍ਹਾਂ ਚਿੱਥ ਕੇ ਨਹੀਂ ਖਾਂਦੇ ਸਗੋਂ ਨਿਗਲਦੇ ਹਾਂ। ਇਹ ਕੰਮ ਅਸੀਂ ਟੈਲੀਵਿਜ਼ਨ ਦੇਖਣ ਦੌਰਾਨ ਕਰਦੇ ਹਾਂ।

ਦੰਦਾਂ ਦਾ ਇਹ ਚਿੱਥਣ ਵਾਲਾ ਕੰਮ ਪੇਟ ਵਿਚ ਮੌਜੂਦ ਵੱਡੀ ਤੇ ਛੋਟੀ ਪੇਟ ਦੀ ਆਂਤੜੀ ਦੇ ਸਪੁਰਦ ਕਰ ਦਿੰਦੇ ਹਾਂ। ਇੱਥੇ ਹੀ ਬਸ ਨਹੀਂ ਕੈਮੀਕਲਸ ਨਾਲ ਭਰਪੂਰ ਪੇਸਟਾਂ ਵੀ ਸਾਡੇ ਸਰੀਰ, ਦੰਦਾਂ ਤੇ ਮਸੂੜਿਆਂ ਦਾ ਸਤਿਆਨਾਸ਼ ਕਰ ਰਹੀਆਂ ਹਨ। ਸਾਡੇ ਬੱਚਿਆਂ ਦੇ ਦੰਦਾਂ ਦੀ ਸਥਿਤੀ ਉਬੜ-ਖਾਬੜ ਹੋ ਗਈ ਹੈ। ਅਜਿਹੇ ਦੰਦਾਂ 'ਤੇ ਬੁਰਸ਼ ਚਲਾਉਣਾ ਮਸ਼ੀਨ ਨਾਲ ਘਾਹ ਖੋਦਣ ਵਰਗੀ ਸਥਿਤੀ ਹੈ। ਇਸ ਲਈ ਇਸ ਸਮੱਸਿਆ ਤੋਂ ਨਿਜਾਤ ਪਾਉਣ ਲਈ ਛੋਟੀ ਉਮਰ ਵਿਚ ਦੰਦਾਂ ਨੂੰ ਠੀਕ ਰੱਖਣ ਲਈ ਦੰਦਾਂ 'ਤੇ ਤਾਰਾਂ ਲਾਉਣੀਆਂ ਪੈਂਦੀਆਂ ਹਨ ਤਾਂ ਕਿ ਦੰਦਾਂ ਨੂੰ ਇਕਸਾਰ ਕੀਤਾ ਜਾ ਸਕੇ।

ਉਹ ਵੀ ਜਦੋਂ ਬੱਚੇ ਦਾ ਜਬਾੜਾ ਪੂਰੀ ਤਰ੍ਹਾਂ ਨਾਲ ਵਿਕਸਿਤ ਹੋ ਚੁੱਕਾ ਹੋਵੇ। ਇਹ ਵੀ ਨਾ ਭੁੱਲੋ ਕਿ ਉਚੇ-ਨੀਵੇ ਦੰਦਾਂ ਦੀ ਬਣਤਰ ਦਾ ਨਾਤਾ ਜੈਨੇਟਿਕ (ਪੀੜ੍ਹੀ ਦਰ ਪੀੜ੍ਹੀ) ਵੀ ਹੋ ਸਕਦਾ ਹੈ। ਇਸ ਲਈ ਵਿੰਗੇ-ਟੇਡੇ ਦੰਦਾਂ ਦਾ ਹੋਣਾ ਬੱਚਿਆਂ ਦਾ ਨਿਰਾ ਦੋਸ਼ ਨਹੀਂ ਹੈ। ਦੰਦਾਂ ਨਾਲ ਚਿਪਕਣ ਵਾਲੇ ਪਦਾਰਥ ਚੌਕਲੇਟ, ਟੌਫੀਆਂ, ਫਾਸਟ ਫੂਡ ਤੇ ਕੈਂਡੀ ਵਰਗੀਆਂ ਮਿੱਠੀਆਂ ਚੀਜ਼ਾਂ ਸਾਡੇ ਦੰਦਾਂ ਨਾਲ ਚਿਪਕ ਜਾਂਦੀਆਂ ਹਨ।

ਨਤੀਜੇ ਵਜੋਂ ਸਾਡੇ ਦੰਦਾਂ ਦੀਆਂ ਬਿਮਾਰੀਆਂ ਵਿਚ ਵਾਧਾ ਕਰਦੀਆਂ ਹਨ। ਕਈ ਮੇਰੇ ਵੀਰ ਦੰਦਾਂ ਵਾਲੇ ਡਾਕਟਰ ਕੋਲ ਉਸ ਸਮੇਂ ਜਾਂਦੇ ਹਨ ਜਦ ਦੰਦਾਂ ਦਾ ਕੀੜਾ ਉਪਰਲੀ ਪਰਤ ਨੂੰ ਖਾ ਕੇ ਨਸਾਂ ਤਕ ਘੁਸਪੈਠ ਕਰ ਚੁੱਕਾ ਹੁੰਦਾ ਹੈ। ਇਸ ਕੀੜੇ ਦੀ ਦਹਿਸ਼ਤ ਨੂੰ ਖ਼ਤਮ ਕਰਨ ਲਈ ਇਲਾਜ ਦੀ ਲੋੜ ਪੈਂਦੀ ਹੈ। ਇਸ ਲਈ ਸਹੀ ਸਮੇਂ 'ਤੇ ਡਾਕਟਰ ਕੋਲ ਜਾਉ। ਐਂਵੇ ਘਰ ਬੈਠੇ ਨੀਮ ਹਕੀਮ ਇਲਾਜ ਨਾ ਕਰੋ। ਦੰਦਾਂ ਨੂੰ ਸਵੱਸਥ ਰੱਖਣ ਲਈ ਬਹੁਤੇ ਵੱਡੇ

ਉਪਰਾਲੇ ਕਰਨ ਦੀ ਲੋੜ ਨਹੀਂ। ਬਸ ਤੁਹਾਨੂੰ ਆਪਣੀਆਂ ਆਦਤਾਂ ਬਦਲਣੀਆਂ ਪੈਣੀਆਂ ਹਨ। ਉਹ ਵੀ ਬਹੁਤੀਆਂ ਔਖੀਆਂ ਨਹੀਂ ਜਿਵੇਂ ਕਿ ਦਿਨ ਵਿਚ ਦੋ ਵਾਰ ਬੁਰਸ਼ ਕਰਨਾ।

ਸਭ ਤੋਂ ਮਹੱਤਵਪੂਰਨ ਇਹ ਹੈ ਕਿ ਬੁਰਸ਼ ਨੂੰ ਠੀਕ ਢੰਗ ਨਾਲ ਕਰਨਾ ਤੇ ਹਰ ਖਾਣਾ-ਖਾਣ ਤੋਂ ਬਾਅਦ ਕੁਰਲੀ ਕਰਨਾ ਜਾਂ ਦੋ ਘੁੱਟ ਪਾਣੀ ਗਟਕ ਲੈਣਾ ਵੀ ਠੀਕ ਹੈ। ਤੰਬਾਕੂ, ਜ਼ਰਦਾ, ਸਿਗਰਟਨੋਸ਼ੀ ਤੇ ਗੁਟਕਾ ਵਰਗੇ ਉਤਪਾਦ ਸਿਹਤ ਲਈ ਮਿੱਠੇ ਜ਼ਹਿਰ ਹਨ। ਜਿਨ੍ਹਾਂ ਨਾਲ ਮੂੰਹ ਦਾ ਕੈਂਸਰ ਤੇ ਦੰਦ ਕਾਲੇ ਤੇ ਪੀਲੇ ਵੀ ਪੈ ਸਕਦੇ ਹਨ। ਇਸ ਲਈ ਇਨ੍ਹਾਂ ਚੀਜ਼ਾਂ ਦਾ ਪਰਹੇਜ਼ ਕਰਨਾ ਚਾਹੀਦਾ ਹੈ। ਦੰਦਾਂ ਨੂੰ ਸਾਫ਼ ਨਾ ਰੱਖਣ ਦੀ ਸਜਾ ਦੇ ਰੂਪ ਵਿਚ ਦਿਲ ਦੀਆਂ ਬਿਮਾਰੀਆਂ, ਸਾਹ ਦੀ ਪਰੇਸ਼ਾਨੀ ਲਈ ਰਾਹ ਪੱਧਰਾ ਕਰ ਰਹੇ ਹਾਂ। ਸੋ ਅੱਜ ਲੋੜ ਹੈ ਤੁਹਾਨੂੰ ਆਪਣੇ ਦੰਦਾਂ ਦਾ ਸਹੀ ਖ਼ਿਆਲ ਰੱਖਣ ਦੀ ਤਾਂ ਕਿ ਤੁਸੀ ਕਿਸੇ ਸਾਹਮਣੇ ਖੁੱਲ੍ਹ ਕੇ ਹੱਸ ਸਕੋ।

ਜੇ ਦੰਦ ਤੰਦਰੁਸਤ ਨਹੀਂ ਤਾਂ ਫਿਰ ਤੁਹਾਡੀ ਮੁਸਕਰਾਹਟ ਨੂੰ ਗ੍ਰਹਿਣ ਲੱਗਾ ਹੋਇਆ ਹੈ। ਇਸ ਲਈ ਦੰਦਾਂ ਦੀ ਤੰਦਰੁਸਤੀ ਲਈ ਅੱਜ ਤੋਂ ਹੀ ਭੋਜਨ ਵਿਚ ਸਲਾਦ ਸ਼ਾਮਿਲ ਕਰੋ ਤੇ ਜੰਕ ਫੂਡ ਤੋਂ ਤੋਬਾ ਕਰੋ। ਦੰਦਾਂ 'ਤੇ ਚਿਪਕਣ ਵਾਲੇ ਪਦਾਰਥਾਂ ਦਾ ਸੇਵਨ ਨਾ ਕਰੋ ਕਿਉਂਕਿ ਇਨ੍ਹਾਂ ਚੀਜ਼ਾਂ ਦੇ ਸੇਵਨ ਨਾਲ ਦੰਦਾਂ ਨੂੰ ਕਾਫ਼ੀ ਜ਼ਿਆਦਾ ਨੁਕਸਾਨ ਹੁੰਦਾ ਹੈ ਤੇ ਇਸ ਦੇ ਨਾਲ ਹੋਰ ਵੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਮੋ: 9779884393



ਬਾਲ ਕਹਾਣੀ

# ਘੁਮੰਡ ਦਾ ਸਿਰ ਨੀਵਾਂ

*ਸਖ਼ਤ ਮਿਹਨਤ ਇਕ ਦਿਨ ਜ਼ਰੂਰ ਰੰਗ ਲਿਆਉਂਦੀ ਹੈ। ਜ਼ਿੰਦਗੀ 'ਚ ਹਮੇਸ਼ਾ ਉਹ ਬੱਚੇ ਹੀ ਕਾਮਯਾਬ ਹੁੰਦੇ ਹਨ ਜੋ ਲਗਾਤਾਰ ਮਿਹਨਤ ਕਰਦੇ ਰਹਿੰਦੇ ਹਨ। ਜੇ ਅਸਫ਼ਲਤਾ ਮਿਲਦੀ ਵੀ ਹੈ ਤਾਂ ਉਸ ਤੋਂ ਘਬਰਾਉਣਾ ਨਹੀਂ ਚਾਹੀਦਾ....*

ਰਵਿੰਦਰ ਲਾਲਪੁਰੀ
94634-52261



ਰੋਕੀ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਹਰ ਸਾਲ ਕਲਾਸ ਵਿਚ ਅੱਵਲ ਆਉਂਦਾ ਪਰ ਇਸ ਗੁਣ ਨੇ ਉਸ ਵਿਚ ਹੌਲੀ-ਹੌਲੀ ਹੰਕਾਰ ਦਾ ਬੀਜ ਬੋਅ ਦਿੱਤਾ ਸੀ। ਜਿਸ ਕਾਰਨ ਉਹ ਕਮਜ਼ੋਰ ਵਿਦਿਆਰਥੀਆਂ ਦਾ ਮਜ਼ਾਕ ਉਡਾਉਂਦਾ ਰਹਿੰਦਾ। ਉਸਨੂੰ ਲਗਦਾ ਕਿ ਉਸਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।

ਇਕ ਦਿਨ ਸਤਿੰਦਰ ਨੂੰ ਗਣਿਤ ਦੇ ਇਕ ਸਵਾਲ ਵਿਚ ਦਿੱਕਤ ਆ ਰਹੀ ਸੀ ਜਿਸ ਨੂੰ ਲੈ ਕੇ ਆਪਣੇ ਅਧਿਆਪਕ ਕੋਲ ਗਿਆ ਪਰ ਅਧਿਆਪਕ ਉਸ ਸਮੇਂ ਕਿਸੇ ਦਫ਼ਤਰੀ ਕੰਮ ਵਿਚ ਵਿਅਸਤ ਸਨ ਤੇ ਉਨ੍ਹਾਂ ਨੇ ਰੋਕੀ ਨੂੰ ਬੁਲਾ ਕੇ ਸਤਿੰਦਰ ਦੀ ਮਦਦ ਕਰਨ ਲਈ ਕਿਹਾ। ਸਵਾਲ ਸਮਝਾਉਣ ਸਮੇਂ ਆਪਣੇ ਦੋਸਤਾਂ ਨਾਲ ਮਿਲ ਕੇ ਰੋਕੀ ਨੇ ਸਤਿੰਦਰ ਦਾ ਬਹੁਤ ਮਜ਼ਾਕ ਉਡਾਇਆ। ਸਤਿੰਦਰ ਨੂੰ ਬਹੁਤ ਬੁਰਾ ਲੱਗਾ ਤੇ ਉਸਨੇ ਘਰ ਆ ਕੇ ਇਹ ਸਾਰਾ ਵਾਕਿਆ ਆਪਣੇ ਦਾਦਾ ਜੀ ਨਾਲ ਸਾਂਝਾ ਕੀਤਾ ਜੋ ਇਕ ਰਿਟਾਇਰ ਅਧਿਆਪਕ ਸਨ। ਦਾਦਾ ਜੀ ਨੇ ਸਾਰਾ ਵਾਕਿਆ ਬੜੇ ਧਿਆਨ ਨਾਲ ਸੁਣਿਆ। ਸੁਣਨ ਤੋਂ ਬਾਅਦ ਦਾਦਾ ਜੀ ਨੇ ਸਤਿੰਦਰ ਨੂੰ ਖ਼ਰਗੋਸ਼ ਤੇ ਕੱਛੂ ਵਾਲੀ ਕਹਾਣੀ ਸੁਣਾਈ ਤੇ ਪੂਰੀ ਲਗਨ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਤਿੰਦਰ ਨੇ ਵੀ ਦਾਦਾ ਜੀ ਦੇ ਦੱਸੇ ਅਨੁਸਾਰ ਪੂਰੀ ਲਗਨ ਨਾਲ ਪੜ੍ਹਾਈ ਕਰਨ ਲੱਗਾ। ਦੂਜੇ ਪਾਸੇ ਰੋਕੀ ਆਪਣੇ ਹੰਕਾਰ ਕਾਰਨ ਪੜ੍ਹਾਈ ਵਿਚ ਅਵੇਸਲਾ ਹੁੰਦਾ ਗਿਆ।

ਸਮਾਂ ਬੀਤਦਾ ਗਿਆ, ਇਮਤਿਹਾਨ ਹੋ ਗਏ। ਨਤੀਜੇ ਵਾਲੇ ਦਿਨ ਜਦੋਂ ਨਤੀਜਾ ਐਲਾਨਿਆ ਗਿਆ ਤਾਂ ਸਭ ਦੀ ਹੈਰਾਨੀ ਦੀ ਹੱਦ ਨਾ ਰਹੀ। ਜਦੋਂ ਦੂਜੇ ਸਥਾਨ 'ਤੇ ਰੋਕੀ ਦਾ ਨਾਂ ਤੇ ਪਹਿਲੇ ਸਥਾਨ 'ਤੇ ਸਤਿੰਦਰ ਦਾ ਨਾਂ ਲਿਆ ਗਿਆ ਤਾਂ ਰੋਕੀ ਦਾ ਘੁਮੰਡ ਚੂਰ ਚੂਰ ਹੋ ਗਿਆ।

## ਸਵਾਲ ਜਵਾਬ

1. ਭਾਰਤ ਦੇ ਸੰਵਿਧਾਨ ਸਭਾ ਦੀ ਪਹਿਲੀ ਬੈਠਕ ਕਦੋਂ ਹੋਈ?
**9 ਦਸੰਬਰ 1946**
2. ਤਰਾਈਨ ਦੀ ਪਹਿਲੀ ਲੜਾਈ ਕਦੋਂ ਅਤੇ ਕਿਨ੍ਹਾਂ ਵਿਚਕਾਰ ਹੋਈ?
**1191 ਵਿਚ ਪ੍ਰਿਥਵੀ ਰਾਜ ਚੌਹਾਨ ਅਤੇ ਮੁਹੰਮਦ ਗੋਰੀ ਵਿਚਕਾਰ।**
3. ਹਾਵੜਾ ਬ੍ਰਿਜ ਕਿੱਥੇ ਹੈ?
**ਹੁਗਲੀ ਨਦੀ (ਪੱਛਮੀ ਬੰਗਾਲ)**
4. ਚਾਰਮੀਨਾਰ ਕਿੱਥੇ ਹੈ?
**ਹੈਦਰਾਬਾਦ।**
5. ਭਾਰਤ ਵਿਚ ਪਹਿਲੀ ਮੈਟਰੋ ਕਿੱਥੇ ਤੇ ਕਦੋਂ ਚੱਲੀ?
**ਕਲਕੱਤਾ ਤੋਂ ਦਮਦਮ ਵਿਚ 24 ਅਕਤੂਬਰ 1984**
6. ਮਹਾਂਭਾਰਤ ਵਿਚ ਭੀਸ਼ਮ ਪਿਤਾਮਾ ਦੀ ਮਾਤਾ ਦਾ ਨਾਂ ਦੱਸੋ।
**ਗੰਗਾ।**
7. 2017 ਦੀ ਮਿਸ ਵਰਲਡ ਕੌਣ ਹੈ?
**ਮਾਨੁਸ਼ੀ ਚਿੱਲਰ।**
8. ਮਹਾਰਾਜਾ ਰਣਜੀਤ ਸਿੰਘ ਦੇ ਮਾਤਾ ਪਿਤਾ ਦਾ ਨਾਂ ਦੱਸੋ।
**ਮਹਾਂ ਸਿੰਘ ਤੇ ਰਾਜ ਕੌਰ।**
9. ਭਾਰਤ ਦਾ ਪਹਿਲਾ ਗਵਰਨਰ ਕੌਣ ਸੀ?
**ਸੀ. ਰਾਜਾ ਗੋਪਾਲ ਚਾਰੀ।**
10. ਸੰਵਿਧਾਨ ਸਭਾ ਦੀ ਸੰਘ ਸ਼ਕਤੀ ਸਮਿਤੀ ਦੇ ਪ੍ਰਧਾਨ ਕੌਣ ਸਨ?
**ਪੰਡਿਤ ਜਵਾਹਰ ਲਾਲ ਨਹਿਰੂ।**
11. ਪਦਮਸ਼੍ਰੀ ਐਵਾਰਡ ਕਦੋਂ ਸ਼ੁਰੂ ਹੋਇਆ?
**1954**
12. ਜੀਰੇ ਦੀ ਸਭ ਤੋਂ ਵੱਧ ਪੈਦਾਵਾਰ ਕਰਨ ਵਾਲੇ ਭਾਰਤ ਦੇ ਦੋ ਸੂਬੇ ਦੱਸੋ?
**ਗੁਜਰਾਤ ਅਤੇ ਰਾਜਸਥਾਨ**

# ਕੁੱਤਿਆਂ ਦੀ ਵਫ਼ਾਦਾਰੀ

*'ਚਿੱਲਰ ਪਾਰਟੀ', 'ਐਂਟਰਟੇਨਮੈਂਟ' ਜਾਂ 'ਸਨੋ ਡੌਗਜ਼'.. ਇਹ ਫਿਲਮਾਂ ਤੁਸੀਂ ਜ਼ਰੂਰ ਦੇਖੀਆਂ ਹੋਣਗੀਆਂ ਤੇ ਮਜ਼ਾ ਵੀ ਆਇਆ ਹੋਵੇਗਾ। ਇਨ੍ਹਾਂ ਸਾਰੀਆਂ ਫਿਲਮਾਂ 'ਚ ਡੌਗ (ਕੁੱਤੇ) ਮੁੱਖ ਕਿਰਦਾਰ 'ਚ ਸਨ। ਇਨ੍ਹਾਂ ਦੀਆਂ ਸ਼ਰਾਰਤਾਂ ਤੇ ਮਾਲਕ ਪ੍ਰਤੀ ਵਫ਼ਾਦਾਰੀ ਦੇਖ ਕੇ ਤੁਹਾਡਾ ਦਿਲ ਵੀ ਭਰ ਆਇਆ ਹੋਵੇਗਾ। ਇਸ ਕਰ ਕੇ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਬਣੀਆਂ ਹਨ। ਕੁੱਝ ਇਸ ਤਰ੍ਹਾਂ ਦੀਆਂ ਫਿਲਮਾਂ ਬਾਰੇ ਦੱਸ ਰਹੇ ਹਾਂ ਜਿਸ 'ਚ ਸਾਨੂੰ ਇਹ ਸਿੱਖਣ ਨੂੰ ਮਿਲਦਾ ਹੈ ਕਿ ਜਾਨਵਰ ਵਫ਼ਾਦਾਰ ਹੁੰਦੇ ਹਨ...*



ਜਾਨਵਰਾਂ 'ਤੇ ਬਣੀਆਂ ਫਿਲਮਾਂ ਬੱਚਿਆਂ ਨੂੰ ਬਹੁਤ ਪਸੰਦ ਆਉਂਦੀਆਂ ਹਨ। ਕੀ ਤੁਹਾਨੂੰ ਪਤਾ ਹੈ ਕਿ ਜਾਨਵਰਾਂ 'ਤੇ ਸਭ ਤੋਂ ਜ਼ਿਆਦਾ ਫਿਲਮਾਂ ਕੁੱਤਿਆਂ 'ਤੇ ਬਣੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਇਹ ਘਰੇਲੂ ਜਾਨਵਰ ਹੈ ਤੇ ਇਨ੍ਹਾਂ ਨੂੰ ਵਧੀਆ ਤਰੀਕੇ ਨਾਲ ਟ੍ਰੇਨਿੰਗ ਦੇ ਕੇ ਫਿਲਮਾਂ 'ਚ ਲਿਆ ਜਾਂਦਾ ਹੈ। ਕੁੱਤਿਆਂ 'ਤੇ ਬਣੀਆਂ ਫਿਲਮਾਂ ਦੀ ਲਿਸਟ ਦੇਖੀ ਜਾਵੇ ਤਾਂ ਸਭ ਤੋਂ ਜ਼ਿਆਦਾ ਇਨ੍ਹਾਂ ਨੇ ਫਿਲਮਾਂ 'ਚ ਕੰਮ ਕੀਤਾ ਹੈ। ਅੱਜ ਅਸੀਂ ਤੁਹਾਨੂੰ ਕੁੱਝ ਚੁਣੀਆਂ ਹੋਈਆਂ ਫਿਲਮਾਂ ਬਾਰੇ ਦੱਸ ਰਹੇ ਹਾਂ।

### ਮਾਰਲੇ ਐਂਡ ਮੀ (marley and me)

ਜੌਨ ਤੇ ਜੇਨੀ ਵਿਆਹ ਤੋਂ ਬਾਅਦ ਫਲੋਰਿਡਾ ਜਾ ਕੇ ਨੌਕਰੀ ਕਰਦੇ ਹਨ। ਉੱਥੇ ਉਨ੍ਹਾਂ ਦਾ ਇਕ ਦੋਸਤ ਉਨ੍ਹਾਂ ਨੂੰ ਸਲਾਹ ਦਿੰਦਾ ਹੈ ਕਿ ਪਰਿਵਾਰ ਵਧਾਉਣ ਤੋਂ ਪਹਿਲਾਂ ਇਕ ਕੁੱਤੇ ਨੂੰ ਗੋਦ ਲੈ ਕੇ ਦੇਖਣਾ ਚਾਹੀਦਾ ਹੈ ਕਿ ਉਹ ਕਿਸੇ ਦੀ ਦੇਖਭਾਲ ਕਰਨ ਦੇ ਕਾਬਿਲ ਹਨ। ਫਿਰ ਉਨ੍ਹਾਂ ਦੀ ਜ਼ਿੰਦਗੀ 'ਚ ਮਾਰਲੇ ਕਦਮ ਰੱਖਦਾ ਹੈ। ਫਿਰ ਹੌਲੀ-ਹੌਲੀ ਸ਼ਰਾਰਤੀ ਮਾਰਲੇ ਉਨ੍ਹਾਂ ਦੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਜਾਂਦਾ ਹੈ। ਇਹ ਦੇਖਣ ਦੇ ਲਾਇਕ ਹੈ। ਇਸ ਫਿਲਮ 'ਚ ਕੁੱਤੇ ਦੀ ਵਫ਼ਾਦਾਰੀ ਤੇ ਉਸ ਪ੍ਰਤੀ ਮਨੁੱਖ ਦਾ ਪਿਆਰ ਦਿਖਾਇਆ ਗਿਆ ਹੈ।




### ਹੋਟਲ ਫਾਰ ਡੌਗਜ਼ (Hotel for Dogs)




ਇਹ ਕਹਾਣੀ ਹੈ ਦੋ ਅਨਾਥ ਬੱਚਿਆਂ ਐਂਡੀ ਤੇ ਬਰੂਜ਼ ਉਨ੍ਹਾਂ ਦੇ ਕੁੱਤੇ ਫਰਾਈਡੇਅ ਦੀ। ਉਹ ਜਿੰਨਾਂ ਦੇ ਨਾਲ ਰਹਿੰਦੇ ਹਨ ਉਨ੍ਹਾਂ ਨੂੰ ਜਾਨਵਰਾਂ ਨਾਲ ਨਫ਼ਰਤ ਹੈ। ਕੁੱਝ ਲੋਕਾਂ ਦੀ ਮਦਦ ਨਾਲ ਆਪਣੇ ਕੁੱਤੇ ਦੇ ਨਾਲ-ਨਾਲ ਮੁਹੱਲੇ ਦੇ ਹੋਰ ਕੁੱਤਿਆਂ ਨੂੰ ਵੀ ਇਕ ਬੰਦ ਪਏ ਹੋਟਲ 'ਚ ਲੁਕਾ ਦਿੰਦੇ ਹਨ। ਐਂਡੀ ਤੇ ਉਸ ਦੇ ਭਰਾ ਨੂੰ ਇਕ ਨਵਾਂ ਪਰਿਵਾਰ ਮਿਲਦਾ ਹੈ ਕਿ ਨਹੀਂ, ਫਰਾਈਡੇਅ ਬਾਕੀ ਕੁੱਤਿਆਂ ਦੀ ਕਿਸ ਤਰ੍ਹਾਂ ਦੇਖਭਾਲ ਕਰਦਾ ਹੈ ਇਸ ਸਾਰ ਫਿਲਮ ਦੇਖ ਦੇ ਹੀ ਮਜ਼ਾ ਆਵੇਗਾ।

### ਐਂਟਰਟੇਨਮੈਂਟ (Entertainment)

ਅਕਸ਼ੇ ਕੁਮਾਰ ਦੀ ਇਸ ਫਿਲਮ ਦਾ ਮੁੱਖ ਹੀਰੋ ਕੁੱਤਾ ਹੈ। ਅਕਸ਼ੇ ਨੂੰ ਪਤਾ ਚੱਲਦਾ ਹੈ ਕਿ ਉਸ ਨੇ ਉਸ ਲਈ ਕਾਫ਼ੀ ਦੌਲਤ ਛੱਡੀ ਹੈ। ਉਹ ਦੌਲਤ ਲੈਣ ਜਾਂਦਾ ਹੈ ਤੇ ਪਤਾ ਲਗਦਾ ਹੈ ਕਿ ਉਸ ਦੇ ਪਿਤਾ ਸਾਰੀ ਦੌਲਤ ਐਂਟਰਟੇਨਮੈਂਟ ਕੁੱਤੇ ਦੇ ਨਾਂ ਕਰ ਗਿਆ ਹੈ। ਪਹਿਲਾਂ ਤਾਂ ਅਕਸ਼ੇ ਉਸ ਕੁੱਤੇ ਨਾਲ ਨਫ਼ਰਤ ਕਰਦਾ ਹੈ ਪਰ ਉਸ ਦੇ ਦੁਆਰਾ ਜਾਨ ਬਚਾਉਣ 'ਤੇ ਉਹ ਕੁੱਤੇ ਨਾਲ ਪਿਆਰ ਕਰਨ ਲੱਗਦਾ ਹੈ ਫਿਰ ਕਿਸ ਤਰ੍ਹਾਂ ਜਾਇਦਾਦ ਖਾਣ ਆਏ ਰਿਸ਼ਤੇਦਾਰਾਂ ਨਾਲ ਐਂਟਰਟੇਨਮੈਂਟ ਨੂੰ ਅਕਸ਼ੇ ਬਚਾਉਂਦਾ ਹੈ।



### ਟਰਨਰ ਐਂਡ ਹੂਚ (turner and hooch)

1989 'ਚ ਬਣੀ ਇਸ ਫਿਲਮ 'ਚ ਇਕ ਪੁਲਿਸ ਅਫ਼ਸਰ ਸਕੌਟ ਟਰਨਰ ਦੀ ਕਹਾਣੀ ਹੈ। ਉਸ ਦੀ ਬਦਲੀ ਹੋ ਜਾਂਦੀ ਹੈ। ਉਹ ਆਪਣੀ ਜਗ੍ਹਾ ਆਏ ਨਵੇਂ ਪੁਲਿਸ ਅਫਸਰ ਨੂੰ ਉੱਥੋਂ ਇਕ ਕਬਾੜੀ ਨੂੰ ਮਿਲਾਉਣ ਲੈ ਜਾਂਦੇ ਹਨ। ਕਬਾੜੀ ਦੇ ਕੁੱਤੇ ਦਾ ਨਾਂ ਹੂਚ ਹੈ। ਅਚਾਨਕ ਇਕ ਦਿਨ ਕਬਾੜੀ ਦੀ ਹੱਤਿਆ ਹੋ ਗਈ। ਕਮਿਸ਼ਨਰ ਨੂੰ ਕਹਿ ਕੇ ਟਰਨਰ ਕੇਸ ਆਪਣੇ ਹੱਥ 'ਚ ਲੈਂਦਾ ਹੈ। ਉਸ ਨੂੰ ਲੱਗਦਾ ਹੈ ਕਿ ਹੂਚ ਇਸ ਕੇਸ ਦਾ ਗਵਾਹ ਹੈ। ਇਸ ਲਈ ਇਹ ਹੂਚ ਨੂੰ ਆਪਣੇ ਨਾਲ ਰੱਖ ਲੈਂਦਾ ਹੈ ਪਰ ਹੂਚ ਉਸ ਦੀ ਗੱਡੀ ਦੇ ਨਾਲ-ਨਾਲ ਉਸ ਦੇ ਘਰ ਦਾ ਬੁਰਾ ਹਾਲ ਕਰ ਲੈਂਦਾ ਹੈ। ਫਿਰ ਉਹ ਹੱਤਿਆਰੇ ਨੂੰ ਫੜਨ ਦੇ ਨਾਲ-ਨਾਲ ਕੇਸ ਨੂੰ ਸੁਲਝਾਉਣ 'ਚ ਉਸ ਦੀ ਮਦਦ ਕਰਦਾ ਹੈ।

### ਹੋਮਵਾਰਡ ਬਾਉਂਡ (Homeward Bound : The Incredible journey)

ਇਹ ਕਹਾਣੀ ਚਾਂਸ ਨਾਂ ਦੇ ਕੁੱਤੇ ਦੀ ਹੈ। ਚਾਂਸ ਦੇ ਦੋਸਤ ਸ਼ੈਡੋ (ਕੁੱਤਾ) ਤੇ ਸੈਸੀ (ਬਿੱਲੀ) ਦੇ ਮਾਲਕ ਉਨ੍ਹਾਂ ਨੂੰ ਕੁੱਝ ਦਿਨਾਂ ਲਈ ਘਰ 'ਚ ਛੱਡ ਕੇ ਫਰਾਂਸਿਸਕੋ ਚਲੇ ਜਾਂਦੇ ਹਨ। ਉਨ੍ਹਾਂ ਤਿੰਨਾਂ ਨੇ ਤਹਿ ਕੀਤਾ ਕਿ ਮਾਲਕ ਨੂੰ ਲੱਭ ਕੇ ਉਹ ਉਨ੍ਹਾਂ ਕੋਲ ਜਾਣਗੇ ਫਿਰ ਸ਼ੁਰੂ ਹੁੰਦੀ ਹੈ ਉਨ੍ਹਾਂ ਦੀ ਅਨੋਖੀ ਯਾਤਰਾ। ਯਾਤਰਾ ਦੌਰਾਨ ਉਹ ਪਰੇਸ਼ਾਨੀ 'ਚ ਫ਼ਸਦੇ ਹਨ ਤੇ ਕਿਸ ਤਰ੍ਹਾਂ ਮਾਲਿਕ ਤਕ ਪਹੁੰਚਦੇ ਹਨ।




# ਅਨੋਖਾ ਪੰਛੀ ਟਿਊਡ

*ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਫਲਾਂ ਦਾ ਰਸ ਚੂਸਣ ਵਾਲੇ ਇਕ ਅਨੋਖੇ ਪੰਛੀ ਟਿਊਡ ਬਾਰੇ ਦੱਸ ਰਹੇ ਹਾਂ। ਇਹ ਇਨਸਾਨਾਂ ਦੀ ਆਵਾਜ਼ ਦੀ ਨਕਲ ਕਰਨ 'ਚ ਮਾਹਿਰ ਹੁੰਦਾ ਹੈ। ਆਓ ਜਾਣੀਏ ਟਿਊਡ ਬਾਰੇ...*




- ਟਿਊਡ ਪੰਛੀ ਦੁਨੀਆ 'ਚ ਸਿਰਫ਼ ਨਿਊਜ਼ੀਲੈਂਡ ਦੇਸ਼ 'ਚ ਮਿਲਦਾ ਹੈ। ਇਸ ਦਾ ਵਿਗਿਆਨਕ ਨਾਂ ਪ੍ਰੋਸਥੀਮੈਡੇਰਾ ਨੋਵੈਸੀਲੈਂਵੇਂਡੀ ਹੈ।
- ਟਿਊਡ ਦੀ ਇਕ ਅਨੋਖੀ ਵਿਸ਼ੇਸ਼ਤਾ ਹੈ ਕਿ ਇਹ ਇਨਸਾਨ ਦੀ ਆਵਾਜ਼ ਦੀ ਨਕਲ ਕਰ ਲੈਂਦਾ ਹੈ। ਇਸ ਤੋਂ ਇਲਾਵਾ ਇਹ ਅਲਾਰਮ, ਖਾਂਸੀ, ਸੀਟੀ, ਘੰਟੀ ਆਦਿ ਆਵਾਜ਼ਾਂ ਦੀ ਨਕਲ ਕਰ ਲੈਂਦਾ ਹੈ।
- ਟਿਊਡ ਦੇ ਸਰੀਰ 'ਤੇ ਮੌਜੂਦ ਖੰਭਾਂ ਦਾ ਰੰਗ ਹਰਾ, ਨੀਲਾ-ਬੈਂਗਣੀ ਤੇ ਭੂਰਾ ਹੁੰਦਾ ਹੈ। ਛਾਤੀ 'ਤੇ ਸਫ਼ੈਦ ਰੰਗ ਦਾ ਫਰ ਹੁੰਦਾ ਹੈ।
- ਇਸ ਦੇ ਸਰੀਰ ਦੀ ਕੁੱਲ ਲੰਬਾਈ 27 ਤੋਂ 32 ਸੈਂਟੀਮੀਟਰ ਹੁੰਦੀ ਹੈ। ਨਰ ਪੰਛੀ ਦਾ ਔਸਤਨ ਭਾਰ 15 ਤੋਂ 65 ਗ੍ਰਾਮ ਅਤੇ ਮਾਦਾ ਦਾ 58 ਤੋਂ 105 ਗ੍ਰਾਮ ਹੁੰਦਾ ਹੈ।
- ਟਿਊਡ ਭੋਜਨ ਦੇ ਰੂਪ 'ਚ ਫੁੱਲਾਂ ਦਾ ਰਸ ਚੂਸਦਾ ਹੈ। ਇਸ ਲਈ ਇਸ ਨੂੰ 'ਹਨੀ-ਈਟਰ' ਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਇਹ ਫਲ, ਛੋਟੇ ਮੋਟੇ ਕੀੜੇ-ਮਕੌੜੇ ਵੀ ਖਾਂਦਾ ਹੈ।

# ਮੱਛੀਆਂ ਦੀ ਬਿਊਟੀਸ਼ੀਅਨ ਕਲੀਨਰ ਫਿਸ਼

*ਤੁਸੀਂ ਬਿਊਟੀ ਪਾਰਲਰ ਤਾਂ ਦੇਖਿਆ ਹੀ ਹੋਵੇਗਾ, ਜਿੱਥੇ ਬਿਊਟੀਸ਼ੀਅਨ ਲੋਕਾਂ ਨੂੰ ਹੋਰ ਖ਼ੂਬਸੂਰਤ ਬਣਾਉਂਦੀ ਹੈ। ਇਸ ਤਰ੍ਹਾਂ ਸਮੁੰਦਰੀ ਜੀਵਾਂ 'ਚ ਵੀ ਇਕ ਬਿਊਟੀ ਐਕਸਪਰਟ ਮੱਛੀ ਹੁੰਦੀ ਹੈ, ਜੋ ਸਮੁੰਦਰ ਦੀਆਂ ਦੂਜੀਆਂ ਮੱਛੀਆਂ ਦੇ ਸਰੀਰ ਦੀ ਖ਼ਰਾਬ ਹੋ ਚੁੱਕੀ ਚਮੜੀ ਨੂੰ ਸਾਫ਼ ਕਰਦੀ ਹੈ। ਇਹ ਬਿਊਟੀ ਐਕਸਪਰਟ ਮੱਛੀ ਕਲੀਨਰ ਫਿਸ਼ ਹੈ...*



ਸਮੁੰਦਰ ਦੀਆਂ ਮੱਛੀਆਂ ਆਪਣੀ ਸਿਹਤ ਅਤੇ ਖ਼ੂਬਸੂਰਤੀ ਦਾ ਬਹੁਤ ਧਿਆਨ ਰੱਖਦੀਆਂ ਹਨ ਅਤੇ ਇਸ ਲਈ ਉਹ ਸਮੁੰਦਰ 'ਚ ਰਹਿਣ ਵਾਲੀਆਂ ਤਰ੍ਹਾਂ-ਤਰ੍ਹਾਂ ਦੀਆਂ ਬਿਊਟੀਸ਼ੀਅਨ ਮੱਛੀਆਂ ਦੀ ਰਾਇ ਲੈਂਦੀਆਂ ਹਨ। ਇਨ੍ਹਾਂ ਬਿਊਟੀਸ਼ੀਅਨ ਮੱਛੀਆਂ ਨੂੰ ਵਿਗਿਆਨੀਆਂ ਨੇ ਕਲੀਨਰ ਫਿਸ਼ ਜਾਂ ਕਲੀਨਿੰਗ ਫਿਸ਼ ਦਾ ਨਾਂ ਦਿੱਤਾ ਹੈ।

- ਇਸ ਦੀ ਲੰਬਾਈ 10 ਸੈਂਟੀਮੀਟਰ ਭਾਵ ਲਗਪਗ 4 ਇੰਚ ਕਰ ਹੁੰਦੀ ਹੈ ਅਤੇ ਇਹ ਕਈ ਰੰਗਾਂ ਦੀ ਹੁੰਦੀ ਹੈ। ਇਸ ਜਾਤੀਆਂ ਦੀਆਂ ਸਾਰੀਆਂ ਮੱਛੀਆਂ ਬਹੁਤ ਖ਼ੂਬਸੂਰਤ ਹੁੰਦੀਆਂ ਹਨ। ਇਹ ਲੰਬੀਆਂ, ਪਤਲੀਆਂ ਹੁੰਦੀਆਂ ਹਨ। ਇਨ੍ਹਾਂ ਦੇ ਸਰੀਰ 'ਤੇ ਲੰਬੀਆਂ ਧਾਰੀਆਂ ਹੁੰਦੀਆਂ ਹਨ, ਜੋ ਇਨ੍ਹਾਂ ਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ।
- ਇਹ ਮੱਛੀਆਂ ਵੱਡੀਆਂ-ਵੱਡੀਆਂ ਮੱਛੀਆਂ ਨੂੰ ਕਲੀਨਿੰਗ ਕਰਾਉਣ ਲਈ ਆਕਰਸ਼ਕ ਕਰਦੀਆਂ ਹਨ ਅਤੇ ਇਸ ਤੋਂ ਬਾਅਦ ਇਹ ਸਾਰੀਆਂ ਮਿਲ ਕੇ ਕਲੀਨਿੰਗ ਦਾ ਕੰਮ ਕਰਦੀਆਂ ਹਨ।
- ਇਹ ਮੱਛੀਆਂ ਆਪਣੀ ਸਫ਼ਾਈ ਕਰਨ ਆਈਆਂ ਕਲੀਨਰ ਮੱਛੀਆਂ ਦੇ ਮੂੰਹ 'ਚ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਮੂੰਹ ਅੰਦਰ ਮੌਜੂਦ ਕੀਟਾਣੂਆਂ ਅਤੇ ਬਿਮਾਰ ਜੰਤੂਆਂ ਦੀ ਸਫ਼ਾਈ ਕਰ ਦਿੰਦੀਆਂ ਹਨ। ਇਸ ਬਦਲੇ ਇਨ੍ਹਾਂ ਨੂੰ ਕੁਝ ਭੋਜਨ ਵੀ ਮਿਲਦਾ ਹੈ। ਦਰਅਸਲ ਕਲੀਨਰ ਫਿਸ਼ ਉਨ੍ਹਾਂ ਦੀ ਮਰ ਚੁੱਕੀ ਚਮੜੀ ਨੂੰ ਖਾਂਦੀਆਂ ਹਨ, ਜੋ ਉਨ੍ਹਾਂ ਲਈ ਪੋਸ਼ਟਿਕ ਭੋਜਨ ਸਾਬਤ ਹੁੰਦਾ ਹੈ।
- ਇਨ੍ਹਾਂ ਦਾ ਮੂੰਹ ਕਾਫ਼ੀ ਛੋਟਾ ਹੁੰਦਾ ਹੈ ਤੇ ਦੰਦ ਕਾਫ਼ੀ ਤੇਜ਼ ਹੁੰਦੇ ਹਨ ਜਿਨ੍ਹਾਂ ਦੀ ਮਦਦ ਨਾਲ ਇਹ ਸਫ਼ਾਈ ਦਾ ਕੰਮ ਕਰਦੀਆਂ ਹਨ।
- ਇਨ੍ਹਾਂ ਮੱਛੀਆਂ ਦਾ ਇਸਤੇਮਾਲ ਕਈ ਮਹਿੰਗੀ ਮੱਛੀਆਂ ਦੀ ਸਫ਼ਾਈ ਲਈ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇਸ ਲਈ ਜਿਸ ਇਕੁਵੇਰੀਅਮ 'ਚ ਸਾਮਨ (ਪ੍ਰਜਾਤੀ ਮੱਛੀ) ਤੇ ਅਜਿਹੀਆਂ ਮੱਛੀਆਂ ਰਹਿ ਰਹੀਆਂ ਹੋਣ, ਉੱਥੇ ਕੁਝ ਕਲੀਨਰ ਮੱਛੀਆਂ ਨੂੰ ਵੀ ਛੱਡਿਆ ਜਾਂਦਾ ਹੈ।
- ਇਹ ਮੱਛੀਆਂ ਆਪਣੀ ਸਿਹਤ ਦਾ ਵੀ ਧਿਆਨ ਰੱਖਦੀਆਂ ਹਨ, ਪੂਰੀ ਨੀਂਦ ਲੈਂਦੀਆਂ ਹਨ ਅਤੇ ਰਾਤ 'ਚ ਹੀ ਸੌਂਦੀਆਂ ਹਨ।
- ਕਲੀਨਿੰਗ ਫਿਸ਼ ਦੀ ਜਾਤੀ 'ਚ ਅਨੇਕ ਮੱਛੀਆਂ ਆਉਂਦੀਆਂ ਹਨ। ਇਸ ਜਾਤੀ 'ਚ ਪਾਇਪ ਫਿਸ਼, ਚਿਚਲਿਡਸ, ਕੈਟਫਿਸ਼ ਅਤੇ ਹੋਰ ਝੀਂਗਾ ਮੱਛੀਆਂ ਆਦਿ ਸ਼ਾਮਲ ਹਨ।

# ਧਰਤੀ!!! ਜਿੱਥੇ ਧੜਕਦੀ ਹੈ ਜ਼ਿੰਦਗੀ

ਸੁਖਮੰਦਰ ਸਿੰਘ ਤੂਰ

*ਮਨੁੱਖ ਵੱਖ-ਵੱਖ ਘਰਾਂ 'ਚ ਰਹਿੰਦੇ ਹਨ ਪਰ ਇਕ ਅਜਿਹਾ ਘਰ ਵੀ ਜਿਸ ਨੂੰ ਸਾਰੇ ਸਾਂਝਾ ਕਰਦੇ ਹਨ। ਇੱਥੇ ਅਸੀਂ ਧਰਤੀ ਦੀ ਗੱਲ ਕਰ ਰਹੇ ਹਾਂ ਜੋ ਕਿ ਇਸ ਸੂਰਜ ਮੰਡਲ ਦਾ ਇਕੱਲਾ ਗ੍ਰਹਿ ਹੈ ਜਿੱਥੇ ਜੀਵਨ ਸੰਭਵ ਹੈ...*



ਬੱਚਿਓ! ਧਰਤੀ ਸੂਰਜ ਮੰਡਲ ਦਾ ਇਕੋ-ਇਕ ਅਜਿਹਾ ਗ੍ਰਹਿ ਹੈ, ਜਿੱਥੇ ਜ਼ਿੰਦਗੀ ਧੜਕਦੀ ਹੈ। ਇਸ ਦੀ ਸੂਰਜ ਤੋਂ ਦੂਰੀ ਕੋਈ 9 ਕਰੋੜ 30 ਲੱਖ ਮੀਲ ਹੈ। ਸੂਰਜ ਦੀ ਪਰਿਕਰਮਾ ਕਰਦਿਆਂ ਇਸ ਨੂੰ 365 ਦਿਨ ਲੱਗਦੇ ਹਨ ਅਤੇ ਆਪਣੀ ਧੁਰੀ ਦੁਆਲੇ ਚੱਕਰ ਕੱਟਣ ਲਈ 24 ਘੰਟੇ ਦਾ ਸਮਾਂ ਲਗਦਾ ਹੈ।

ਚੰਨ ਧਰਤੀ ਦਾ ਇਕੋ-ਇਕ ਕੁਦਰਤੀ ਉਪਗ੍ਰਹਿ ਹੈ, ਜੋ ਧਰਤੀ ਦੇ ਚਾਰੇ ਪਾਸੇ ਚੱਕਰ ਲਗਾਉਂਦਾ ਰਹਿੰਦਾ ਹੈ। ਧਰਤੀ 'ਤੇ ਚੱਕਰ ਲਗਾਉਣ ਲਈ ਇਸ ਨੂੰ ਕਈ ਸਾਲਾਂ ਦਾ ਸਮਾਂ ਲਗਦਾ ਹੈ। ਧਰਤੀ ਤੋਂ ਇਹ 384000 ਕਿਲੋਮੀਟਰ ਦੂਰ ਹੈ। ਪੁਲਾੜ ਮਾਹਿਰਾਂ ਅਨੁਸਾਰ ਚੰਨ ਧਰਤੀ ਤੋਂ ਦੂਰ ਜਾ ਰਿਹਾ ਹੈ। ਇਕ ਸਮਾਂ ਅਜਿਹਾ ਵੀ ਆਵੇਗਾ ਕਿ ਇਹ ਧਰਤੀ ਤੋਂ ਨੰਗੀ ਅੱਖ ਨਾਲ ਨਹੀਂ ਦਿਸੇਗਾ, ਭਾਵ ਧਰਤੀ ਤੋਂ ਬਹੁਤ ਦੂਰ ਚਲਿਆ ਜਾਵੇਗਾ। ਧਰਤੀ 'ਤੇ ਆਕਸੀਜਨ ਅਤੇ ਪਾਣੀ ਮੌਜੂਦ ਹਨ, ਜੋ ਜ਼ਿੰਦਗੀ ਲਈ ਅਤਿ ਲੋੜੀਂਦੇ ਹਨ। ਧਰਤੀ ਤੋਂ 80 ਕਿਲੋਮੀਟਰ ਉਚਾਈ ਤਕ ਓਜ਼ੋਨ ਨਾਂ ਦੀ ਇਕ ਪਰਤ ਹੈ। ਇਹ ਪਰਤ ਸੂਰਜ ਤੋਂ ਆਉਣ ਵਾਲੀਆਂ ਪੈਰਾਬੈਂਗਣੀ ਕਿਰਨਾਂ ਨੂੰ ਆਪਣੇ ਅੰਦਰ ਸਮਾਅ ਲੈਂਦੀ ਹੈ। ਜੇ ਇਹ ਪਰਤ ਨਾ ਹੁੰਦੀ ਤਾਂ ਸੂਰਜ ਤੋਂ ਆਉਣ ਵਾਲੀਆਂ ਇਨ੍ਹਾਂ ਖਤਰਨਾਕ ਕਿਰਨਾਂ ਨੇ ਧਰਤੀ ਦੇ ਜੀਵਨ ਦਾ ਨਾਂਮੋ-ਨਿਸ਼ਾਨ ਮਿਟਾ ਦੇਣਾ ਸੀ।

ਬੱਚਿਓ! ਗੁਰੂਤਾ ਖਿੱਚ ਕਾਰਨ ਹੀ ਧਰਤੀ 'ਤੇ ਮੌਜੂਦ ਹਰ ਚੀਜ਼ ਦਾ ਭਾਰ ਹੈ। ਜੇ ਧਰਤੀ ਸੂਰਜ ਦੁਆਲੇ ਚੱਕਰ ਲਗਾਉਣੇ ਬੰਦ ਕਰ ਦੇਵੇ ਤਾਂ ਇੱਥੇ ਭਾਰੀ ਉਥਲ-ਪੁੱਥਲ ਮੱਚ ਜਾਵੇਗੀ ਅਤੇ ਅਸੀਂ ਰੂੰ ਦੇ ਫੰਦੇ ਵਾਂਗ ਉੱਪਰ ਵੱਲ ਉੱਡ ਜਾਵਾਂਗੇ। ਧਰਤੀ ਅਤੇ ਬਾਕੀ ਗ੍ਰਹਿ ਸੂਰਜ ਦੀ ਖਿੱਚ ਨਾਲ ਆਪਸ ਵਿਚ ਬੱਝੇ ਹੋਏ ਹਨ ਅਤੇ ਇਕ ਨਿਯਮ ਅਨੁਸਾਰ ਗਤੀ ਕਰ ਰਹੇ ਹਨ।

# ਤਿੱਤਲੀ ਤੋਂ ਵੀ ਤੇਜ਼ ਨੇ ਅੱਖਾਂ ਵਾਲੇ...

ਮੈਂਟਿਸ ਸ਼ਰਿੰਪ ਆਮਤੌਰ 'ਤੇ ਪ੍ਰਸ਼ਾਂਤ ਮਹਾਂਸਾਗਰ 'ਚ ਪਾਇਆ ਜਾਂਦਾ ਹੈ। ਇਹ ਤਿੰਨ ਹਜ਼ਾਰ ਫੁੱਟ ਗਹਿਰੇ ਪਾਣੀ 'ਚ ਰਹਿੰਦਾ ਹੈ। ਉਂਝ ਇਸ ਨੂੰ ਹਿੰਦ ਮਹਾਂਸਾਗਰ 'ਚ ਵੀ ਦੇਖਿਆ ਗਿਆ ਹੈ। ਦੁਨੀਆ 'ਚ ਇਸ ਦੀਆਂ 400 ਤੋਂ ਜ਼ਿਆਦਾ ਪ੍ਰਜਾਤੀਆਂ ਮਿਲਦੀਆਂ ਹਨ। ਜਿਨ੍ਹਾਂ 'ਚੋਂ ਸਭ ਤੋਂ ਆਕਰਸ਼ਕ ਪੀਕਾਕ ਮੈਂਟਿਸ ਸ਼ਰਿੰਪ ਹੁੰਦੀ ਹੈ। ਪੀਕਾਕ ਮੈਂਟਿਸ ਸ਼ਰਿੰਪ ਦਾ ਸਰੀਰ ਦਿਖਾਈ ਦੇਣ 'ਚ ਮੋਰਨੀ ਦੀ ਤਰ੍ਹਾਂ ਹੁੰਦਾ ਹੈ।

- ਆਮਤੌਰ 'ਤੇ ਇਹ ਜੀਵ ਛੋਟਾ ਹੁੰਦਾ ਹੈ। ਇਸ ਦੀ ਲੰਬਾਈ ਲਗਪਗ 4 ਇੰਚ ਹੁੰਦੀ ਹੈ। ਹਾਲਾਂਕਿ ਵਿਗਿਆਨੀਆਂ ਨੇ 18 ਇੰਚ ਤਕ ਦੇ ਮੈਂਟਿਸ ਸ਼ਰਿੰਪ ਵੀ ਦੇਖੇ ਹਨ।
- ਇਸ ਜੀਵ ਦੀਆਂ ਅੱਖਾਂ 'ਚ ਕਈ ਖ਼ੂਬੀਆਂ ਹੁੰਦੀਆਂ ਹਨ। ਇਨ੍ਹਾਂ ਦੀਆਂ ਦੋਵੇਂ ਅੱਖਾਂ ਇਨ੍ਹਾਂ ਦੇ ਸਿਰ ਉਪਰ ਇਕ ਐਂਟੀਨੇ ਦੀ ਤਰ੍ਹਾਂ ਉੱਠੀਆਂ ਹੋਈਆਂ ਹੁੰਦੀਆਂ ਹਨ ਅਤੇ ਉੱਭਰੀਆਂ ਹੋਈਆਂ ਹੁੰਦੀਆਂ ਹਨ। ਇੰਨਾ ਹੀ ਨਹੀਂ, ਇਸ ਦੀਆਂ ਦੋਵੇਂ ਅੱਖਾਂ ਦੇ ਵਾਲ ਵੱਖ-ਵੱਖ ਦਿਸ਼ਾਵਾਂ 'ਚ ਕਾਫ਼ੀ ਪਿੱਛੇ ਤਕ ਹੋ ਸਕਦੇ ਹਨ। ਭਾਵ ਇਕ ਅੱਖ ਤੋਂ ਇਹ ਦੂਜੀ ਅੱਖ ਵੱਲ੍ਹ ਦੀਆਂ ਸਾਰੀਆਂ ਚੀਜ਼ਾਂ 'ਤੇ ਗਹਿਰੀ ਨਜ਼ਰ ਰੱਖ ਸਕਦਾ ਹੈ ਤੇ ਉਸ ਸਮੇਂ ਦੂਜੀ ਅੱਖ ਤੋਂ ਚਾਰੇ ਪਾਸੇ ਦੇਖ ਸਕਦਾ ਹੈ।



*ਮੈਂਟਿਸ ਸ਼ਰਿੰਪ ਇਕ ਖ਼ੂਬਸੂਰਤ ਜੀਵ ਹੈ ਪਰ ਫਿਰ ਵੀ ਇਸ ਨੂੰ ਇਕੁਵੇਰੀਅਮ 'ਚ ਰੱਖਣ ਬਾਰੇ ਨਾ ਸੋਚੋ...*

- ਸਾਡੀਆਂ ਅੱਖਾਂ ਤਿੰਨ ਰੰਗਾਂ ਤੋਂ ਬਣੇ ਇੰਦਰਧਨੁਸ਼ ਨੂੰ ਦੇਖ ਸਕਦੀਆਂ ਹਨ। ਤਿੱਤਲੀ ਪੰਜ ਰੰਗਾਂ ਤੋਂ ਬਣੇ ਇੰਦਰਧਨੁਸ਼ ਨੂੰ ਦੇਖ ਸਕਦੀ ਹੈ ਪਰ ਪੀਕਾਕ ਮੈਂਟਿਸ ਸ਼ਰਿੰਪ 16 ਰੰਗਾਂ ਦੇ ਬਣੇ ਇੰਦਰਧਨੁਸ਼ ਨੂੰ ਵੀ ਦੇਖ ਸਕਦਾ ਹੈ। ਅਜਿਹੀ ਰੋਸ਼ਨੀ ਅਲਟ੍ਰਾ ਵਾਇਲੇਟ ਸਪੈਕਟਰਮ ਨਾਲ ਨਿਕਲਦੀ ਹੈ, ਜਿਸ ਨੂੰ ਸਾਡੀਆਂ ਅੱਖਾਂ ਨਹੀਂ ਦੇਖ ਸਕਦੀਆਂ।
- ਜਦੋਂ ਇਹ ਕੇਕੜੇ, ਘੋਘੇ ਕਠੋਰ ਸਰੀਰ ਵਾਲੇ ਜੀਵਾਂ 'ਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਪੰਚ ਮਾਰਨਾ ਕਹਿੰਦੇ ਹਨ। ਇਸ ਦੇ ਪੰਚ ਦੀ ਰਫ਼ਤਾਰ ਇੰਨੀ ਤੇਜ਼ ਹੁੰਦੀ ਹੈ ਕਿ ਪੰਚ ਪੈਂਦੇ ਹੀ ਤੇਜ਼ ਆਵਾਜ਼ ਆਉਂਦੀ ਹੈ, ਚਿੰਗਾਰੀ ਉੱਠਦੀ ਹੈ ਅਤੇ ਉਸ ਜਗ੍ਹਾ ਦੇ ਪਾਣੀ 'ਚ ਭਾਫ਼ ਵੀ ਬਣਦੀ ਹੈ। ਅਜਿਹੇ ਹਮਲੇ ਨੂੰ ਇਸ ਦਾ ਸਰੀਰ ਨਹੀਂ ਝੱਲਦਾ ਅਤੇ ਇਸ ਦੀ ਲਪੇਟ 'ਚ ਆ ਜਾਂਦਾ ਹੈ। ਵਿਗਿਆਨੀਆਂ ਅਨੁਸਾਰ ਇਸ ਦੇ ਹਮਲੇ ਦੀ ਰਫ਼ਤਾਰ ਪਲਕ ਝਪਕਣ ਨਾਲ ਵੀ 50 ਗੁਣਾ ਤੇਜ਼ ਹੁੰਦੀ ਹੈ ਅਤੇ ਹਮਲੇ ਦੀ ਤਾਕਤ 0.22 ਕੈਲੀਬਰ ਬੁਲੇਟ ਜਿੰਨੀ ਹੁੰਦੀ ਹੈ।
- ਇਹ ਕਾਫ਼ੀ ਖ਼ੂਬਸੂਰਤ ਜੀਵ ਹੈ, ਫਿਰ ਵੀ ਇਸ ਨੂੰ ਇਕੁਵੇਰੀਅਮ 'ਚ ਰੱਖਣ ਦੇ ਬਾਰੇ 'ਚ ਨਾ ਹੀ ਸੋਚੋ ਕਿਉਂਕਿ ਇਹ ਇਕੁਵੇਰੀਅਮ ਦੇ ਸ਼ੀਸ਼ੇ ਤੋੜ ਸਕਦਾ ਹੈ ਅਤੇ ਉੱਥੇ ਖੜ੍ਹੇ ਲੋਕਾਂ ਲਈ ਖ਼ਤਰਨਾਕ ਸਾਬਿਤ ਹੋ ਸਕਦਾ ਹੈ।

# ਕਿਵੇਂ ਕਰਦੇ ਹਨ ਕੀੜੇ ਗੱਲਬਾਤ

*ਤੁਹਾਡੇ 'ਚੋਂ ਜ਼ਿਆਦਾਤਰ ਬੱਚੇ ਕੀੜਿਆਂ ਨੂੰ ਪਸੰਦ ਨਹੀਂ ਕਰਦੇ ਪਰ ਕੀ ਤੁਹਾਨੂੰ ਪਤਾ ਹੈ, ਉਨ੍ਹਾਂ ਦੇ ਆਪਸੀ ਗੱਲਬਾਤ ਕਰਨ ਦਾ ਤਰੀਕਾ ਕਾਫ਼ੀ ਦਿਲਚਸਪ ਹੈ। ਆਓ ਜਾਣੀਏ ਇਨ੍ਹਾਂ ਬਾਰੇ...*





ਕੀਟ ਵਿਗਿਆਨੀਆਂ ਨੇ ਕੀੜਿਆਂ 'ਤੇ ਕਾਫ਼ੀ ਖੋਜ ਕੀਤੀ ਹੈ। ਕੀੜਿਆਂ ਦੇ ਸੰਵਾਦ ਭਾਵ ਗੱਲਬਾਤ 'ਤੇ ਅਮਰੀਕੀ ਕੀਟ ਵਿਗਿਆਨੀਆਂ ਦਾ ਵਿਚਾਰ ਹੈ ਕਿ ਕੀੜੇ ਵੀ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦੇ ਹਨ। ਜੇ ਉਨ੍ਹਾਂ 'ਚ ਇਹ ਸਮਰੱਥਾ ਨਾ ਹੁੰਦੀ ਤਾਂ ਉਨ੍ਹਾਂ ਦਾ ਜਿਊਂਦੇ ਰਹਿਣਾ ਅਸੰਭਵ ਹੁੰਦਾ।

### ਦਿਲ ਦੀਆਂ ਗੱਲਾਂ

ਹਾਲਾਂਕਿ ਛੋਟੇ ਕੀੜਿਆਂ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਉਹ ਆਪਸ 'ਚ ਮਿਲ ਕੇ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਜਾਣ ਜਾਂਦੇ ਹਨ। ਇਸ ਤਰ੍ਹਾਂ ਉਹ ਹਲਕੇ-ਹਲਕੇ ਸੰਕੇਤਾਂ ਨਾਲ ਆਪਸੀ ਗੱਲਬਾਤ ਕਰਦੇ ਹਨ।

### ਪੈਰਾਂ ਨੂੰ ਰਗੜ ਕੇ ਕਰਦੇ ਹਨ ਆਵਾਜ਼

ਜਰਮਨ ਕੀਟ ਵਿਗਿਆਨੀਆਂ ਨੇ ਟਿੱਡਿਆਂ ਦੀ ਭਾਸ਼ਾ ਨੂੰ ਲੱਭਣ ਲਈ ਯੂਰਪ ਦੇ ਜੰਗਲਾਂ 'ਚ ਖੋਜ ਕੀਤੀ। ਉਨ੍ਹਾਂ ਨੇ ਟਿੱਡਿਆਂ ਦੀਆਂ 400 ਆਵਾਜ਼ਾਂ ਰਿਕਾਰਡ ਕੀਤੀਆਂ।

### ਡਾਂਸ ਵੀ ਹੈ ਮਾਧਿਅਮ

ਮਧੂਮੱਖੀ ਮਾਹਿਰ ਵਿਗਿਆਨੀਆਂ ਨੇ ਮਧੂਮੱਖੀਆਂ ਦੀ ਗੱਲਬਾਤ ਦੇ ਮਾਧਿਅਮ ਨੂੰ ਡਾਂਸ ਮੰਨਿਆ ਹੈ। ਉਹ ਕਲਾਬਾਜ਼ੀਆਂ ਕਰਦੀਆਂ ਹਨ ਤੇ ਆਪਣੇ ਸਾਥੀਆਂ ਨੂੰ ਸੰਕੇਤ ਦਿੰਦੀਆਂ ਹਨ। ਇਸ ਆਧਾਰ 'ਤੇ ਉਨ੍ਹਾਂ ਦਾ ਝੁੰਡ ਫੁੱਲਾਂ ਦਾ ਰਸ ਪ੍ਰਾਪਤ ਕਰਨ ਲਈ ਸਹੀ ਦਿਸ਼ਾ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ। ਕਾਰਲਬਾਲ ਨੇ ਮਧੂਮੱਖੀ ਦੇ ਡਾਂਸ 'ਤੇ ਇਕ ਫਿਲਮ ਵੀ ਬਣਾਈ ਹੈ।

### ਰੋਸ਼ਨੀ

ਜੁਗਨੂੰ ਵਰਗੇ ਕਈ ਕੀੜੇ ਆਪਣੇ ਸਰੀਰ ਤੋਂ ਰੋਸ਼ਨੀ ਕੱਢਦੇ ਹਨ। ਕੈਲ ਕੀੜਾ ਤਾਂ ਰੇਲਵੇ ਦੇ ਸਿਗਨਲ ਦੀ ਤਰ੍ਹਾਂ ਲਾਲ, ਹਰੀ ਰੋਸ਼ਨੀ ਜਲਾਉਂਦਾ-ਬੁਝਾਉਂਦਾ ਹੈ। ਉਨ੍ਹਾਂ ਦੇ ਜਲਣ-ਬੁੱਝਣ ਅਤੇ ਤੇਜ਼ 'ਚ ਥੋੜ੍ਹਾ ਅੰਤਰ ਹੁੰਦਾ ਹੈ। ਉਸ ਨਾਲ ਉਹ ਆਪਣੀ ਜਾਤੀ ਦੇ ਹੋਰ ਕੀੜਿਆਂ ਨਾਲ ਗੱਲਬਾਤ ਕਰਦੇ ਹਨ।

### ਪ੍ਰੇਇੰਗ ਮੈਂਟਿਸ

ਇਹ ਕੀਟ ਆਪਣੇ ਅੱਗੇ ਦੇ ਪੈਰ ਇਸ ਤਰ੍ਹਾਂ ਜੋੜ ਕੇ ਰੱਖਦਾ ਹੈ ਜਿਵੇਂ ਪ੍ਰਾਰਥਨਾ ਕਰ ਰਿਹਾ ਹੋਵੇ। ਇਹ ਡੱਡੂ, ਸੱਪ ਤੇ ਚਿੜੀ ਨੂੰ ਆਪਣਾ ਸ਼ਿਕਾਰ ਬਣਾ ਲੈਂਦਾ ਹੈ।

### ਅੱਖਾਂ ਨਾਲ ਵੀ ਕਰਦੇ ਹਨ ਗੱਲਾਂ

ਕੀਟ ਵਿਗਿਆਨੀਆਂ ਅਨੁਸਾਰ ਪੰਛੀ ਹੀ ਨਹੀਂ, ਕੀੜੇ ਵੀ ਅੱਖਾਂ ਦੇ ਇਸ਼ਾਰਿਆਂ ਨਾਲ ਆਪਣੇ ਮਨ ਦੀਆਂ ਗੱਲਾਂ ਸਾਥੀਆਂ ਨੂੰ ਦਸ ਦਿੰਦੇ ਹਨ।

### ਸੁੰਘਣ ਨਾਲ ਲੱਗਦਾ ਹੈ ਸਾਥੀ ਦਾ ਪਤਾ

ਕਿੰਨੇ ਹੀ ਕੀੜਿਆਂ ਦਾ ਕੰਮ ਉਨ੍ਹਾਂ ਦੀ ਸੁੰਘਣ ਸ਼ਕਤੀ ਨਾਲ ਲਗਦਾ ਹੈ। ਜੀਵਨ 'ਚ ਉਪਯੋਗੀ ਕਿੰਨੀਆਂ ਹੀ ਜਾਣਕਾਰੀਆਂ ਤੇ ਵਸਤੂਆਂ ਤੇ ਜੀਵਾਂ ਦੇ ਸਰੀਰ ਤੋਂ ਨਿਕਲਣ ਵਾਲੀ ਗੰਧ ਦੇ ਆਧਾਰ 'ਤੇ ਪ੍ਰਾਪਤ ਕਰ ਲੈਂਦੇ ਹਨ।

### ਕੀੜੀਆਂ

ਕੀੜੀਆਂ ਆਪਣੇ ਸਰੀਰ ਤੋਂ ਇਕ ਰਸ ਕੱਢਦੀਆਂ ਹਨ ਤਾਂ ਕਿ ਹੋਰ ਕੀੜੀਆਂ ਉਨ੍ਹਾਂ ਦੇ ਬੁਲਾਉਣ 'ਤੇ ਵਿਸ਼ੇਸ਼ ਕੰਮ ਲਈ ਉਨ੍ਹਾਂ ਦੇ ਰਸਤੇ ਨੂੰ ਸੁੰਘਦੀਆਂ ਹੋਈਆਂ ਪਿੱਛੇ ਆਉਣ। ਕੀੜੀਆਂ ਲਾਈਨ 'ਤੇ ਇਸ ਸਹਾਰੇ ਹੀ ਚਲਦੀਆਂ ਹਨ।

### ਸਪਿਨੀ ਫਲਾਵਰ ਮੈਂਟਿਸ

ਇਸ ਦੀ ਬਣਾਵਟ ਫੁੱਲ ਦੀ ਤਰ੍ਹਾਂ ਹੁੰਦੀ ਹੈ। ਇਸ ਦੀ ਲੰਬਾਈ 4 ਸੈਂਟੀਮੀਟਰ ਤਕ ਹੁੰਦੀ ਹੈ। ਇਹ ਦੱਖਣੀ ਅਫ਼ਰੀਕਾ 'ਚ ਮਿਲਦੇ ਹਨ। ਹੈਰਾਨੀ ਵਾਲੀ ਗੱਲ ਇਹ ਹੈ ਕਿ ਮਾਦਾ ਦੇ ਆਂਡਿਆਂ ਦੀ ਥੈਲੀ ਉਨ੍ਹਾਂ ਦੇ ਆਕਾਰ ਤੋਂ ਤਿੰਨ ਗੁਣਾਂ ਵੱਡੀ ਹੁੰਦੀ ਹੈ।

### ਸਕਾਰਪੀਅਨ ਫਲਾਈ

ਇਸ ਨੂੰ ਦੇਖ ਕਿ ਇਕ ਵਾਸਪ ਦੀ ਪਿੱਠ 'ਤੇ ਬਿੱਛੂ ਦਾ ਡੰਗ ਲੱਗਿਆ ਹੋਵੇ। ਇਹ ਪੂਰੀ ਦੁਨੀਆ 'ਚ ਮਿਲਦੀ ਹੈ। ਇਸ ਨੂੰ ਤਿੱਤਲੀ ਅਤੇ ਪਤੰਗਿਆਂ ਦਾ ਪੂਰਵਜ ਮੰਨਿਆ ਜਾਂਦਾ ਹੈ ਅਤੇ ਇਹ ਉਨ੍ਹਾਂ ਦੇ ਲੇਪੀਡੋਪਟਰਾ ਪਰਿਵਾਰ 'ਚ ਹੀ ਆਉਂਦੀ ਹੈ।



- ਸ਼ਹਿਦ ਦੀ ਮੱਖੀ ਦੀ ਆਵਾਜ਼ ਵੀ ਤੁਸੀਂ ਸੁਣੀ ਹੀ ਹੋਵੇਗੀ। ਜਦੋਂ ਇਸ ਦੇ ਚਾਰੇ ਖੰਭ ਘੁੰਮਦੇ ਹਨ ਤਾਂ ਇਹ ਆਵਾਜ਼ 11,400 ਸਟ੍ਰੋਕ ਪ੍ਰਤੀ ਮਿੰਟ ਹੁੰਦੀ ਹੈ। ਮਧੂਮੱਖੀ 25 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡਦੀ ਹੈ।
- ਅਫਰੀਕਾ ਦੀ ਸੀਸੀ ਮੱਖੀ ਹਰ ਸਾਲ 66,000 ਲੋਕਾਂ ਦੀ ਜਾਨ ਲੈ ਲੈਂਦੀ ਹੈ।
- ਜਰਮਨ ਕਾਕਰੋਚ ਦੁਨੀਆ ਦਾ ਸਭ ਤੋਂ ਲਚਕੀਲਾ ਜੀਵ ਹੈ। ਇਹ ਪਰਮਾਣੂ ਹਮਲੇ ਤੋਂ ਬਾਅਦ ਵੀ ਜਿਊਂਦਾ ਰਹਿ ਸਕਦਾ ਹੈ।

## ਬਾਲ ਕੈਨਵਸ



**ਸ਼ਿੰਮੀ**
ਜਮਾਤ : ਅੱਠਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



**ਪ੍ਰੀਤੀ**
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



**ਕ੍ਰਿਸ਼ਨਾ**
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੋਪੜ।



**ਲਵਪ੍ਰੀਤ**
ਜਮਾਤ : ਛੇਵੀਂ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਾਨਸਾ।




**ਸਵਰਨਜੀਤ ਕੌਰ**
ਜਮਾਤ : ਅੱਠਵੀਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।

# ਸੈਂਕਸ਼ਨ ਤਹਿਤ ਹੋਏ ਕਰੋੜਾਂ ਦੇ ਕੰਮਾਂ 'ਚ ਨਗਰ ਨਿਗਮ ਨੂੰ ਮਿਲਿਆ ਸਿਰਫ਼ 2-4 ਫ਼ੀਸਦੀ ਡਿਸਕਾਊਂਟ

**ਕੌਮੀ ਪਤ੍ਰਿਕਾ**

ਜਲੰਧਰ 19 ਦਸੰਬਰ। ਨਗਰ ਨਿਗਮ ਜਲੰਧਰ ਵਿਚ ਟਰਾਂਸਪੇਰੈਂਸੀ ਐਕਟ ਦੀ ਖੁੱਲ੍ਹੀ ਦੁਰਵਰਤੋਂ ਕਰਕੇ ਕੁਝ ਚੋਣਵੇਂ ਠੇਕੇਦਾਰਾਂ ਨੂੰ ਕਰੋੜਾਂ ਰੁਪਏ ਦੇ ਕੰਮ ਸੌਂਪਣ ਦਾ ਗੰਭੀਰ ਮਾਮਲਾ ਇਨ੍ਹੀਂ ਦਿਨੀਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦੋਸ਼ ਹੈ ਕਿ ਜਿਹੜੇ ਕੰਮਾਂ ਨੂੰ ਨਿਗਮ ਨੇ ਆਮ ਟੈਂਡਰ ਪ੍ਰਕਿਰਿਆ ਤਹਿਤ 30-40 ਫ਼ੀਸਦੀ ਲੈੱਸ ਡਿਸਕਾਊਂਟ 'ਤੇ ਕਰਵਾਇਆ, ਉਹੀ ਸਿਮੀਲਰ ਨੇਚਰ ਦੇ ਕੰਮ ਸੈਂਕਸ਼ਨ ਵਰਕਸ ਦੇ ਨਾਂ 'ਤੇ ਮਹਿਜ਼ 3-4 ਫ਼ੀਸਦੀ ਡਿਸਕਾਊਂਟ 'ਤੇ ਮਨਜ਼ੂਰ ਕਰ ਦਿੱਤੇ ਗਏ। ਇਸ ਮਨਮਾਨੀ ਨਾਲ ਨਿਗਮ ਨੂੰ ਲੱਖਾਂ ਦਾ ਸਿੱਧਾ ਆਰਥਿਕ ਨੁਕਸਾਨ ਹੋਇਆ ਹੈ। ਸੂਤਰਾਂ ਮੁਤਾਬਕ ਪਿਛਲੇ 2 ਸਾਲਾਂ ਵਿਚ ਨਿਗਮ ਨੇ ਅਨੇਕ ਵੱਡੇ ਕੰਮ ਬਿਨਾਂ ਟੈਂਡਰ ਦੇ ਸਿਰਫ਼ ਟਰਾਂਸਪੇਰੈਂਸੀ ਐਕਟ ਦਾ ਹਵਾਲਾ ਦੇ ਕੇ ਪਾਸ ਕਰ ਦਿੱਤਾ। ਹੈਰਾਨੀ ਇਹ ਕਿ ਵਧੇਰੇ ਕੰਮ ਐਮਰਜੈਂਸੀ ਨੇਚਰ ਦੇ ਵੀ ਨਹੀਂ ਸਨ, ਫਿਰ ਵੀ ਉਨ੍ਹਾਂ ਨੂੰ ਸੈਂਕਸ਼ਨਡ ਵਰਕਸ ਦੀ ਸ਼?ਰੇਣੀ ਵਿਚ ਪਾ ਕੇ ਮਨਜ਼ੂਰੀ ਦਿੱਤੀ ਗਈ। ਨਿਯਮ ਸਪੱਸ਼ਟ ਰੂਪ ਨਾਲ ਕਹਿੰਦੇ ਹਨ ਕਿ ਨਿਗਮ ਦੇ ਅਧਿਕਾਰੀ ਬਾਜ਼ਾਰ ਤੋਂ ਕੋਟੇਸ਼ਨ ਲੈਣਗੇ, ਕਈ ਵੈਂਡਰਸ ਤੋਂ ਰੇਟ ਲੈ ਕੇ ਤੁਲਨਾ ਕਰਨਗੇ ਪਰ ਨਿਗਮ ਦਾ ਕੋਈ ਅਧਿਕਾਰੀ ਨਾ ਤਾਂ ਮਾਰਕੀਟ ਗਿਆ ਅਤੇ ਨਾ ਹੀ ਕਿਸੇ ਵੈਂਡਰ ਨਾਲ ਸੰਪਰਕ ਕੀਤਾ। ਇਸ ਦੇ ਉਲਟ ਨਿਗਮ ਦਫ਼ਤਰਾਂ ਵਿਚ ਰੋਜ਼ ਬੈਠੇ ਰਹਿਣ ਵਾਲੇ 8-10 ਪਹਿਲਾਂ ਤੋਂ ਚੁਣੇ ਗਏ ਠੇਕੇਦਾਰਾਂ ਨੂੰ ਹੀ ਵਾਰ-ਵਾਰ ਸਾਰੇ ਕੰਮ ਸੌਂਪੇ ਜਾਂਦੇ ਰਹੇ। ਦੋਸ਼ ਹੈ ਕਿ ਵਧੇਰੇ ਠੇਕੇਦਾਰਾਂ ਕੋਲ ਨਾ ਮਸ਼ੀਨਰੀ ਹੈ, ਨਾ ਗੋਦਾਮ, ਨਾ ਕੋਈ ਤਕਨੀਕੀ ਯੋਗਤਾ ਅਤੇ ਨਾ ਹੀ ਤਜਰਬਾ, ਫਿਰ ਵੀ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੇ ਕੰਮ ਦੇ ਦਿੱਤੇ ਗਏ। ਜਿਹੜੇ ਠੇਕੇਦਾਰਾਂ




ਕੋਲ ਮਸ਼ੀਨਾਂ ਤਕ ਨਹੀਂ ਸਨ, ਉਹ ਕਰੋੜਾਂ ਦੇ ਸਪੈਸ਼ਲਾਈਜ਼ਡ ਕੰਮ ਕਰਨ ਲੱਗੇ, ਜਿਸ ਨਾਲ ਪੂਰੀ ਪ੍ਰਕਿਰਿਆ 'ਤੇ ਸਵਾਲ ਉੱਠ ਰਹੇ ਹਨ। ਸ਼ਹਿਰ ਵਿਚ ਚਰਚਾ ਗਰਮ ਹੈ ਕਿ ਨਿਗਮ ਵਿਚ ਟਰਾਂਸਪੇਰੈਂਸੀ ਐਕਟ ਦੀ ਆੜ ਲੈ ਕੇ ਕਿਸ ਵੱਡੇ ਪੈਮਾਨੇ 'ਤੇ ਘਪਲੇ ਕੀਤੇ ਗਏ। ਜਾਣਕਾਰਾਂ ਦਾ ਕਹਿਣਾ ਹੈ ਕਿ ਜੇਕਰ ਜਾਂਚ ਈਮਾਨਦਾਰੀ ਨਾਲ ਕੀਤੀ ਜਾਵੇ ਤਾਂ ਕਈ ਪਰਤਾਂ ਖੁੱਲ੍ਹਣਗੀਆਂ। ਵਿਰੋਧੀ ਧਿਰ ਵੱਲੋਂ ਵੀ ਮੰਗ ਉੱਠੀ ਹੈ ਕਿ ਪਿਛਲੇ 2 ਸਾਲਾਂ ਵਿਚ ਹੋਏ ਸਾਰੇ ਸੈਂਕਸ਼ਨਡ ਵਰਕਸ ਦੀ ਸੂਚੀ ਜਨਤਕ ਕੀਤੀ ਜਾਵੇ, ਹਰੇਕ ਫਾਈਲ, ਕੋਟੇਸ਼ਨ ਅਤੇ ਭੁਗਤਾਨ ਦੀ ਜਾਂਚ ਹੋਵੇ ਅਤੇ ਸਾਰੀਆਂ ਸਾਈਟਾਂ ਦੀ ਗਰਾਊਂਡ ਵੈਰੀਫਿਕੇਸ਼ਨ ਕਰਵਾਈ ਜਾਵੇ। ਉਧਰ ਵਧਦੇ ਦੋਸ਼ਾਂ ਅਤੇ ਦਬਾਅ ਨੂੰ ਵੇਖਦੇ ਹੋਏ ਮੇਅਰ ਅਤੇ ਕਮਿਸ਼ਨਰ ਨੇ ਨਵੇਂ ਹੁਕਮ ਜਾਰੀ ਕੀਤੇ ਹਨ ਕਿ ਅੱਗੇ ਤੋਂ ਟਰਾਂਸਪੇਰੈਂਸੀ ਐਕਟ ਤਹਿਤ ਸੈਂਕਸ਼ਨ ਆਧਾਰ 'ਤੇ ਹੋਣ ਵਾਲੇ ਸਾਰੇ ਕੰਮਾਂ ਵਿਚ ਉਹੀ ਡਿਸਕਾਊਂਟ ਲਾਗੂ ਹੋਵੇਗਾ, ਜੋ ਸਬੰਧਤ ਕੰਮ ਦੇ ਟੈਂਡਰ ਵਿਚ ਮਿਲਿਆ ਸੀ। ਇਸ ਹੁਕਮ ਦੇ ਬਾਅਦ ਸੈਂਕਸ਼ਨ ਵਰਕਸ ਵਿਚ ਅਚਾਨਕ ਭਾਰੀ ਗਿਰਾਵਟ ਆਈ ਹੈ ਕਿਉਂਕਿ ਜੋ ਠੇਕੇਦਾਰ ਹੁਣ ਤਕ ਮੋਟੇ ਮੁਨਾਫੇ 'ਤੇ ਕੰਮ ਕਰ ਰਹੇ ਸਨ, ਉਹ ਟੈਂਡਰ ਵਾਂਗ 30-40 ਫੀਸਦੀ ਲੈੱਸ 'ਤੇ ਕੰਮ ਕਰਨ ਨੂੰ ਤਿਆਰ ਨਹੀਂ ਹਨ। ਨਿਗਮ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਟਰਾਂਸਪੇਰੈਂਸੀ ਐਕਟ, ਜਿਸ ਦਾ ਉਦੇਸ਼ ਪਾਰਦਰਸ਼ਿਤਾ ਲਿਆਉਣਾ ਸੀ, ਉਸ ਨੂੰ ਹੀ ਭ੍ਰਿਸ਼ਟਾਚਾਰ ਦਾ ਜ਼ਰੀਆ ਬਣਾ ਦਿੱਤਾ ਗਿਆ। ਲਗਾਤਾਰ ਸਾਹਮਣੇ ਆ ਰਹੀਆਂ ਸ਼ਿਕਾਇਤਾਂ ਨੇ ਨਿਗਮ ਦੀ ਕਾਰਜਪ੍ਰਣਾਲੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸ਼ਹਿਰ ਦੇ ਲੋਕ ਹੁਣ ਇਸ ਪੂਰੇ ਕਾਂਡ ਦੀ ਆਜ਼ਾਦ ਅਤੇ ਉੱਚ ਪੱਧਰੀ ਜਾਂਚ ਦੀ ਮੰਗ ਕਰ ਰਹੇ ਹਨ ਤਾਂ ਕਿ ਸੱਚ ਸਾਹਮਣੇ ਆ ਸਕੇ ਅਤੇ ਦੋਸ਼ੀ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਹੋਵੇ।

### ਗੈਰਕਾਨੂੰਨੀ ਤੌਰ 'ਤੇ ਜੰਗਲੀ ਜੀਵਾਂ ਦਾ ਸ਼ਿਕਾਰ ਕਰਨ ਵਾਲੇ ਨੂੰ ਕੀਤਾ 50 ਹਜ਼ਾਰ ਡਾਲਰ ਜੁਰਮਾਨਾ

ਵੈਨਕੂਵਰ, 19 ਦਸੰਬਰ। ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਜੰਗਲੀ ਜੀਵਾਂ ਦਾ ਗੈਰਕਾਨੂੰਨੀ ਸ਼ਿਕਾਰ ਦੇ ਮਾਮਲਿਆਂ ਵਿੱਚ ਦੋਸ਼ੀ ਪਾਏ ਜਾਣ ਮਗਰੋਂ ਮੈਪਲ ਰਿਡਜ ਦੇ ਇੱਕ ਵਿਅਕਤੀ ਨੂੰ ਅਦਾਲਤ ਵੱਲੋਂ 50 ਹਜ਼ਾਰ ਡਾਲਰ ਜੁਰਮਾਨਾ ਕੀਤਾ ਗਿਆ ਹੈ ਅਤੇ ਉਸ 'ਤੇ 10 ਸਾਲ ਲਈ ਕਿਸੇ ਵੀ ਕਿਸਮ ਦਾ ਸ਼ਿਕਾਰ ਕਰਨ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਬੀ.ਸੀ. ਕਨਜ਼ਰਵੇਸ਼ਨ ਅਫ਼ਸਰ ਸਰਵਿਸ ਅਨੁਸਾਰ ਦੋਸ਼ੀ ਵਿਅਕਤੀ ਨੇ ਖੁੱਲ੍ਹੇ ਸ਼ਿਕਾਰ ਮੌਸਮ ਤੋਂ ਬਾਹਰ ਜੰਗਲੀ ਜੀਵਾਂ ਨੂੰ ਮਾਰਨ ਅਤੇ ਰਹਾਇਸ਼ੀ ਇਲਾਕਿਆਂ ਦੇ ਨੇੜੇ ਹਥਿਆਰ ਚਲਾਉਣ ਦੇ ਦੋਸ਼ ਅਦਾਲਤ ਵਿੱਚ ਕਬੂਲ ਕਰ ਲਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਦੋਸ਼ੀ ਦੀਆਂ ਇਨਾ ਹਰਕਤਾਂ ਨਾਲ ਨਾ ਸਿਰਫ਼ ਜੰਗਲੀ ਜੀਵ ਸੁਰੱਖਿਆ ਕਾਨੂੰਨਾਂ ਦੀ ਉਲੰਘਣਾ ਹੋਈ, ਸਗੋਂ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਵੀ ਗੰਭੀਰ ਖਤਰਾ ਪੈਦਾ ਹੋਇਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਅਦਾਲਤ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਜੁਰਮਾਨੇ ਦੇ ਨਾਲ-ਨਾਲ ਲੰਬੇ ਸਮੇਂ ਲਈ ਸ਼ਿਕਾਰ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

## 'ਯੁੱਧ ਨਸ਼ਿਆਂ ਵਿਰੁੱਧ': ਮੁਹੱਲਾ ਮੰਡੀ ਰੋਡ ਜਲੰਧਰ ਵਿਖੇ ਨਸ਼ਾ ਤਸਕਰ ਖਿਲਾਫ ਕਾਰਵਾਈ

ਜਲੰਧਰ 19 ਦਸੰਬਰ। ਪੰਜਾਬ ਸਰਕਾਰ ਦੀ ਚੱਲ ਰਹੀ ਨਸ਼ਾ ਵਿਰੋਧੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਤਹਿਤ ਅੱਜ ਜਲੰਧਰ ਵਿੱਚ ਇੱਕ ਹੋਰ ਫੈਸਲਾਕੁੰਨ ਕਾਰਵਾਈ ਕੀਤੀ ਗਈ। ਜਲੰਧਰ ਨਗਰ ਨਿਗਮ ਨੇ ਜਲੰਧਰ ਕਮਿਸ਼ਨਰੇਟ ਪੁਲਸ ਦੇ ਮਜ਼ਬੂਤ ਸਹਿਯੋਗ ਨਾਲ, ਮੁਹੱਲਾ ਮੰਡੀ ਰੋਡ, ਜਲੰਧਰ ਵਿੱਚ ਇੱਕ ਬਦਨਾਮ ਨਸ਼ਾ ਤਸਕਰ ਨਾਲ ਸਬੰਧਤ ਇੱਕ ਗੈਰ-ਕਾਨੂੰਨੀ ਢਾਂਚਾ ਢਾਹ ਦਿੱਤਾ। ਪੁਲਸ ਕਮਿਸ਼ਨਰ ਸ਼੍ਰੀਮਤੀ ਧਨਪ੍ਰੀਤ ਕੌਰ ਨੇ ਕਿਹਾ ਕਿ ਇਹ ਕਾਰਵਾਈ ਨਗਰ ਨਿਗਮ ਅਤੇ



ਜਲੰਧਰ ਕਮਿਸ਼ਨਰੇਟ ਪੁਲਸ ਦੁਆਰਾ ਸਾਂਝੇ ਤੌਰ 'ਤੇ ਕੀਤੀ ਗਈ ਸੀ। ਏ.ਡੀ.ਸੀ.ਪੀ-9 ਅਤੇ ਏ.ਸੀ.ਪੀ ਉੱਤਰੀ ਨੇ ਨਿੱਜੀ ਤੌਰ 'ਤੇ ਕਾਰਵਾਈ ਦੀ ਨਿਗਰਾਨੀ ਕੀਤੀ। ਇਹ ਗੈਰ-ਕਾਨੂੰਨੀ ਉਸਾਰੀ ਰੋਹਿਤ ਟੰਡਨ ਉਰਫ਼ ਨਿਤਿਨ ਟੰਡਨ ਪੁੱਤਰ ਰੋਹਿਤ ਟੰਡਨ ਦੀ ਸੀ, ਜੋ ਕਿ ਜਲੰਧਰ ਕਮਿਸ਼ਨਰੇਟ ਦੇ ਥਾਣਾ ਡਿਵੀਜ਼ਨ ਨੰਬਰ 3 ਦੇ ਅਧਿਕਾਰ ਖੇਤਰ ਦਾ ਸੀ। ਰੋਹਿਤ ਉਰਫ਼ ਨਿਤਿਨ ਟੰਡਨ ਇੱਕ ਬਦਨਾਮ ਨਸ਼ਾ ਤਸਕਰ ਹੈ, ਜਿਸ 'ਤੇ ਪਹਿਲਾਂ ਹੀ ਐੱਨਡੀਪੀਐੱਸ ਐਕਟ, ਐਕਸਾਈਜ਼ ਐਕਟ ਅਤੇ ਜੂਆ ਐਕਟ ਦੇ ਸੱਤ ਮਾਮਲੇ ਦਰਜ ਹਨ। ਜਲੰਧਰ ਪੁਲਸ ਨੇ ਮੁੜ ਪੁਸ਼ਟੀ ਕੀਤੀ ਕਿ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜ਼ਿਲ੍ਹੇ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਆਉਣ ਵਾਲੇ ਦਿਨਾਂ ਵਿੱਚ ਅਜਿਹੀਆਂ ਸਖ਼ਤ ਕਾਰਵਾਈਆਂ ਜਾਰੀ ਰਹਿਣਗੀਆਂ। ਜਲੰਧਰ ਕਮਿਸ਼ਨਰੇਟ ਪੁਲਸ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਰਕਾਰ ਦੁਆਰਾ ਜਾਰੀ ਕੀਤੇ ਗਏ ਵਟਸਐਪ ਨੰਬਰ 9779-100-200 ਰਾਹੀਂ ਨਸ਼ਿਆਂ ਦੀ ਤਸਕਰੀ ਜਾਂ ਗੈਰ-ਕਾਨੂੰਨੀ ਨਸ਼ਿਆਂ ਦੀਆਂ ਗਤੀਵਿਧੀਆਂ ਬਾਰੇ ਕੋਈ ਵੀ ਜਾਣਕਾਰੀ ਸਾਂਝੀ ਕਰਨ। ਸੂਚਨਾ ਦੇਣ ਵਾਲਿਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

### 20 ਲੱਖ ਦੀ ਫਿਰੌਤੀ ਮੰਗਣ ਵਾਲੇ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ

ਬਟਾਲਾ 19 ਦਸੰਬਰ। ਥਾਣਾ ਕੋਟਲੀ ਸੂਰਤ ਮੱਲ੍ਹੀ ਦੀ ਪੁਲਸ ਨੇ ਇਕ ਅਣਪਛਾਤੇ ਵਿਅਕਤੀ ਖਿਲਾਫ ਫਿਰੌਤੀ ਮੰਗਣ ਦੇ ਕਥਿਤ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਸ ਸਬੰਧੀ ਏ. ਐੱਸ. ਆਈ. ਸਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਦਰਖਾਸਤ ਵਿਚ ਰਜਿੰਦਰ ਕੁਮਾਰ ਪੁੱਤਰ ਜਨਕ ਰਾਜ ਵਾਸੀ ਪਿੰਡ ਮੋਹਲੋਵਾਲੀ ਨੇ ਲਿਖਵਾਇਆ ਹੈ ਕਿ ਉਸ ਨੂੰ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਆਈ ਅਤੇ ਕਾਲ ਕਰਨ ਵਾਲੇ ਅਣਪਛਾਤੇ ਵਿਅਕਤੀ ਨੇ ਉਸ ਕੋਲੋਂ 20 ਲੱਖ ਦੀ ਫਿਰੌਤੀ ਦੀ ਮੰਗ ਕੀਤੀ ਹੈ। ਉਕਤ ਪੁਲਸ ਅਧਿਕਾਰੀ ਨੇ ਦੱਸਿਆ ਕਿ ਉਪਰੋਕਤ ਦਰਖਾਸਤਕਰਤਾ ਦੀ ਦਰਖਾਸਤ ਦੇ ਆਧਾਰ 'ਤੇ ਅਣਪਛਾਤੇ ਵਿਅਕਤੀ ਖਿਲਾਫ ਬਣਦੀਆਂ ਧਾਰਾਵਾਂ ਹੇਠ ਉਕਤ ਥਾਣੇ ਵਿਚ ਕੇਸ ਦਰਜ ਕਰ ਦਿੱਤਾ ਹੈ।

### ਬੁੱਢਾ ਦਰਿਆ 'ਚੋਂ ਮਿਲੀ ਲਾਸ਼ ! ਇਲਾਕੇ 'ਚ ਫ਼ੈਲੀ ਦਹਿਸ਼ਤ

ਲੁਧਿਆਣਾ 19 ਦਸੰਬਰ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਮੁਹੱਲਾ ਪੀਰੂ ਬੰਦਾ ਨੇੜੇ ਬੁੱਢਾ ਦਰਿਆ ਵਿਚ ਅੱਜ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਨਾਲ ਇਲਾਕੇ ਵਿਚ ਦਹਿਸ਼ਤ ਫ਼ੈਲ ਗਈ। ਲੋਕਾਂ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ। ਸੂਚਨਾ ਮਿਲਦਿਆਂ ਹੀ ਇੰਸਪੈਕਟਰ ਬਲਬੀਰ ਸਿੰਘ ਦੀ ਟੀਮ ਮੌਕੇ 'ਤੇ ਪਹੁੰਚੀ ਜਿਨ੍ਹਾਂ ਨੇ ਬੁੱਢੇ ਦਰਿਆ ਵਿਚ ਪਈ ਲਾਸ਼ ਨੂੰ ਬਾਹਰ ਕੱਢਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕ ਦੀ ਉਮਰ 30-35 ਸਾਲ ਦੇ ਕਰੀਬ ਦੱਸੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਜੇ ਤਕ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਹੈ। ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਦੇ ਮੁਰਦਾਘਰ ਵਿਚ 72 ਘੰਟਿਆਂ ਲਈ ਪਛਾਣ ਲਈ ਰਖਵਾ ਦਿੱਤਾ ਹੈ ਤੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਆਈਕੇਜੀ ਪੀਟੀਯੂ ਦੀ ਪਹਿਲ, ਏਆਈ ਦੀ ਪੜ੍ਹਾਈ ਨੂੰ ਬਣਾਇਆ 'ਗਰੈਜੂਏਸ਼ਨ ਰੈਡੀ ਹੁਨਰ'

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਜਲੰਧਰ/ਕਪੂਰਥਲਾ 19 ਦਸੰਬਰ। ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਨੇ ਏ.ਆਈ ਸੰਚਾਲਿਤ ਅਰਥਵਿਵਸਥਾ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਵੱਲ ਇੱਕ ਨਿਰਣਾਇਕ ਕਦਮ ਚੁੱਕਦੇ ਹੋਏ ਯੂਨੀਵਰਸਿਟੀ-ਵਿਆਪੀ ਫਾਊਂਡੇਸ਼ਨ ਪ੍ਰੋਗਰਾਮ "ਪਾਵਰ ਆਫ ਏ.ਆਈ" ਲਾਗੂ ਕਰਨ ਦੀ ਪਹਲ ਕੀਤੀ ਹੈ। ਇਸਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਯੂਨੀਵਰਸਿਟੀ ਦਾ ਹਰ ਗ੍ਰੈਜੂਏਟ ਏ.ਆਈ. ਦੀ ਕਾਰਗਰ ਸਮਝ ਨਾਲ ਕੈਂਪਸ ਤੋਂ ਬਾਹਰ ਨਿਕਲੇ ਤੇ ਏਆਈ ਨੂੰ ਸਿਰਫ਼ ਇੱਕ ਟੈਕਨਾਲੋਜੀ ਰੁਝਾਨ ਨਹੀਂ, ਸਗੋਂ ਇੱਕ ਵਿਹਾਰਕ ਸਾਧਨ ਵਜੋਂ ਸਮਝੇ, ਜੋ ਸੇਵਾਵਾਂ, ਮੈਨੂਫੈਕਚਰਿੰਗ, ਸਿੱਖਿਆ, ਹੈਲਥਕੇਅਰ ਅਤੇ ਬਿਜ਼ਨਸ ਓਪਰੇਸ਼ਨਜ਼ ਸਮੇਤ ਕਈ ਖੇਤਰਾਂ ਨੂੰ ਤੇਜ਼ੀ ਨਾਲ ਬਦਲ ਰਿਹਾ ਹੈ। ਯੂਨੀਵਰਸਿਟੀ ਨੇ ਕੰਪਿਊਟਰ ਸਾਇੰਸ ਅਤੇ ਆਈ.ਟੀ ਨਾਲ ਸੰਬੰਧਿਤ ਬ੍ਰਾਂਚਾਂ ਵਿੱਚ ਏ.ਆਈ-ਕੇਂਦ੍ਰਿਤ ਕੋਰਸਵਰਕ ਸ਼ੁਰੂ ਕਰਨ ਤੇ ਇੰਜੀਨੀਅਰਿੰਗ ਅਤੇ ਹੋਰ ਵਿਗਿਆਨ ਤੇ ਤਕਨਾਲੋਜੀ ਸਟ?ਰੀਮਾਂ ਦੇ ਵਿਦਿਆਰਥੀਆਂ ਲਈ ਇਸਨੂੰ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਇਸ ਸਬੰਧ ਵਿਚ ਯੂਨੀਵਰਸਿਟੀ ਅਤੇ ਸਾਰਸ ਇੰਸਟੀਟਿਊਟ ਵਿਚਕਾਰ ਇਕ ਕਰਾਰ ਕੀਤਾ ਗਿਆ ਹੈ, ਜਿਸ ਮੁਤਾਬਿਕ ਆਈਕੇਜੀ ਪੀਟੀਯੂ ਦੇ ਵਿਦਿਆਰਥੀ ਹੁਣ ਮਾਰਕੀਟ ਮੁਤਾਬਿਕ ਤਿਆਰ ਹੋਣਗੇ ਤੇ ਰੋਜ਼ਗਾਰ, ਉਦਮਤਾ ਚ ਵਾਧਾ ਕਰਨਯੋਗ ਹੋਣਗੇ। ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ (ਡਾ.) ਸੁਸ਼ੀਲ ਮਿੱਤਲ ਨੇ ਦੱਸਿਆ ਕਿ "ਪਾਵਰ ਆਫ ਏਆਈ" ਕੋਰਸ ਵਿਦਿਆਰਥੀਆਂ ਲਈ ਮਾਈਕਰੋਸੋਫਟ,



ਗੂਗਲ, ਐਪਲ ਵਰਗੀਆਂ ਵਿਸ਼ਵ-ਪੱਧਰੀ ਟੈਕ ਕੰਪਨੀਆਂ ਨਾਲ ਜੁੜੇ ਪ੍ਰੋਫੈਸ਼ਨਲਜ਼ ਸਮੇਤ ਹੋਰ ਮਾਹਰਾਂ ਦੇ ਸਹਿਯੋਗ ਨਾਲ ਡਿਜ਼ਾਈਨ ਕੀਤਾ ਜਾ ਰਿਹਾ ਹੈ। ਇਹ ਇੰਡਸਟਰੀ-ਅਲਾਇਨਡ ਪਹੁੰਚ ਵਿਦਿਆਰਥੀਆਂ ਨੂੰ ਏਆਈ ਨੂੰ ਅਸਲ ਦੁਨੀਆ ਦੇ ਯੂਜ਼-ਕੇਸਜ਼ ਅਤੇ ਭਵਿੱਖ ਦੀਆਂ ਭੂਮਿਕਾਵਾਂ ਦੇ ਮੁਤਾਬਕ ਸਿੱਖਣ ਵਿੱਚ ਸਹਾਇਤਾ ਕਰੇਗੀ। ਉਨ੍ਹਾਂ ਦੱਸਿਆ ਕਿ "ਪਾਵਰ ਆਫ ਏ.ਆਈ" ਪ੍ਰੋਗਰਾਮ ਆਨਲਾਈਨ ਮੋਡ ਵਿੱਚ ਚਲਾਇਆ ਜਾਵੇਗਾ ਅਤੇ ਯੂਨੀਵਰਸਿਟੀ ਟ?ਰੇਨਿੰਗ ਦੀ ਪੂਰੀ ਲਾਗਤ ਖੁਦ ਉਠਾਵੇਗੀ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਇਸ ਦੀ ਪਹੁੰਚ ਯਕੀਨੀ ਬਣਾਈ ਜਾ ਸਕੇ। ਇਸਨੂੰ ਵਿਦਿਆਰਥੀਆਂ ਲਈ ਲਾਜ਼ਮੀ ਕਰਨ ਦੀ ਵੀ ਯੋਜਨਾ ਹੈ। ਉਪ-ਕੁਲਪਤੀ ਡਾ. ਸੁਸ਼ੀਲ ਮਿੱਤਲ ਨੇ ਕਿਹਾ ਕਿ ਏਆਈ ਹੁਣ ਵਿਕਲਪ ਨਹੀਂ ਰਹੀ, ਇਹ ਹਰ ਸੈਕਟਰ ਵਿੱਚ ਕਰੀਅਰ ਲਈ ਇੱਕ ਬੁਨਿਆਦੀ ਹੁਨਰ ਹੈ। ਸਾਡਾ ਮਕਸਦ ਆਈਕੇਜੀ ਪੀਟੀਯੂ ਦੇ ਹਰ ਗ੍ਰੈਜੂਏਟ ਨੂੰ ਏਆਈ ਦੀ ਲੋੜ, ਇਸ ਦੇ ਇਸਤੇਮਾਲ ਤੇ ਜ਼ਿੰਮੇਵਾਰੀ ਨਾਲ ਸਮਝਣ ਤੇ ਵਰਤਣਯੋਗ ਬਣਾਉਣਾ ਹੈ ਤਾਂ ਜੋ ਉਹ ਭਵਿੱਖ ਵਿੱਚ ਮੁਕਾਬਲਾ ਕਰ ਸਕੇ, ਯੋਗਦਾਨ ਦੇ ਸਕੇ ਅਤੇ ਹਰ ਪੱਧਰ ਤੇ ਅਗਵਾਈ ਕਰ ਸਕੇ। ਇਸ ਮੌਕੇ ਮੌਜੂਦ ਸਾਰਸ ਇੰਸਟੀਟਿਊਟ (ਯੂ.ਐੱਸ.ਏ) ਦੇ ਪ੍ਰਤੀਨਿਧੀਆਂ ਵਿਚ ਅਮਿਤ ਕਟਾਰੀਆ (ਕੋ-ਫਾਊਂਡਰ) ਅਤੇ ਅਮਨ ਗੁਪਤਾ (ਸੀ.ਟੀ.ਓ) ਨੇ ਦੱਸਿਆ ਕਿ ਵਿਦਿਆਰਥੀਆਂ ਦੀ ਤਿਆਰੀ ਮਜ਼ਬੂਤ ਕਰਨ ਅਤੇ ਬਿਹਤਰ ਕਰੀਅਰ ਪਾਥਵੇ ਬਣਾਉਣ ਲਈ ਉਹ ਹਰ ਨਵੇਕਲਾ ਉਦਮ ਕਰਨਗੇ। ਉਹਨਾਂ ਦੱਸਿਆ ਕਿ ਇਹ ਪ੍ਰੋਗਰਾਮ ਯੂਨੀਵਰਸਿਟੀ ਨੂੰ ਸਬਸਿਡਾਈਜ਼ਡ ਦਰਾਂ 'ਤੇ ਉਪਲਬਧ ਕਰਵਾਉਣ ਦੀ ਪੇਸ਼ਕਸ਼ ਕੀਤੀ ਗਈ ਹੈ, ਜਿਸ ਦੀ ਲਾਗਤ ਯੂਨੀਵਰਸਿਟੀ ਆਪਣੀ ਵਿਦਿਆਰਥੀ-ਅਪਸਕਿਲਿੰਗ ਵਚਨਬੱਧਤਾ ਦੇ ਤਹਿਤ ਕਰੇਗੀ।

### ਅੰਮ੍ਰਿਤਸਰ ਦੇ ਥਾਣੇ ਬਾਹਰ 2 ਭੈਣਾਂ ਦੀ ਹੋਈ ਆਪਸੀ ਤਕਰਾਰ

ਅੰਮ੍ਰਿਤਸਰ 19 ਦਸੰਬਰ। ਕੱਪੜਿਆਂ ਨੂੰ ਲੈ ਕੇ ਦੋ ਭੈਣਾਂ ਥਾਣਾ ਗੇਟ ਹਕੀਮਾ ਦੇ ਬਾਹਰ ਆਪਸ ਵਿਚ ਭਿੜ ਗਈਆਂ, ਜਿਥੇ ਦੋਵਾਂ ਧਿਰਾਂ ਨੂੰ ਪੁਲਸ ਕਰਮਚਾਰੀ ਸ਼ਾਂਤ ਕਰਵਾਉਂਦੇ ਦਿਖਾਈ ਦਿੱਤੇ ਪਰ ਦੋਵਾਂ ਪਾਸਿਓਂ ਗੁੱਸਾ ਇਸ ਕਦਰ ਸੀ ਕਿ ਉਹ ਇਕ ਦੂਸਰੇ 'ਤੇ ਧੱਕਾਮੁੱਕੀ ਹੋ ਰਹੀਆਂ ਸੀ। ਇਸ ਦੌਰਾਨ ਇਕ ਭੈਣ ਦੇ ਬੁਆਏਫ?ਰੈਂਡ ਆਪਣੇ ਸਾਥੀਆਂ ਨਾਲ ਦੂਜੀ ਧਿਰ ਦੀ ਜੰਮ ਕੇ ਕੁੱਟਮਾਰ ਕੀਤੀ। ਮਾਮਲਾ ਥਾਣਾ ਗੇਟ ਹਕੀਮਾਂ ਦੇ ਖੇਤਰ ਹਰੀਪੁਰਾ ਦਾ ਹੈ, ਜਿੱਥੇ ਭਾਵਨਾ ਨੇ ਦੱਸਿਆ ਕਿ ਉਸ ਦੀ ਭੈਣ ਦੇ ਬੁਆਏਫ?ਰੈਂਡ ਨੇ ਰਾਜੀਨਾਮੇ ਲਈ ਆਪਣੇ ਘਰ ਬੁਲਾਇਆ ਸੀ ਅਤੇ ਉਹ ਆਪਣੀ ਮਾਮੀ ਦੇ ਨਾਲ ਗਈ ਸੀ, ਜਿੱਥੇ ਉਨ੍ਹਾਂ ਨੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ, ਜਦੋਂ ਮਾਮਲਾ ਥਾਣੇ ਪੁੱਜਾ ਤਾਂ ਦੋਵੇਂ ਧਿਰਾਂ ਇਕ ਵਾਰ ਫਿਰ ਆਪਸ ਵਿੱਚ ਭਿੜੀਆਂ ਅਤੇ ਜੰਮ ਕੇ ਗਾਲੀ-ਗਲੋਚ ਕੀਤਾ।

### ਚੋਰ ਘਰ 'ਚੋਂ 10 ਲੱਖ ਰੁਪਏ ਦੇ ਗਹਿਣੇ, ਨਗਦੀ ਤੇ ਹੋਰ ਸਾਮਾਨ ਚੋਰੀ ਕਰਕੇ ਹੋਏ ਫਰਾਰ

ਗੁਰਦਾਸਪੁਰ 19 ਦਸੰਬਰ। ਚੋਰਾਂ ਨੇ ਰਾਤ ਨੂੰ ਸਥਾਨਕ ਨਬੀਪੁਰ ਕਲੋਨੀ ਵਿੱਚ ਇੱਕ ਬੰਦ ਘਰ ਨੂੰ ਨਿਸ਼ਾਨਾ ਬਣਾਇਆ ਅਤੇ ਸੋਨੇ ਦੇ ਗਹਿਣੇ, ਨਕਦੀ ਅਤੇ ਤਿੰਨ ਵਿਦੇਸ਼ੀ ਘੜੀਆਂ ਚੋਰੀ ਕਰ ਲਈਆਂ। ਇਸ ਸਬੰਧ ਵਿੱਚ ਘਰ ਦੇ ਮਾਲਕ ਜਸਬੀਰ ਸਿੰਘ ਨੇ ਦੱਸਿਆ ਕਿ ਉਹ ਨਬੀਪੁਰ ਕਲੋਨੀ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ ਅਤੇ ਨੇੜੇ ਹੀ ਇੱਕ ਨਵਾਂ ਘਰ ਬਣਾਇਆ ਹੈ। ਉਸ ਦੇ ਨਵੇਂ ਘਰ ਵਿੱਚ ਪਾਠ ਰੱਖਿਆ ਹੋਇਆ ਸੀ ਇਸ ਲਈ ਉਸ ਦਾ ਪੂਰਾ ਪਰਿਵਾਰ ਉੱਥੇ ਸੀ। ਜਦੋਂ ਉਹ ਸਵੇਰੇ ਕਿਰਾਏ ਦੇ ਘਰ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਚੋਰਾਂ ਨੇ ਪਿਛਲਾ ਦਰਵਾਜ਼ਾ ਖੋਲ੍ਹਿਆ ਹੋਇਆ ਸੀ ਅਤੇ ਅਲਮਾਰੀ ਦੇ ਸਾਰੇ ਬਾਕਸ ਖੋਲ੍ਹੇ ਹੋਏ ਸਨ। ਚੋਰਾਂ ਨੇ 10 ਤੋਲੇ ਸੋਨੇ ਦੇ ਗਹਿਣੇ, 45,000 ਰੁਪਏ ਨਕਦੀ ਅਤੇ ਤਿੰਨ ਵਿਦੇਸ਼ੀ ਘੜੀਆਂ ਚੋਰੀ ਕਰ ਲਈਆਂ ਸਨ। ਉਸ ਨੇ ਇਸ ਸਬੰਧ ਵਿੱਚ ਸਦਰ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ।

## ਬਿਨਾਂ ਰੋਕ-ਟੋਕ ਚੱਲ ਰਹੀਆਂ ਪ੍ਰਦੂਸ਼ਤ ਵਾਸ਼ਿੰਗ ਅਤੇ ਇਲੈਕਟਰੋਪਲੇਟਿੰਗ ਯੂਨਿਟਾਂ

**ਕੌਮੀ ਪਤ੍ਰਿਕਾ**

ਲੁਧਿਆਣਾ 19 ਦਸੰਬਰ। ਸ਼ਹਿਰ ਦੇ ਆਰ. ਓ.-2 ਅਤੇ ਆਰ. ਓ.-3 ਖੇਤਰਾਂ 'ਚ ਪ੍ਰਦੂਸ਼ਤ ਵਾਸ਼ਿੰਗ ਅਤੇ ਇਲੈਕਟ?ਰੋਪਲੇਟਿੰਗ ਯੂਨਿਟਾਂ ਬਿਨਾਂ ਕਿਸੇ ਰੋਕ-ਟੋਕ ਦੇ ਕੰਮ ਕਰ ਰਹੀਆਂ ਹਨ। ਇਹ ਯੂਨਿਟਾਂ ਅਮਨ ਨਗਰ, ਮਾਧੋਪੁਰੀ, ਸੂਆ ਰੋਡ, ਨਿਊ ਮਾਧੋਪੁਰੀ, ਗਿਆਸਪੁਰਾ, ਰਾਹੋਂ ਰੋਡ, ਕਾਲੀ ਸੜਕ, ਗਲੀ ਨੰਬਰ 4 ਸੰਨਿਆਸ ਨਗਰ, ਫੰਬੜਾ ਰੋਡ ਅਤੇ ਤਾਜਪੁਰ ਰੋਡ ਅਤੇ ਐੱਮ. ਐੱਸ. ਨਗਰ ਵਿਚ ਨਾਲੀਆਂ ਦੇ ਨਾਲ-ਨਾਲ ਕਈ ਥਾਵਾਂ 'ਤੇ ਖੁੱਲ੍ਹੇਆਮ ਕੰਮ ਕਰ ਰਹੀਆਂ ਹਨ। ਇਹ ਯੂਨਿਟਾਂ ਗੰਦੇ ਪਾਣੀ ਅਤੇ ਰਸਾਇਣਕ ਰਹਿੰਦ-ਖੂੰਹਦ ਨੂੰ ਸਿੱਧੇ ਨਾਲੀਆਂ 'ਚ ਸੁੱਟ ਰਹੀਆਂ ਹਨ, ਜੋ ਨਾ ਸਿਰਫ਼ ਵਾਤਾਵਰਣ ਲਈ ਸਗੋਂ ਸਥਾਨਕ ਨਿਵਾਸੀਆਂ ਦੀ ਸਿਹਤ ਲਈ ਵੀ ਗੰਭੀਰ ਖ਼ਤਰਾ ਹਨ। ਸਥਾਨਕ ਵਸਨੀਕਾਂ ਦਾ ਕਹਿਣਾ ਹੈ ਕਿ ਵਾਸ਼ਿੰਗ ਯੂਨਿਟਾਂ ਤੋਂ ਝੱਗ ਵਾਲਾ ਪਾਣੀ ਅਤੇ ਇਲੈਕਟ?ਰੋਪਲੇਟਿੰਗ ਯੂਨਿਟਾਂ ਤੋਂ ਰਸਾਇਣਕ ਭਰਿਆ ਪਾਣੀ ਸਿੱਧਾ ਨਾਲੀਆਂ 'ਚ ਛੱਡਿਆ ਜਾ ਰਿਹਾ ਹੈ। ਇਸ ਕਾਰਨ ਨਾਲੀਆਂ ਕਾਲੀਆਂ ਹੋ ਗਈਆਂ ਹਨ ਅਤੇ ਆਲੇ-ਦੁਆਲੇ ਦੇ




ਖੇਤਰਾਂ 'ਚ ਤੇਜ਼ ਬਦਬੂ ਫੈਲ ਗਈ ਹੈ। ਜਿਨ੍ਹਾਂ ਖੇਤਰਾਂ 'ਚ ਇਹ ਵਾਸ਼ਿੰਗ ਅਤੇ ਇਲੈਕਟ?ਰੋਪਲੇਟਿੰਗ ਯੂਨਿਟ ਕੰਮ ਕਰ ਰਹੇ ਹਨ, ਉਹ ਜ਼ਿਆਦਾਤਰ ਰਿਹਾਇਸ਼ੀ ਖੇਤਰ ਹਨ। ਨਿਯਮਾਂ ਅਨੁਸਾਰ ਅਜਿਹੀਆਂ ਉਦਯੋਗਿਕ ਗਤੀਵਿਧੀਆਂ ਜਾਂ ਤਾਂ ਇਨ੍ਹਾਂ ਖੇਤਰਾਂ 'ਚ ਵਰਜਿਤ ਹਨ ਜਾਂ ਸਖ਼ਤ ਵਾਤਾਵਰਣ ਜ਼ਰੂਰਤਾਂ ਦੇ ਅਧੀਨ ਹਨ। ਇਸ ਦੇ ਬਾਵਜੂਦ, ਬਹੁਤ ਸਾਰੀਆਂ ਯੂਨਿਟਾਂ ਬਿਨਾਂ ਨਾਜਾਇਜ਼ ਪਰਮਿਟਾਂ ਅਤੇ ਪ੍ਰਦੂਸ਼ਣ ਕੰਟਰੋਲ ਉਪਕਰਣਾਂ ਦੇ ਕੰਮ ਕਰ ਰਹੀਆਂ ਹਨ। ਇਲਾਕੇ ਦੇ ਵਸਨੀਕਾਂ ਸਮੇਤ ਕਈ ਸਮਾਜਿਕ ਸੰਗਠਨਾਂ ਨੇ ਵੀ ਇਹ ਮੁੱਦਾ ਉਠਾਇਆ ਹੈ। ਪ੍ਰਸ਼ਾਸਨ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਠੋਸ ਕਾਰਵਾਈ ਦੀ ਮੰਗ ਕੀਤੀ ਹੈ। ਇਸ ਮਾਮਲੇ ਸਬੰਧੀ ਸੰਪਰਕ ਕਰਨ 'ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁੱਖ ਇੰਜੀਨੀਅਰ ਆਰ. ਕੇ. ਰੱਤੜਾ ਨੇ ਕਿਹਾ ਕਿ ਬੋਰਡ ਸਥਿਤੀ ਦੀ ਲਗਾਤਾਰ ਨਿਗਰਾਨੀ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਗੈਰ-ਕਾਨੂੰਨੀ ਯੂਨਿਟਾਂ ਬਾਰੇ ਜਾਣਕਾਰੀ ਮਿਲਦੀ ਹੈ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਂਦੀ ਹੈ। ਰੱਤੜਾ ਨੇ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਕਿਸੇ ਵੀ ਯੂਨਿਟ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

### ਤੰਦਰੁਸਤੀ ਲਈ ਸਾਈਕਲ 'ਤੇ ਦਫ਼ਤਰ ਪਹੁੰਚੇ ਕੁਲੈਕਟਰ

ਭਦਰਕ 19 ਦਸੰਬਰ। ਓਡੀਸ਼ਾ 'ਚ ਭਦਰਕ ਦੇ ਕੁਲੈਕਟਰ ਤੇ ਜ਼ਿਲਾ ਮੈਜਿਸਟ?ਰੇਟ ਦਿਲੀਪ ਰਾਉਤਰਾਏ ਤੰਦਰੁਸਤੀ ਤੇ ਸਾਫ਼ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਬੁੱਧਵਾਰ ਆਪਣੇ ਨਿਵਾਸ ਤੋਂ ਸਾਈਕਲ 'ਤੇ ਦਫ਼ਤਰ ਗਏ। ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ. ਏ. ਐੱਸ.) ਦੇ ਸੀਨੀਅਰ ਅਧਿਕਾਰੀ ਵੱਲੋਂ ਕਾਰ ਦੀ ਬਜਾਏ ਸਾਈਕਲ ਦੀ ਚੋਣ ਕਰਨਾ ਇਕ ਬੇਮਿਸਾਲ ਗੱਲ ਸੀ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਇਹ ਫੈਸਲਾ ਸਿਹਤ ਤੇ ਵਾਤਾਵਰਣ ਦੀ ਜ਼ਿੰਮੇਵਾਰੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਮੁੱਖ ਰਖਦਿਆਂ ਲਿਆ। ਉਨ੍ਹਾਂ ਕਿਹਾ ਕਿ ਦਫਤਰ 'ਚ ਕੋਈ ਅਧਿਕਾਰਤ ਮੁਲਾਕਾਤਾਂ ਨਿਰਧਾਰਤ ਨਹੀਂ ਸਨ। ਨਾਲ ਹੀ ਉਨ੍ਹਾਂ ਦੇ ਨਿਵਾਸ ਤੋਂ ਦਫ਼ਤਰ ਦੀ ਦੂਰੀ ਘੱਟ ਹੈ, ਇਸ ਲਈ ਉਨ੍ਹਾਂ ਸਾਈਕਲ ਚਲਾਉਣ ਦਾ ਫੈਸਲਾ ਕੀਤਾ। ਸਾਈਕਲ ਚਲਾਉਣ ਨਾਲ ਇਨਸਾਨ ਤੰਦਰੁਸਤ ਰਹਿੰਦਾ ਹੈ।

### ਪੰਜਾਬ 'ਚ ਦਿਨ-ਦਿਹਾੜੇ ਵੱਡੀ ਵਾਰਦਾਤ !

ਟਾਂਡਾ 19 ਦਸੰਬਰ। ਪੰਜਾਬ ਵਿਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਟਾਂਡਾ ਦੇ ਪਿੰਡ ਕਲੋਆ ਨੇੜੇ ਅੱਜ ਸ਼ਾਮ ਇਕ ਵਿਅਕਤੀ ਦਾ ਸ਼ਰੇਆਮ ਗੋਲ?ੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਬਲਜੀਤ ਸਿੰਘ ਵਾਸੀ ਪਿੰਡ ਕੰਧਾਂਲਾ ਵਜੋਂ ਹੋਈ ਹੈ। ਜ਼ਖ਼ਮੀ ਹਾਲਤ ਵਿਚ ਬਲਜੀਤ ਸਿੰਘ ਨੂੰ ਟਾਂਡਾ ਦੇ ਵੇਵਸ ਹਸਪਤਾਲ ਵਿੱਚ ਲਿਆਂਦਾ ਗਿਆ ਪਰ ਜ਼ਖ਼ਮਾਂ ਦੀ ਤਾਬ ਨਾਲ ਝਲਦਿਆਂ ਉਸ ਨੇ ਦਮ ਤੋੜ ਦਿੱਤਾ ਸੀ। ਮਿਲੀ ਜਾਣਕਾਰੀ ਮੁਤਾਬਕ ਬਾਈਕ ਸਵਾਰ ਦੋ ਹਮਲਾਵਰਾਂ ਵੱਲੋਂ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ।

## ਗੁਜਰਾਤ 'ਚ ਨਸ਼ਾਖੋਰੀ ਰੋਕਣ ਲਈ ਰੋਲਿੰਗ ਪੇਪਰਾਂ ਤੇ ਸਮੋਕਿੰਗ ਕੋਨਸ 'ਤੇ ਪਾਬੰਦੀ

ਨੈਸ਼ਨਲ ਡੈਸਕ 19 ਦਸੰਬਰ। ਗੁਜਰਾਤ ਦੇ ਨੌਜਵਾਨਾਂ 'ਚ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਦੇ ਉਦੇਸ਼ ਨਾਲ ਗੁਜਰਾਤ ਸਰਕਾਰ ਨੇ ਰੋਲਿੰਗ ਪੇਪਰਾਂ, ਸਮੋਕਿੰਗ ਕੋਨਸ ਅਤੇ 'ਪਰਫੈਕਟ ਰੋਲ' ਦੀ ਵਿਕਰੀ, ਭੰਡਾਰਨ



(ਸਟੋਰੇਜ), ਵੰਡ (ਡਿਸਟ?ਰੀਬਿਊਸ਼ਨ) ਅਤੇ ਤਸਕਰੀ 'ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ ਲਗਾ ਦਿੱਤੀ ਹੈ। ਮੰਗਲਵਾਰ ਨੂੰ ਜਾਰੀ ਕੀਤੇ ਗਏ ਇਸ ਹੁਕਮ ਵਿੱਚ ਕਿਹਾ ਗਿਆ ਹੈ ਕਿ ਇਹ ਪਾਬੰਦੀ ਸਾਰੇ ਪਾਨ ਦੀਆਂ ਦੁਕਾਨਾਂ, ਚਾਹ ਦੇ ਸਟਾਲਾਂ ਅਤੇ ਪ੍ਰਚੂਨ ਕਰਿਆਨੇ ਦੀਆਂ ਦੁਕਾਨਾਂ 'ਤੇ ਲਾਗੂ ਹੋਵੇਗੀ> ਗ੍ਰਹਿ ਵਿਭਾਗ ਦੁਆਰਾ ਜਾਰੀ ਕੀਤੇ ਇੱਕ ਬਿਆਨ ਅਨੁਸਾਰ ਇਹ ਪਾਬੰਦੀ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀਆਂ ਧਾਰਾਵਾਂ 163(2) ਅਤੇ 163(3) ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਲਗਾਈ ਗਈ ਹੈ। ਵਿਭਾਗ ਨੇ ਸਪੱਸ਼ਟ ਕੀਤਾ ਕਿ ਰੋਲਿੰਗ ਪੇਪਰ ਤੇ ਸਮੋਕਿੰਗ ਕੋਨਸ ਵਿੱਚ ਕਈ ਹਾਨੀਕਾਰਕ ਪਦਾਰਥ ਸ਼ਾਮਲ ਹੁੰਦੇ ਹਨ, ਜਿਵੇਂ ਕਿ ਟਾਈਟੇਨੀਅਮ ਡਾਈਆਕਸਾਈਡ, ਪੋਟਾਸ਼ੀਅਮ ਨਾਈਟ?ਰੇਟ, ਨਕਲੀ ਰੰਗ, ਕੈਲਸ਼ੀਅਮ ਕਾਰਬੋਨੇਟ ਅਤੇ ਕਲੋਰੀਨ ਬਲੀਚ, ਜੋ ਮਨੁੱਖੀ ਸਿਹਤ ਲਈ ਨੁਕਸਾਨਦੇਹ ਹਨ. ਇਸ ਪਾਬੰਦੀ ਦਾ ਮੁੱਖ ਮਕਸਦ ਸੂਬੇ ਵਿੱਚ ਇਹਨਾਂ ਚੀਜ਼ਾਂ ਦੀ ਉਪਲਬਧਤਾ ਨੂੰ ਰੋਕਣਾ ਹੈ। ਹੁਕਮ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਿਹੜਾ ਵੀ ਵਿਅਕਤੀ ਇਸ ਪਾਬੰਦੀ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ, ਉਸ 'ਤੇ ਭਾਰਤੀ ਦੰਡਾਵਲੀ, 2023 ਦੀ ਧਾਰਾ 223 ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

## ਇਹ ਨੌਜਵਾਨ ਮੇਰਾ ਪਤੀ ! ਇਥੇ ਕੁੜੀਆਂ ਮਰਜ਼ੀ ਨਾਲ ਕਰਵਾਉਂਦੀਆਂ ਵਿਆਹ, ਮੁੰਡਾ ਨਹੀਂ ਕਰ ਸਕਦਾ ਨਾ-ਨੁੱਕਰ

**ਏਜੰਸੀਆਂ**

ਨੈਸ਼ਨਲ ਡੈਸਕ 19 ਦਸੰਬਰ। ਰਾਂਚੀ ਦੇ ਕਾਰੋਬਾਰੀ ਬੁੱਧ ਸਿੰਘ ਪੂਰਤੀ ਨੇ ਝਾਰਖੰਡ ਦੇ ਆਦਿਵਾਸੀ ਸਮਾਜ ਦੀ ਇੱਕ ਵਿਲੱਖਣ ਅਤੇ ਸਦੀਆਂ ਪੁਰਾਣੀ ਪਰੰਪਰਾ ਦਾ ਖੁਲਾਸਾ ਕੀਤਾ ਹੈ, ਜੋ ਔਰਤਾਂ ਨੂੰ ਅਸਾਧਾਰਨ ਅਧਿਕਾਰ ਅਤੇ ਸਤਿਕਾਰ ਪ੍ਰਦਾਨ ਕਰਦੀ ਹੈ। ਇਹ ਪਰੰਪਰਾ ਔਰਤਾਂ ਨੂੰ ਆਪਣਾ ਪਤੀ ਚੁਣਨ ਦੀ ਪੂਰੀ ਆਜ਼ਾਦੀ ਦਿੰਦੀ ਹੈ ਅਤੇ ਮਰਦਾਂ ਨੂੰ ਉਨ੍ਹਾਂ ਨੂੰ ਇਨਕਾਰ ਕਰਨ ਦਾ ਕੋਈ ਅਧਿਕਾਰ ਨਹੀਂ ਹੁੰਦਾ। ਸ਼੍ਰੀ ਬੁੱਧ ਸਿੰਘ ਪੂਰਤੀ ਦੇ ਅਨੁਸਾਰ ਉਨ੍ਹਾਂ ਦੇ ਸਮਾਜ ਵਿੱਚ ਔਰਤਾਂ ਨੂੰ ਦੇਵੀ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀਆਂ ਅੰਦਰੂਨੀ ਇੱਛਾਵਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਬੁੱਧ ਸਿੰਘ ਦੱਸਦੇ ਹਨ ਕਿ ਇਹ ਪਰੰਪਰਾ ਇਹ ਔਰਤਾਂ ਨੂੰ ਆਪਣੀ ਪੰਸਦ ਦਾ ਜੀਵਨ ਸਾਥੀ ਚੁਣਨ ਦੀ ਪੂਰੀ ਸ਼ਕਤੀ ਦਿੰਦੀ ਹੈ। ਜੇਕਰ ਕੋਈ ਔਰਤ ਕਿਸੇ ਦੇ ਘਰ ਵਿੱਚ ਦਾਖਲ ਹੋ ਕੇ ਐਲਾਨ ਕਰਦੀ ਹੈ ਕਿ ਇਹ ਆਦਮੀ ਮੇਰਾ ਪਤੀ ਹੈ ਭਾਵੇਂ ਉਹ ਆਦਮੀ ਉਸ ਔਰਤ ਨੂੰ ਨਹੀਂ ਜਾਣਦਾ ਤਾਂ ਵੀ ਉਸ ਵਿਅਕਤੀ ਨੂੰ ਉਸ ਨਾਲ ਵਿਆਹ ਕਰਨਾ ਪਵੇਗਾ। ਔਰਤ ਦੇ ਇਸ ਫੈਸਲੇ ਨੂੰ ਮਰਦ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ਪੂਰਾ ਸਮਾਜ ਇਸ ਔਰਤ ਦੇ ਨਾਲ ਖੜ੍ਹਾ ਹੈ ਅਤੇ ਪੰਚਾਇਤ ਹਮੇਸ਼ਾ ਔਰਤ ਦੇ ਹੱਕ ਵਿੱਚ ਫੈਸਲਾ ਦਿੰਦੀ ਹੈ। ਜੇਕਰ ਕਿਸੇ ਕਾਰਨ ਕਰਕੇ ਮਰਦ ਕਿਸੇ ਔਰਤ ਨਾਲ ਵਿਆਹ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਔਰਤ ਨੂੰ ਇੱਕ ਮਹੱਤਵਪੂਰਨ ਅਧਿਕਾਰ ਪ੍ਰਾਪਤ ਹੁੰਦਾ ਹੈ। ਉਦਾਹਰਣ ਵਜੋਂ ਜੇਕਰ ਮਰਦ ਵਿਆਹ ਲਈ ਇਨਕਾਰ ਕਰਦਾ ਹੈ, ਤਾਂ ਔਰਤ ਨੂੰ ਮਰਦ ਦੀ ਜਾਇਦਾਦ ਦਾ ਪੂਰਾ 50% ਹਿੱਸਾ ਦਿੱਤਾ ਜਾਵੇਗਾ। ਔਰਤ ਪੂਰੇ ਸਤਿਕਾਰ ਨਾਲ ਇੱਕੋ ਘਰ ਵਿੱਚ ਰਹੇਗੀ। ਇਹ ਪਰੰਪਰਾ ਸਦੀਆਂ ਤੋਂ ਚੱਲੀ ਆ ਰਹੀ ਹੈ, ਜਿੱਥੇ ਔਰਤ ਜਾਇਦਾਦ ਦਾ 50% ਹਿੱਸਾ ਪਾਉਂਦੀ ਹੈ। ਇਸ ਦੇ ਬਾਵਜੂਦ ਜੇਕਰ ਮਰਦ ਫਿਰ ਵੀ ਵਿਆਹ ਕਰਨ ਜਾਂ ਇਕੱਠੇ ਰਹਿਣ ਤੋਂ ਇਨਕਾਰ ਕਰਦਾ ਹੈ ਤਾਂ ਔਰਤ ਨੂੰ ਘਰੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਔਰਤ ਨੂੰ ਉਸੇ ਘਰ ਵਿੱਚ ਇੱਕ ਵੱਖਰਾ ਕਮਰਾ ਦਿੱਤਾ ਜਾਂਦਾ ਹੈ, ਜਿੱਥੇ ਉਹ ਆਰਾਮ ਨਾਲ ਰਹਿ ਸਕਦੀ ਹੈ। ਮਰਦ ਵੀ ਇੱਕ ਵੱਖਰੇ ਕਮਰੇ ਵਿੱਚ ਰਹਿੰਦਾ ਹੈ ਪਰ ਕੋਈ ਵੀ ਔਰਤ ਨੂੰ ਘਰੋਂ ਨਹੀਂ ਕੱਢ ਸਕਦਾ। ਇਸ ਤਰ੍ਹਾਂ ਕਬਾਇਲੀ ਸਮਾਜ ਵਿੱਚ ਔਰਤਾਂ ਨੂੰ ਆਪਣੇ ਪਤੀਆਂ ਦੀ ਚੋਣ ਕਰਨ ਵਿੱਚ ਬਹੁਤ ਆਜ਼ਾਦੀ ਅਤੇ ਸਤਿਕਾਰ ਦਿੱਤਾ ਗਿਆ ਹੈ, ਕਿਉਂਕਿ ਉਨ੍ਹਾਂ ਨੂੰ ਪਰਮਾਤਮਾ ਦੇ ਹੁਕਮ ਜਾਂ ਦਿਲ ਦੀ ਇੱਛਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

## ਹੁਸ਼ਿਆਰਪੁਰ ਜ਼ਿਲ੍ਹੇ 'ਚ ਸਾਲ ਦੀ ਚੌਥੀ ਕੌਮੀ ਲੋਕ ਅਦਾਲਤ 'ਚ 23,639 ਕੇਸਾਂ ਦਾ ਮੌਕੇ 'ਤੇ ਨਿਪਟਾਰਾ

**ਕੌਮੀ ਪਤ੍ਰਿਕਾ**

ਹੁਸ਼ਿਆਰਪੁਰ 19 ਦਸੰਬਰ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਸਟੇਟ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ. ਏ. ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਜ਼ਿਲ੍ਹੇ ਵਿਚ ਸਾਲ ਦੀ ਚੌਥੀ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਸੀ. ਜੇ. ਐੱਮ-ਕਮ-ਸਕੱਤਰ ਨੀਰਜ ਗੋਇਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ, ਰਜਿੰਦਰ ਅਗਰਵਾਲ ਦੀ ਅਗਵਾਈ ਹੇਠਾਂ ਲਾਈ ਗਈ ਇਸ ਲੋਕ ਅਦਾਲਤ ਵਿਚ ਹੁਸ਼ਿਆਰਪੁਰ ਵਿਖੇ ਕੁੱਲ੍ਹ 19 ਬੈਂਚ ਬਣਾਏ ਗਏ, ਜਿਨ੍ਹਾਂ ਵਿਚੋਂ ਹੁਸ਼ਿਆਰਪੁਰ ਜੁਡੀਸ਼ੀਅਲ ਕੋਰਟਾਂ ਦੇ 8 ਬੈਂਚ, ਸਬ ਡਿਵੀਜ਼ਨ ਦਸੂਹਾ ਵਿਖੇ 2 ਬੈਂਚ, ਮੁਕੇਰੀਆਂ ਵਿਖੇ 2, ਗੜ੍ਹਸ਼ੰਕਰ ਵਿਖੇ 2 ਬੈਂਚ ਅਤੇ ਰੈਵੀਨਿਊ ਕੋਰਟਾਂ ਦੇ 5 ਬੈਂਚਾਂ ਦਾ ਗਠਨ ਕੀਤਾ ਗਿਆ। ਇਸ ਦੌਰਾਨ 26,706 ਕੇਸਾਂ ਦੀ ਸੁਣਵਾਈ ਹੋਈ, ਜਿਨ੍ਹਾਂ ਵਿਚੋਂ 23,639 ਕੇਸਾਂ ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਹੈ ਅਤੇ ਧਿਰਾਂ ਦੇ ਕੁੱਲ੍ਹ 160,27,18,22 ਰੁਪਏ ਦੇ ਐਵਾਰਡ ਪਾਸ ਕੀਤੇ ਗਏ। ਇਸ ਲੋਕ ਅਦਾਲਤ ਵਿਚ ਐੱਨ. ਆਈ. ਐਕਟ ਕੇਸਾਂ ਅਧੀਨ ਧਾਰਾ 138, ਲੰਬਿਤ ਅਤੇ ਪ੍ਰੀ- ਮੁਕੱਦਮੇਬਾਜ਼ੀ ਬੈਂਕ ਰਿਕਵਰੀ ਕੇਸ ਅਤੇ ਲੇਬਰ ਡਿਸਪਿਊਟ ਕੇਸ, ਮੋਟਰ ਐਕਸੀਡੈਂਟ ਕਲੇਮ ਕੇਸ, ਬਿਜਲੀ ਅਤੇ ਪਾਣੀ ਦੇ ਬਿੱਲ



(ਗੈਰ-ਕੰਪਾਊਂਡੇਬਲ ਨੂੰ ਛੱਡ ਕੇ), ਵਿਆਹ ਸਬੰਧੀ ਵਿਵਾਦ, ਟ?ਰੈਫਿਕ ਚਲਾਨ, ਰੈਵੀਨਿਊ ਕੇਸ ਅਤੇ ਹੋਰ ਸਿਵਲ ਘੱਟ ਗੰਭੀਰ ਅਪਰਾਧਿਕ ਮਾਮਲੇ ਅਤੇ ਘਰੇਲੂ ਝਗੜੇ ਆਦਿ ਦੇ ਕੇਸ ਰੱਖੇ ਗਏ। ਇਸ ਲੋਕ ਅਦਾਲਤ ਦੇ ਮੌਕੇ 'ਤੇ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਦੇ ਕਰਮਚਾਰੀਆਂ ਅਤੇ ਪੈਰਾ ਲੀਗਲ ਵਾਲੰਟੀਅਰਾਂ ਵੱਲੋਂ ਟ?ਰੈਫਿਕ ਚਲਾਨ ਭੁਗਤਣ ਆਏ ਹੋਏ ਵਿਅਕਤੀਆਂ ਲਈ ਸਪੈਸ਼ਲ ਹੈਲਪ ਡੈਸਕ ਲਗਾਏ ਗਏ, ਤਾਂ ਜੋ ਅਦਾਲਤਾਂ ਵਿਚ ਲੱਗੇ ਹੋਏ ਟ?ਰੈਫਿਕ ਚਲਾਨ ਆਸਾਨੀ ਨਾਲ ਭੁਗਤਾਏ ਜਾ ਸਕਣ। ਜ਼ਿਲਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਰਜਿੰਦਰ ਅੱਗਰਵਾਲ ਨੇ ਇਸ ਦੌਰਾਨ ਲੋਕ ਅਦਾਲਤ ਬੈਂਚਾਂ ਦਾ ਦੌਰਾ ਕੀਤਾ। ਇਸ ਲੋਕ ਅਦਾਲਤ ਨੂੰ ਵਧੀਆ ਤਰੀਕੇ ਨਾਲ ਨੇਪਰੇ ਚੜ੍ਹਾਉਣ ਲਈ ਬਾਰ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਆਪਣਾ ਪੂਰਾ ਸਹਿਯੋਗ ਦਿੱਤਾ ਗਿਆ। ਲੋਕ ਅਦਾਲਤ ਵਿਚ ਕਾਫੀ ਲੰਬੇ ਸਮੇਂ ਤੋਂ ਲੰਬਿਤ ਅਤੇ ਕਈ ਗੁੰਝਲਦਾਰ ਕੇਸ ਵੀ ਨਿਪਟਾਏ ਗਏ। ਇਨ੍ਹਾਂ ਵਿਚ ਇਕ ਸਿਵਲ ਅਪੀਲ ਮਹਿੰਦਰ ਕੌਰ ਅਤੇ ਇਕ ਹੋਰ ਬਨਾਮ ਕੁਲਵਿੰਦਰ ਸਿੰਘ ਅਤੇ ਹੋਰ ਮਾਣਯੋਗ ਜ਼ਿਲਾ ਅਤੇ ਸੈਸ਼ਨ ਜੱਜ, ਹੁਸ਼ਿਆਰਪੁਰ ਦੀ ਅਦਾਲਤ ਵਿਚ ਵਿਚਾਰ ਅਧੀਨ ਸੀ। ਅੱਜ ਦੀ ਰਾਸ਼ਟਰੀ ਲੋਕ ਅਦਾਲਤ ਵਿਚ ਲੋਕ ਅਦਾਲਤ ਬੈਂਚ ਨੰਬਰ 03 ਵਿਚ ਰਾਜ ਪਾਲ ਰਾਵਲ, ਵਧੀਕ ਜ਼ਿਲਾ ਅਤੇ ਸੈਸ਼ਨ ਜੱਜ, ਹੁਸ਼ਿਆਰਪੁਰ ਵੱਲੋਂ ਮਾਮਲੇ ਦਾ ਅੰਤਿਮ ਨਿਪਟਾਰਾ ਕਰ ਦਿੱਤਾ ਗਿਆ। ਸੀ. ਜੇ. ਐੱਮ-ਕਮ-ਸਕੱਤਰ ਨੀਰਜ ਗੋਇਲ ਨੇ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਲੋਕ ਅਦਾਲਤਾਂ ਵਿਚ ਕੇਸ ਲਗਾ ਕੇ ਵੱਧ ਤੋਂ ਵੱਧ ਲਾਭ ਲੈਣ, ਕਿਉਂਕਿ ਇਸ ਨਾਲ ਸਮੇਂ ਅਤੇ ਧਨ ਦੀ ਬੱਚਤ ਹੁੰਦੀ ਹੈ। ਉਨ੍ਹਾਂ ਕਿਹਾ ਕਿ ਲੋਕ ਅਦਾਲਤ ਵਿਚ ਹੋਏ ਫੈਸਲੇ ਅੰਤਿਮ ਹੁੰਦੇ ਹਨ। ਲੋਕ ਅਦਾਲਤ ਵਿਚ ਹੋਏ ਫੈਸਲੇ ਖਿਲਾਫ ਕੋਈ ਵੀ ਅਪੀਲ ਨਹੀਂ ਹੁੰਦੀ ਅਤੇ ਇਸ ਨਾਲ ਦੋਵਾਂ ਧਿਰਾਂ ਵਿਚਕਾਰ ਪਿਆਰ ਵਧਦਾ ਹੈ।